# ਚਿਰਾਗ

ਜੁਲਾਈ-ਸਤੰਬਰ 2009

**July-September 2009**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



20 ਰੁਪਏ

69

ਜੁਲਾਈ - ਸਤੰਬਰ 2009

# ਚਿਰਾਗ਼ ਤਿਮਾਹੀ

ਜੁਲਾਈ - ਸਤੰਬਰ 2009

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਸੁਲੱਖਣ ਸਰਹੱਦੀ, ਲਾਲ ਸਿੰਘ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ

| | |
|---|---|
| ✦ ਇਸ ਵਾਰ ਦਾ ਵਿਸ਼ੇਸ਼ ਕਵੀ | ਅਮਰੀਕ ਸਿੰਘ ਪੂੰਨੀ ਦੀਆਂ ਤਾਜ਼ਾ ਗ਼ਜ਼ਲਾਂ |
| ✦ ਵਾਹਗਿਓਂ ਪਾਰ | ਅਹਿਮਦ ਸਲੀਮ ਦੀਆਂ ਚਾਰ ਨਜ਼ਮਾਂ |
| ✦ ਗ਼ਜ਼ਲਾਂ | ਗੁਰਦੀਪ ਡੇਅਰਾਦੂਨ ਦੀਆਂ ਤਿੰਨ ਗ਼ਜ਼ਲਾਂ, ਮਹਿੰਦਰ ਪਾਲ (ਦੋ ਗ਼ਜ਼ਲਾਂ), ਸਤਿਪਾਲ ਖੁੱਲਰ, ਮਹਿੰਦਰ ਸਾਥੀ, ਅਨੂ ਬਾਲਾ (ਦੋ ਗ਼ਜ਼ਲਾਂ) |
| ✦ ਨਜ਼ਮ | ਫ਼ਰਕ (ਮੰਗਤ ਰਾਮ ਪਾਸਲਾ) |
| ✦ ਵਿਸ਼ਵ ਕਵਿਤਾ | ਯੂਨਾਨੀ ਕਵੀ ਯੂਨੀਸ ਰਿਤਸੋਸ ਦੀ ਲੰਮੀ ਕਵਿਤਾ |
| ✦ ਪੰਜਾਬੀ ਕਹਾਣੀ | ਭਾਗਾਂ ਵਾਲੇ (ਜਸਪਾਲ ਮਾਨਖੇੜਾ), ਹੜ੍ਹ ਦੀ ਗਰਜ (ਜ਼ੋਰਾ ਸਿੰਘ ਸੰਧੂ) |
| ✦ ਵਿਚਾਰ ਚਰਚਾ | ਗੁਰੂ ਨਾਨਕ ਦਾ ਕਾਵਿ-ਬੋਧ (ਡਾ. ਅਮਰਜੀਤ ਗੋਰਕੀ ਦਾ ਲੇਖ) |
| | ਪੂੰਜੀਵਾਦੀ ਪ੍ਰਬੰਧ ਦੀ ਅਸਥਿਰਤਾ (ਜੌਹਨ ਬਿਲੈਮੀ ਫੋਸਟਰ) |
| ✦ ਨਾਵਲ ਦਾ ਅੰਸ਼ | ਸ੍ਰੀ ਇੰਦਰ ਸਿੰਘ ਖਾਮੋਸ਼ ਦਾ, ਰੂਸੀ ਕਵੀ ਪੁਸ਼ਕਨ ਬਾਰੇ ਨਵੇਂ ਨਾਵਲ ਦਾ ਕਾਂਡ |
| ✦ ਮੁਲਾਂਕਣ | ਨੈਣਾਂ ਦੇ ਮੋਤੀ (ਸੁਲੱਖਣ ਸਰਹੱਦੀ) |
| ✦ ਪੁਸਤਕ ਪੜਚੋਲ | ਮਹਾਂ-ਕੰਬਣੀ (ਨਿਰੰਜਣ ਬੋਹਾ), ਯਾਦਾਂ ਸੰਤ ਸੰਤਾਲੀ (ਡਾ. ਤੇਜਿੰਦਰ ਵਿਰਲੀ) |
| ✦ ਪੁਸਤਕ ਪ੍ਰਾਪਤੀ | ✦✦✦ |

Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਜੁਲਾਈ 2009



## ਚਾਰ ਗ਼ਜ਼ਲਾਂ

- ਅਮਰੀਕ ਸਿੰਘ ਪੂੰਨੀ

1.

ਨਾਜ਼ਕ ਪੈਰਾਂ ਨੇ ਲੱਭੇ ਨੇ ਲਹਿਰਾਂ ਦੇ ਸਿਰਨਾਵੇਂ,
ਭੱਠੀ ਵਾਂਗੂ ਤਪੀਆਂ ਸਿਖ਼ਰ-ਦੁਪਹਿਰਾਂ ਦੇ ਸਿਰਨਾਵੇਂ।

ਸਿਦਕਾਂ ਤੇ ਸੱਚਾਈਆਂ ਖ਼ਾਤਰ ਹੱਸ ਜਿਨ੍ਹਾਂ ਨੇ ਪੀਤੇ,
ਮੀਰਾ ਤੇ ਸੁਕਰਾਤ ਦੇਣਗੇ ਜ਼ਹਿਰਾਂ ਦੇ ਸਿਰਨਾਵੇਂ।

ਪੁਲਾਂ, ਬੇੜੀਆਂ, ਤੁਲਿਆਂ ਤਾਂ ਬਸ ਪਾਰ-ਲੰਘਾਈ ਕਰਨੀ,
ਡੁੱਬ ਕੇ ਲੰਘਿਆਂ ਹੀ ਲੱਭਦੇ ਨੇ ਲਹਿਰਾਂ ਦੇ ਸਿਰਨਾਵੇਂ।

ਤੇਸੇ ਮੌਢੇ ਧਰ ਵੇਲੇ ਦੇ ਪਰਬਤ ਹਾਂ ਗਾਹ ਲੱਥੇ,
ਰਹੇ ਨਦਾਰਦ ਫਿਰ ਵੀ ਸ਼ੀਰੀਂ ਨਹਿਰਾਂ ਦੇ ਸਿਰਨਾਵੇਂ।

ਇਹਨਾਂ ਵਿਚਲੇ ਤਾਂਡਵ ਦਾ ਤੂੰ ਤਾਲ ਸੁਣੇਂਗਾ ਕਿੱਦਾਂ,
ਦਿਸ-ਹੱਦੋਂ ਤੋਂ ਦੂਰ ਪਰੇ ਨੇ ਗਹਿਰਾਂ ਦੇ ਸਿਰਨਾਵੇਂ।

ਸ਼ਕਤੀ, ਸ਼ਰਧਾ, ਸੋਝੀ, ਸੱਭੇ ਪੁੱਠੇ ਰਾਹੀਂ ਪਈਆਂ,
ਬੀਹੜ ਜੰਗਲ ਬਣ ਮੁੱਕੇ ਨੇ ਸ਼ਹਿਰਾਂ ਦੇ ਸਿਰਨਾਵੇਂ।

ਬਚਪਨ ਅਤੇ ਜਵਾਨੀ ਦੇ ਸੰਗ ਆੜੀ ਪਾ ਜਿਉਂ ਵਿਛੜੇ,
ਮੁੜਕੇ ਹੱਥ ਨਾ ਆਏ ਘੜੀਆਂ ਪਹਿਰਾਂ ਦੇ ਸਿਰਨਾਵੇਂ।

ਮਤ ਅਵਾਰਾ ਹੋ ਜਾਵਣ ਇਹ ਖੁਲ੍ਹ-ਖਰਚ ਕਵਿਤਾਵਾਂ,
ਆ 'ਅਮਰੀਕ' ਇਨ੍ਹਾਂ ਨੂੰ ਦੱਸੀਏ ਬਹਿਰਾਂ ਦੇ ਸਿਰਨਾਵੇਂ।

2.

ਚੇਤੇ ਦੇ ਆਂਗਣ ਵਿਚ ਅਹਿਸਾਨ ਬਥੇਰੇ ਨੇ,
ਰਾਤਾਂ ਨੂੰ ਜਾਗਣ ਦੇ ਸਾਮਾਨ ਬਥੇਰੇ ਨੇ।

ਸੱਧਰੋ ਤੇ ਆਸ਼ਾਓ, ਬਹੁਤਾ ਨਾ ਭਰਮਾਓ,
ਅੱਗੇ ਹੀ ਤੁਸਾਂ ਕੀਤੇ ਅਹਿਸਾਨ ਬਥੇਰੇ ਨੇ।

ਝੇੜੇ ਅਸਥਾਨਾਂ ਦੇ ਖੌਂ ਬਣ ਗਏ ਜਾਨਾਂ ਦੇ,
ਐਥੇ ਅੰਗਪਾਲਾਂ ਤੋਂ ਭਗਵਾਨ ਬਥੇਰੇ ਨੇ।

ਹਾਲੇ ਵੀ ਨਹੀਂ ਵੱਸ ਦਾ, ਨਾਸੂਰ ਤੁਅੱਸਬ ਦਾ,
ਜਗ੍ਹਾ ਅਨੇਕਾਂ ਨੇ, ਲੁਕਮਾਨ ਬਥੇਰੇ ਨੇ।

ਲਿੱਸਿਆਂ ਦੇ ਘਾਣ ਲਈ ਤੇ ਅੱਤ ਮਚਾਣ ਲਈ,
ਦੁਸ਼ਮਣ ਕੀ ਕਰਨੇ ਨੇ, ਈਮਾਨ ਬਥੇਰੇ ਨੇ।

ਕੋਈ ਉਜਾਂ ਉਣਦਾ ਹੈ, ਕੋਈ ਪੁਰਖੇ ਪੁਣਦਾ ਹੈ,
ਸਿਰਜੇ ਨੇਤਾਵਾਂ ਨੇ, ਅਨਵਾਨ ਬਥੇਰੇ ਨੇ।

ਸ਼ਾਸਨ ਵੀ ਹੱਟੀ ਹੈ, ਗੱਲ ਦੀ ਖੱਟੀ ਹੈ,
ਤਕਮੀਲ ਨਦਾਰਦ ਹੈ ਵਿਖਿਆਨ ਬਥੇਰੇ ਨੇ।

ਹਰ ਤਰਫ ਹਨੇਰਾ ਹੈ ਕਾਲਖ ਦਾ ਡੇਰਾ ਹੈ,
ਉਂ ਬੱਤੀਆਂ ਬਾਲਣ ਦੇ ਐਲਾਨ ਬਥੇਰੇ ਨੇ।

ਕੋਈ ਰਿਸ਼ਤਾ ਕੱਢ ਜ਼ਰਾ, ਕੁਝ ਹੱਥੋਂ ਛੱਡ ਜ਼ਰਾ,
ਕਲਮਾਂ ਦੀ ਨਗਰੀ ਹੈ ਸਨਮਾਨ ਬਥੇਰੇ ਨੇ।

ਅੰਦਰ ਜੋ ਵਸਦਾ ਹੈ, ਕੁਝ ਅੰਕੁਸ਼ ਰੱਖਦਾ ਹੈ,
ਉਂਜ ਤਾਂ ਇੱਛਾਵਾਂ ਦੇ ਫ਼ੁਰਮਾਨ ਬਥੇਰੇ ਨੇ।



ਕੀਤੀ ਲੱਖ ਅਰਜੋਈ, ਮਿਲਿਆ ਹੀ ਨਹੀਂ ਕੋਈ,
'ਅਮਰੀਕ' ਅਸਾਂ ਮੰਗੇ ਵਰਦਾਨ ਬਥੇਰੇ ਨੇ।

3.

ਸੋਚਾਂ ਨੂੰ ਛਾਣ ਰਿਹਾ ਯਾਦਾਂ ਨੂੰ ਛੰਡ ਰਿਹਾਂ,
ਪੀੜਾਂ ਦੀ ਪੂੰਜੀ ਨੂੰ ਸਾਹਾਂ ਵਿਚ ਵੰਡ ਰਿਹਾਂ।

ਅਣਗਿਣਤ ਖਰੇਪੜ ਨੇ ਰੀਝਾਂ ਦੀ ਪੈਲੀ ਵਿਚ,
ਹਲ ਫੇਰ ਦਲੀਲਾਂ ਦੇ ਅਹਿਸਾਸ ਕਰੰਡ ਰਿਹਾਂ।

ਇਹ ਝੱਖੜ ਝਾਂਜੇ ਤਾਂ ਝੁੱਲੇ ਨੇ, ਝੁੱਲਣਗੇ,
ਢੇਰੀ ਨਾ ਢਾ ਬੈਠੇ ਹਿੰਮਤ ਨੂੰ ਚੰਡ ਰਿਹਾਂ।

ਕੁਝ ਕੂੜੇ ਨਾਵਾਂ ਤੇ ਕੋਝੇ ਕਿਰਦਾਰਾਂ ਦੀ,
ਨਿੱਤ ਅਰਸ਼ਾਂ ਤੱਕ ਪੈਂਦੀ, ਸੁਣਦਾ ਮੈਂ ਡੰਡ ਰਿਹਾਂ।

ਘੁੱਟ ਭਰਕੇ ਸੱਧਰਾਂ ਦਾ ਬੁੱਲ੍ਹਾਂ ਨੂੰ ਸੀ ਰੱਖਿਐ,
ਤੂੰ ਫਿਰ ਵੀ ਕਹਿੰਦਾ ਏਂ ਕਿ ਤੈਨੂੰ ਭੰਡ ਰਿਹਾਂ।

ਅੱਜ ਅੱਖ ਚੁਰਾਕੇ ਤੂੰ ਜਿਸ ਕੋਲੋਂ ਲੰਘ ਜਾਂਦੈ,
ਮੈਂ ਤੇਰੀ ਦੁਨੀਆਂ ਸਾਂ, ਤੇਰਾ ਬ੍ਰਹਿਮੰਡ ਰਿਹਾਂ।

ਤੂੰ ਹੀ ਦੱਸ ਫ਼ਿਕਰਾਂ ਤੋਂ ਮੈਂ ਕੰਡ ਕਰਾਂ ਕਿੱਦਾਂ,
ਇਹਨਾਂ ਸੰਗ ਅਜ਼ਲਾਂ ਤੋਂ ਮੈਂ ਘਿਉ ਤੇ ਖੰਡ ਰਿਹਾਂ।

ਪੰਡ ਸਿਰ ਤੇ ਫਰਜ਼ਾਂ ਦੀ ਪਰਚੰਡ ਇਕੱਲਾਪਣ,
ਦੁਨੀਆਂ ਵਿਚ ਵਿਚਰਨ ਦਾ ਭਰਦਾ ਇਹ ਦੰਡ ਰਿਹਾਂ।

ਜਿਸ ਅੱਖੀਂ ਡਿੱਠੀ ਹੈ ਟੁੱਟ-ਭੱਜ ਵਫ਼ਾਵਾਂ ਦੀ,
'ਅਮਰੀਕ' ਉਮਰ ਸਾਰੀ ਮਿਰਜ਼ੇ ਦੀ ਜੰਡ ਰਿਹਾਂ।

4.

ਸਵੇਰੇ ਢੂੰਡਦੇ ਰਹਿਣਾ ਵਫਾਵਾਂ ਪਾਲਦੇ ਰਹਿਣਾ,
ਹਨ੍ਹੇਰੇ ਰਸਤਿਆਂ ਉੱਤੇ ਮਸ਼ਾਲਾਂ ਬਾਲਦੇ ਰਹਿਣਾ।

ਅਜੇ ਮੁੱਕੇ ਨਹੀਂ ਮੂਲੋਂ ਸੱਚਾਈ ਸਿਦਕ ਤੇ ਸਾਹਸ,
ਮਨਾਂ 'ਚੋਂ ਲੱਭਦੇ ਰਹਿਣਾ, ਸਮੇਂ 'ਚੋਂ ਭਾਲਦੇ ਰਹਿਣਾ।

ਕੋਈ ਢਾਰਸ ਨਹੀਂ ਦਿੰਦਾ ਕਦੇ ਹਾਰੇ ਤੇ ਹੁੱਟੇ ਨੂੰ,
ਨਾ ਐਵੇਂ ਬੇ-ਬਸੀ ਵਿਚ ਦੀਦਿਆਂ ਨੂੰ ਗਾਲਦੇ ਰਹਿਣਾ।

ਏਥੇ ਨਿੱਤ ਨਵੇਂ ਸੂਰਜ ਅਨੋਖੇ ਚੰਨ ਚੜ੍ਹਦੇ ਨੇ,
ਚੁਫ਼ੇਰੇ ਵਰਤਦਾ ਭਾਣਾ ਜ਼ਰਾ ਪੜਤਾਲਦੇ ਰਹਿਣਾ।

ਕਹਾਉਂਦੀ ਹੈ ਜੋ ਅੱਜਕੱਲ, ਕਾਮਯਾਬੀ ਪੈਰ ਚੁੰਮੇਗੀ,
ਜ਼ਰਾ ਕਿਰਦਾਰ ਨੂੰ ਮੌਕੇ ਮੁਤਾਬਿਕ ਢਾਲਦੇ ਰਹਿਣਾ।

ਤੁਹਾਨੂੰ ਸਦਮਿਉਂ ਵੇਖੋ ਅਸਾਂ ਗਲ ਨਾਲ ਲਾਇਆ ਹੈ,
ਤੁਸਾਂ ਵੀ ਸਾਥ ਦੇਣਾ ਹੈ ਤੇ ਸਾਡੇ ਨਾਲ ਦੇ ਰਹਿਣਾ।

ਅਜੋਕੇ ਯੁੱਗ ਅੰਦਰ ਪੱਤ ਵੀ ਹੈ ਵਸਤ ਮੰਡੀ ਦੀ,
ਵਿਕੇ ਨਾ ਜਿਣਸ ਬਣਕੇ, ਏਸ ਨੂੰ ਸੰਭਾਲਦੇ ਰਹਿਣਾ।

ਕਟੀਲਾ ਜ਼ਹਿਰ ਹੈ ਜੇਕਰ ਤਾਂ ਅੰਮ੍ਰਿਤ ਵੀ ਇਸੇ ਵਿਚ ਹੈ,
ਅਸਾਂ ਨੂੰ ਲਾਜ਼ਮੀ ਹੈ ਵਕਤ ਨੂੰ ਹੰਘਾਲਦੇ ਰਹਿਣਾ।

ਛਲਾਵੇ ਜਿੰਦ ਨੂੰ ਭਰਮਾਉਣਗੇ 'ਅਮਰੀਕ' ਥਾਂ ਪਰ ਥਾਂ,
ਕਿਸੇ ਨੂੰ ਵਰਜਦੇ ਰਹਿਣਾ, ਕਿਸੇ ਨੂੰ ਟਾਲਦੇ ਰਹਿਣਾ।

ਮਕਾਨ ਨੰ. 54, ਸੈਕਟਰ 27-ਏ, ਚੰਡੀਗੜ੍ਹ





## ਗੁਰਦੀਪ ਡੇਅਰਾਦੂਨ

1.

ਪੁੱਛਦੀ ਹੈ ਰੰਗ ਦਾ ਮਤਲਬ ਖਿਜ਼ਾਂ
ਦੱਸ ਉਸ ਕਿਸਮਤ ਸੜੀ ਨੂੰ ਕੀ ਕਹਾਂ।

ਲੁੱਟ ਕੇ ਖੁੱਲਾਂ ਵੀਰਾਨੇ ਲੈ ਗਏ,
ਤੰਗ ਕਰ ਦਿੱਤੀ ਹੈ ਧਰਤੀ ਮਕਤਲਾਂ।

ਆਪਣੇ ਕੰਮੀ ਗਵਾਚੇ ਜ਼ਹਿਰ ਵਿਚ,
ਢੂੰਡਦਾ ਫਿਰਦਾ ਹੈ ਦਿਲ ਰੰਗੀਨੀਆਂ।

ਰਾਤ ਭਰ ਰਹਿੰਦੀ ਹੈ ਬਸਤੀ ਨ੍ਹੇਰ ਵਿਚ,
ਥੋੜ੍ਹੀ ਥੋੜ੍ਹੀ ਵੰਡ ਦੇਈਏ ਕਹਿਕਸ਼ਾਂ।

ਤੋਰ ਪੈਰੀਂ ਜ਼ਾਬਤੇ ਨੇ ਸ਼ਹਿਰ ਦੇ,
ਵਕਤ ਇਥੋਂ ਲੰਘਦਾ ਹੈ ਕਿਸ ਤਰ੍ਹਾਂ।

ਬਾਗ਼ ਵਿਚ ਫੁੱਲਾਂ ਦੇ ਮੂੰਹ ਧੋਤੇ ਗਏ,
ਬੰਨ੍ਹ ਦਿੱਤਾ ਦਰਦ ਨੇ ਐਸਾ ਸਮਾਂ।

ਬੈਠ ਕੇ ਗੱਲਾਂ ਕਰਾਂਗੇ ਚੈਨ ਨਾਲ,
ਇਸ ਤਰਫ਼ ਮੁੜ ਲੈਣ ਦੇ ਰੁੱਖਾਂ ਦੀ ਛਾਂ।

2.

ਜੀਣਾ ਸੋਚ ਸੰਭਲ ਕੇ ਸਿਆਣਪ ਦੀ ਨਿਸ਼ਾਨੀ ਹੈ,
ਜਿਹੜੀ ਜੀਣ ਤੋਂ ਮਰਦੀ ਹੈ ਉਹ ਪਾਗਲ ਜਵਾਨੀ ਹੈ।

ਭਲਾਂ ਉਹ ਗੱਲ ਦਿਲ ਤੀਕਰ ਬਣਾਵੇ ਪਹੁੰਚ ਕਿਸ ਸੂਰਤ,
ਨਾ ਕੋਈ ਸਾਂਝ ਜਿਸ ਅੰਦਰ, ਨਾ ਕੋਈ ਰਾਜ਼ਦਾਨੀ ਹੈ।

ਕਿਸੇ ਅਪਣੱਤ ਦੇ ਬੂਟੇ ਤੇ ਕੋਈ ਰੌਣਕ ਨਹੀਂ ਦਿਸਦੀ,
ਤੇ ਨਾ ਹੀ ਕੂਕ ਵਿਚ ਪੰਛੀ ਦੇ ਦਿਲ ਦੀ ਤਰਜ਼ਮਾਨੀ ਹੈ।

ਉਹੀ ਉਸਤਾਦ ਹੈ, ਕੋਲ ਜਿਸਦੇ ਪੁਖ਼ਤਗੀ ਗ਼ਮ ਦੀ,
ਤੇ ਉਹ ਸ਼ਾਇਰ ਹੈ, ਜਿਸਦੇ ਦਰਦ ਅੰਦਰ ਖੁਸ਼-ਬਿਆਨੀ ਹੈ।

ਜੇ ਚਾਹੁੰਨਾ ਬਾਦਸ਼ਾਹਤ ਤੂੰ ਤਾਂ ਉੱਚਾ ਉੱਠ ਧਰਤੀ ਤੋਂ,
ਤਸੱਵਰ ਦੀ ਅਜੇ ਵੀ ਅਰਸ਼ ਉੱਤੇ ਹੁਕਮਰਾਨੀ ਹੈ।

ਉਸਦੇ ਪੈਰ ਨਾ ਪਾਬੰਦ ਢਲਵਾਨਾਂ ਦੇ ਸੱਦੇ ਦੇ,
ਬਹੁਤ ਹੀ ਬੇਦਰਦ ਉਸ ਦਰਿਆ ਦੀ ਰਵਾਨੀ ਹੈ।

3.

ਅੱਜ ਮਿੱਤਰ ਖ਼ਾਸ ਆਏ ਹੋਏ ਨੇ,
ਮੈਅ ਦੇ ਮੈਂ ਦੀਵੇ ਜਗਾਏ ਹੋਏ ਨੇ।

ਤਪਦਿਆਂ ਨੂੰ ਹੋਰ ਤਾਅ ਜਾਂਦੇ ਨੇ ਉਹ,
ਮੈਂ ਉਹ ਬੱਦਲ ਆਜ਼ਮਾਏ ਹੋਏ ਨੇ।

ਨਾਖ਼ੁਦਾ ਨੂੰ ਮੈਂ ਪੁਕਾਰਾਂਗਾ ਨਹੀਂ,
ਪਾਣੀ ਗਲ ਤੀਕਰ ਤੇ ਆਏ ਹੋਏ ਨੇ।

ਰੌਸ਼ਨੀ ਜਿਸਨੂੰ ਨਹੀਂ ਹੈ ਸਾੜਦੀ,
ਦੁਸ਼ਮਣਾਂ ਨ੍ਹੇਰੇ ਸਜਾਏ ਹੋਏ ਨੇ।

ਉਹ ਪੈਗੰਬਰ ਹੈ ਨਹੀਂ ਉਮੀਦ ਦਾ,
ਉਹ ਭੁਲੇਖੇ ਕੰਮ ਲਾਏ ਹੋਏ ਨੇ।

ਇਸ ਸ਼ਹਿਰ ਨੇ ਆਪਣੇ ਸਾਰੇ ਖ਼ਵਾਬ,
ਗ਼ੈਰ ਦੀ ਝੋਲੀ 'ਚ ਪਾਏ ਹੋਏ ਨੇ।

ਉਹ ਨਵੀਂ ਰਾਹ ਪੈਣ ਦੇ ਕਾਬਿਲ ਨਹੀਂ,
ਉਸ ਨੇ ਸਭ ਪੈਂਡੇ ਮੁਕਾਏ ਹੋਏ ਨੇ।

ਕਤਲਗਾਹ ਵਿਚ ਸੱਚ ਕੀ ਬੋਲਣਗੇ ਉਹ,
ਝੂਠ ਨੇ ਸਾਰੇ ਡਰਾਏ ਹੋਏ ਨੇ।

ਹੈ ਨਹੀਂ ਆਪਣਾ ਕੋਈ ਇਸ ਸ਼ਹਿਰ ਦਾ,
ਲੋਕ ਸਭ ਬਾਹਰ ਤੋਂ ਆਏ ਹੋਏ ਨੇ।

ਆਪਣੇ ਸਾਰੇ ਸਿਆਣਨ ਕਿਸ ਤਰ੍ਹਾਂ,
ਦੁਸ਼ਮਣਾਂ ਦੇ ਵਰਗਲਾਏ ਹੋਏ ਨੇ।

ਲੁੱਟ ਕੇ ਜਿਹੜਾ ਤਰੱਕੀ ਲੈ ਗਿਆ,
ਸਭ ਪਵਾੜੇ ਉਸਦੇ ਪਾਏ ਹੋਏ ਨੇ।





# ਅਹਿਮਦ ਸਲੀਮ ਦੀਆਂ ਨਜ਼ਮਾਂ

## 1. ਲੋਰੀ

(ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੀ ਨਜ਼ਰ)

ਸੁੰਝੀਆਂ ਰਾਹਾਂ ਉੱਤੇ ਤੁਰਦੇ ਤੁਰਦੇ
ਮੈਨੂੰ ਗੀਤਾਂ ਦੀ ਇੱਕ ਮਾਲਾ ਲੱਭੀ
ਮੁੜ ਸੁੰਝੀਆਂ ਰਾਹਾਂ
ਸੁੰਝੀਆਂ ਨਾ ਰਹੀਆਂ
ਮੁੜ ਅੱਖਾਂ ਦੇ ਮੋਤੀ
ਚਾਨਣ ਦੇ ਫੁੱਲ ਬਣ ਗਏ
ਮੁੜ ਇੱਕ ਨਾਰ ਦੀ ਸੂਹੀ ਚੁੰਨੀ
ਹੰਝੂਆਂ ਦੇ ਸਾਗਰ ਵਿਚ ਤਰਦੀ ਤਰਦੀ
ਜਦ ਕੰਢੇ ਤੇ ਆਈ
ਆਪਣੇ ਹੱਕ ਲਈ
ਉੱਠੀਆਂ ਬਾਹਾਂ ਸੰਗ ਲਹਿਰਾਈ।
ਗੀਤਾਂ ਦੀ ਇਹ ਸੁੰਦਰ ਮਾਲਾ
ਮੇਰੇ ਸਾਰੇ ਦੁੱਖੜੇ ਵੰਡੇ
ਵੇਖ ਨਾ ਸਕੇ
ਮੇਰੇ ਪੈਰੀਂ ਕੰਡੇ
ਜਿਉਂ ਮਾਂ ਦੀ ਲੋਰੀ
ਆਪਣੇ ਹੱਕ ਵਿਚ ਉੱਠੀਆਂ ਬਾਹਾਂ
ਹੋਰ ਵੀ ਉੱਚੀਆਂ ਹੋ ਗਈਆਂ ਨੇ। •

## 2. ਕੰਧ

ਮੁੜ ਧਰਤੀ ਰੋ ਰੋ ਆਖਦੀ
ਤੁਸੀਂ ਸੱਭੇ ਮੇਰੇ ਲਾਲ
ਕਿਉਂ ਲਹੂ ਦੀਆਂ ਸਾਂਝਾ ਤੋੜ ਕੇ
ਲਾਈਆਂ ਜੇ ਗ਼ੈਰਾਂ ਨਾਲ।

ਜਦ ਭਾਈਆਂ ਬਾਝ ਨਾ ਮਜਲਸਾਂ,
ਜਦ ਯਾਰਾਂ ਬਾਝ ਨਾ ਪਿਆਰ,
ਕੀ ਸੋਚ ਕੇ ਤੋੜੇ ਸਾਕ ਜੇ
ਕਿਉਂ ਖਿੱਚੀ ਨੇ ਤਲਵਾਰ।

ਮੂੰਹ ਮੋੜ ਖੜਾ ਮਹੀਵਾਲ ਵੇ
ਲਈ ਮਿਰਜ਼ੇ ਖਿੱਚ ਕਮਾਨ।
ਇਕ ਪਾਸੇ ਵਰਕੇ ਗ੍ਰੰਥ ਦੇ
ਇਕ ਪਾਸੇ ਪਾਕ ਕੁਰਾਨ।

ਅਜੇ ਸੋਹਣੀ ਤਰਸੇ ਪਿਆਰ ਨੂੰ
ਅਜੇ ਹੀਰਾਂ ਲੁਕ ਲੁਕ ਰੋਣ
ਕਿਉਂ ਐਨੀਆਂ ਭੀੜਾਂ ਪੈਣ ਵੇ
ਜੇ ਦੁੱਖ ਸੁੱਖ ਸਾਂਝੇ ਹੋਣ।

## 3. ਲੈਨਿਨ

ਰਾਹਾਂ ਦੇ ਸੌਦਾਗਰ ਲੱਦ ਚੱਲੇ
ਮੋਢਿਆਂ ਉੱਤੇ ਮੰਜ਼ਿਲਾਂ ਦੇ ਇਸ਼ਕ ਦਾ ਭਾਰ
ਪੈਰਾਂ ਦੀ ਗਰਦਿਸ਼ ਕਰਦੀ ਇਕਰਾਰ
ਕੰਬਦਾ ਮਹਿਲਾਂ ਮਾੜੀਆਂ ਦਾ ਝੂਠ
ਮੰਦੇ ਪੈਂਦੇ ਸਭੇ ਕੂੜ ਵਪਾਰ।

ਰਾਹਾਂ ਦੇ ਸੌਦਾਗਰ ਲੱਦ ਚੱਲੇ
ਪੈਰਾਂ ਵਿਚ ਸੰਗਲਾਂ ਦਾ ਗੀਤ
ਅੱਖਾਂ ਵਿਚ ਕਰੋੜਾਂ ਅੱਖਾਂ ਦੀ ਪ੍ਰੀਤ
ਹੋਠਾਂ ਉੱਤੇ
ਅਣਗਿਣਤ ਹੋਠਾਂ ਦਾ ਜ਼ਖ਼ਮੀਂ ਰਾਗ
ਸੂਹੇ ਦਿਨਾਂ ਦਾ ਵਿਰਾਗ
ਇੱਕ ਕੂਕ, ਇੱਕ ਪੁਕਾਰ
ਤੇ ਪੜਾਅ
ਸੂਲੀਆਂ, ਗੋਲੀਆਂ, ਉੱਖੜੇ ਸਾਹ

ਤੇ ਪੜਾਅ
ਔਖੀਆਂ ਰਾਹਾਂ ਦੀ ਦਰਗਾਹ।

ਇਥੇ ਕੁਰਬਾਨ ਕਰੋ
ਇਕਰਾਰਾਂ ਦੀ ਜੀਊਂਦੀ ਜਾਗਦੀ ਕਿਤਾਬ
ਇਥੇ ਕੁਰਬਾਨ ਕਰੋ
ਉਮਰਾਂ ਦੀ ਕਮਾਈ ਦਾ ਹਿਸਾਬ
ਤੇ ਵੰਡੋ
ਨਜ਼ਮ ਦੀ ਹਵਾ ਨਾਲ ਵਹਿੰਦੀ
ਸੁਗੰਧ ਬਾਗ਼ੀ ਜਵਾਨੀਆਂ ਦੀ
ਤੇ ਜੰਗ ਕੋਲੋਂ ਖੋਹ ਕੇ ਮੋੜ ਦਿਓ
ਮਾਵਾਂ ਦੀਆਂ ਛਾਤੀਆਂ ਨੂੰ
ਭਰਾਵਾਂ ਦੀਆਂ ਬਾਹਵਾਂ ਨੂੰ
ਉਹਨਾਂ ਦੀਆਂ ਦੋਸਤੀਆਂ
ਉਹਨਾਂ ਦਾ ਪਿਆਰ
ਮੰਜ਼ਿਲਾਂ ਦੇ ਇਸ਼ਕ ਦਾ ਭਾਰ
ਇੱਕ ਸਾਜ਼
ਤੇ ਆਵਾਜ਼
ਜਿਵੇਂ ਉਹਦੇ ਦੁਖਦੇ ਹੋਠ
ਦਰਦ ਦੀਆਂ ਮਿਸ਼ਾਲਾਂ ਦਾ ਗੀਤ ਛੂੰਹਦੇ
ਤੇ ਉਹਦੀਆਂ ਜਾਗਦੀਆਂ ਅੱਖਾਂ ਵਿਚ
ਧਰਤੀ ਮਾਂ ਦੇ ਮਿਹਰ ਦੀ ਅੱਗ ਭੜਕਦੀ
ਤੇ ਇਸ ਅੱਗ ਦਾ ਗੀਤ
ਅੱਜ ਸਾਰੇ ਜੱਗ ਦਾ ਗੀਤ
ਰਾਹੀਆ ਵੇ! ਜੀਊਂਦਾ ਰਹਿਸੀ ਤੇਰਾ
ਪਿਆਰ
ਤੂੰ ਪੂਰੇ ਕੀਤੇ ਸੱਭੇ ਕੌਲ-ਕਰਾਰ
ਮਾਹੀਆ ਵੇ।

## 4. ਇੱਕ ਅਧੂਰਾ ਗੀਤ

ਸਾਡੇ ਕੋਲੋਂ ਖੋਹ ਕੇ,
ਸਾਰੇ ਹੱਕ ਇਬਾਦਤ ਵਾਲੇ
ਚੰਨ ਜੀ, ਬੁੱਤ ਤੁਹਾਡਾ
ਕਾਹਨੂੰ ਓਹਲੇ ਹੋਇਆ।

ਸ਼ੀਸ਼ੇ ਵਿਚ ਤਰੇੜ ਪਵੇ ਤਾਂ
ਸ਼ੀਸ਼ਾ ਵੇਖਣ ਵਾਲਾ
ਆਪਣਾ ਚਿਹਰਾ ਟੁੱਟਿਆ ਹੋਇਆ ਵੇਖੇ
ਹੱਥ ਤੁਹਾਡੇ
ਮੇਰੇ ਟੁੱਟੇ ਚਿਹਰੇ ਦੀ ਤਕਦੀਰ ਏ ਚੰਨ ਜੀ
ਹੱਥ ਅਸਾਡੇ, ਕੰਡੇ, ਸੂਲਾਂ, ਛਾਲੇ।

ਥੱਕੇ ਹੋਵਣ ਪੈਰ ਤਾਂ ਡੋਲ ਵੀ ਜਾਂਦੇ
ਬੇਖ਼ਬਰੀ ਵਿਚ
ਆਪੇ, ਆਪਣੀਆਂ ਸੱਧਰਾਂ ਰੋਲ ਵੀ ਜਾਂਦੇ
ਅੱਜ ਉਹਨਾਂ ਨੂੰ
ਫਿਰ ਤੁਹਾਡੀ ਮਿਹਰ ਦੀ ਲੋੜ ਏ
ਫਿਰ ਹਨ੍ਹੇਰੇ ਦੀ ਛਾਤੀ
ਚਾਨਣ ਦੀ ਗੋਰੀ ਮਹਿਕ ਨੂੰ ਤਰਸੇ
ਹੁਣ ਇਹੋ ਦਿਲ ਮੰਗੇ
ਸ਼ਾਲਾ ਸੁਖੀ ਵੱਸਣ ਗੋਰੇ ਚਾਨਣ ਵਾਲੇ,
ਦੁੱਖਾਂ ਦੇ ਪੱਥਰਾਂ ਨਾਲ ਮੱਥਾ ਭੰਨਦੀ
ਅਜੇ ਤਾਂ ਖ਼ਲਕਤ
ਭੁੱਖ ਦੀ ਕਾਲਖ ਦੇ ਸਾਗਰ ਵਿਚ ਡੁੱਬਦੀ
ਅਜੇ ਤਾਂ ਖ਼ਲਕਤ
ਨੰਗੇ ਪਿੰਜਰ, ਠਰਦੇ ਪਿੰਡੇ
ਅਜੇ ਤਾਂ ਰੋਟੀ ਕੱਪੜੇ ਦੇ ਚਾਨਣ ਨੂੰ
ਸਹਿਕਣ
ਹੱਥ ਤੁਹਾਡੇ ਇਹਨਾਂ ਦੀ ਤਕਦੀਰ
ਚੰਨ ਜੀ
ਹੱਥ ਅਸਾਡੇ ਕੀ ਏ?
ਆਪਣੇ ਘਰ ਹਨ੍ਹੇਰਾ ਹੋਵੇ ਕੋਈ ਕਿਉਂ
ਰਾਹਵਾਂ ਦੇ ਵਿਚ ਦੀਵੇ ਬਾਲੇ। •

ਪੰਜਾਬੀ ਰੂਪ ਹ. ਸ. ਹ.





# ਭਾਗਾਂ ਵਾਲੇ

- ਜਸਪਾਲ ਮਾਨਖੇੜਾ

ਤਕੜਾ ਕੁਟਾਪਾ ਚਾੜ੍ਹਨ ਤੋਂ ਬਾਅਦ ਬੰਟੂ ਨੂੰ ਹਵਾਲਾਤ ਵਿਚ ਬੰਦ ਨਹੀਂ ਕੀਤਾ। ਵਰਾਂਡੇ 'ਚ ਇਕ ਨੁੱਕਰੇ ਬਿਠਾ ਦਿੱਤਾ। ਮੁਨਸ਼ੀ ਆਪਣੇ ਕਮਰੇ ਵਿਚ ਕੰਮ ਲੱਗੇ ਹੋਏ ਸਨ। ਸੰਤਰੀ ਗੇਟ 'ਤੇ ਬੰਦੂਕ ਫੜੀ ਖੜ੍ਹਾ ਸੀ। ਵਾਇਰਲੈਸ-ਰੂਮ 'ਚੋਂ ਅਲਫਾ, ਬੀਟਾ, ਸੀਗਾ, ਡੈਲਟਾ, ਡੈਲਟਾ ਥਿਰੀ, ਡੈਲਟਾ ਫੋਰ ਦੀਆਂ ਆਵਾਜ਼ਾਂ ਆ ਰਹੀਆਂ ਸਨ। ਐਸ. ਐਚ. ਓ. ਸੰਧੂ ਦੀ ਜਿਪਸੀ ਥਾਣੇ 'ਚੋਂ ਜਾ ਚੁੱਕੀ ਸੀ।

ਪਰ ਬੰਟੂ ਇਸ ਸਭ ਤੋਂ ਬੇਖ਼ਬਰ ਆਪਣੀਆਂ ਸੋਚਾਂ ਵਿਚ ਡੁੱਬਿਆ ਬੈਠਾ ਸੀ। ਉਸਦੇ ਕੰਨਾਂ ਵਿਚ ਟੀਂ-ਟੀਂ, ਸ਼ੂੰਅ-ਸ਼ੰਅ ਹੋ ਰਹੀ ਸੀ। ਪੈਰਾਂ ਦੀਆਂ ਪਾਤਲੀਆਂ ਵਿਚੋਂ ਸੇਕ ਸਿਰ ਨੂੰ ਚੜ੍ਹ ਰਿਹਾ ਸੀ। ਐਸ. ਐਚ. ਓ. ਦੇ ਬੋਲ ਉਸਦੇ ਕੰਨਾਂ ਵਿਚ ਗੂੰਜ ਰਹੇ ਸਨ। ਮਨ-ਮਸਤਕ ਵਿਚ ਘੁੰਮ ਰਹੇ ਸਨ। "...ਸਾਲਿਆ ਹੱਟਾ ਕੱਟਾ ਐਂ..... ਬਾਹਮਣਾ ਦੀ ਕੱਟੀ ਵਰਗਾ ਪਿਐ...... ਤੂੰ ਫੇਰ ਵੀ ਬਲੈਕਾਂ ਕਰਦੈਂ...... ਤੈਥੋਂ ਕੋਈ ਚੱਜ ਦਾ ਕੰਮ ਨਹੀਂ ਕਰਿਆ ਜਾਂਦਾ...... ਸਾਲਾ ਵੱਡਾ ਬਲੈਕੀਆ.....।"

ਇਸ ਤੋਂ ਵੀ ਸਖ਼ਤ ਅਤੇ ਭੈੜੇ ਸ਼ਬਦ ਸੁਣ-ਸੁਣ ਭਾਵੇਂ ਬੰਟੂ ਦੇ ਕੰਨ ਪੱਕ ਗਏ ਸਨ। ਭੰਗੀ, ਜਮਾਂਦਾਰ ਕਿਹਾ ਉਸ 'ਤੇ ਬਹੁਤ ਅਸਰ ਤਾਂ ਨਹੀਂ ਕਰਦਾ ਸੀ ਪਰ ਇਸਦੀ ਸੂਈ ਚੋਭ ਬੰਟੂ ਦੇ ਦਿਲ 'ਤੇ ਵੱਜਦੀ ਸੀ। ਅੱਜ ਐਸ. ਐਚ. ਓ. ਦੇ ਬੋਲਾਂ ਨੇ ਉਸਦੇ ਦਿਮਾਗ ਵਿਚ ਘੜਮੱਸ ਪਾਇਆ ਹੋਇਆ ਸੀ। ਖ਼ਿਆਲਾਂ ਦਾ ਘੜਮੱਸ..... ਇੱਕ ਵਿਚਾਰ ਬਿਜਲੀ ਦੀ ਤੇਜ਼ ਰੌਸ਼ਨੀ ਵਾਂਗ ਆਇਆ ਤੇ ਉਸਦੇ ਦਿਮਾਗ ਵਿਚ ਛਾ ਗਿਆ....। ਇਕ ਫੈਸਲਾ ਉਸਦੇ ਦਿਮਾਗ ਨੇ ਕਰ ਲਿਆ..... ਅਚੇਤ ਹੀ.....। '..... ਕਦੋਂ ਇਥੋਂ ਖਹਿੜਾ ਛੁੱਟੇ..... ਕਦੋਂ ਮੈਂ.....।" ਬੰਟੂ ਇੱਕ ਵਾਰ ਤਾਂ ਇਹ ਸੋਚ ਕੇ ਕੰਬ ਗਿਆ..... ਉਸਨੂੰ ਉਹ ਚਾਰੇ ਸਵੀਪਰ ਬੁੱਤਾਂ ਵਾਂਗ ਉਸ ਲੰਬੇ ਬੈਂਚ 'ਤੇ ਬੈਠੇ ਦਿਖੇ ..... ਦਮਦਮੇ ਦੇ ਵਿਸਾਖੀ, ਮੁਕਤਸਰ ਦੀ ਮਾਘੀ ਤੇ ਵੇਖੇ ਮੰਗਤੇ ਦਿਸੇ..... ਜਿਹੜੇ ਰਾਤੋ-ਰਾਤ ਪਤਾ ਨਹੀਂ ਕਿਧਰੋਂ ਆ ਜਾਂਦੇ ਸਨ..... ਪਤਾ ਨਹੀਂ ਉਨ੍ਹਾਂ ਨੂੰ ਕੌਣ ਛੱਡ ਜਾਂਦਾ ਸੀ। ..... ਜਿਨ੍ਹਾਂ ਦੇ ਵਿੰਗ-ਤੜਿੰਗੇ, ਤੋੜੇ-ਮਰੋੜੇ ਅੰਗ ਵੇਖ ਕੇ ਬੰਟੂ ਬੇਚੈਨ ਹੋ ਜਾਇਆ ਕਰਦਾ ਸੀ।

ਹੁਣ ਵੀ ਬੇਚੈਨੀ ਨੇ ਬੰਟੂ ਨੂੰ ਘੁੰਮੇਰ ਚਾੜ੍ਹ ਰੱਖੀ ਸੀ। ਚਾਰੇ ਸਵੀਪਰ ਅਤੇ ਕੱਟੇ ਵੱਢੇ ਅੰਗਾਂ ਵਾਲੇ ਮੰਗਤੇ ਦਿਮਾਗ ਵਿਚੋਂ ਨਿਕਲ ਗਏ। ਅੱਖਾਂ ਅੱਗੇ ਆ ਗਿਆ ਐਸ. ਐਚ. ਓ. ਸੰਧੂ ਦਾ ਛੇ ਫੁੱਟਾ ਉੱਚਾ ਜੁੱਸਾ..... ਕੈਂਚੀ ਕੱਟ ਦਾਹੜੀ, ਖੜ੍ਹੀਆਂ ਮੁੱਛਾਂ ਦੇ ਨੂੰਹੇ ..... ਉਸਦੀਆਂ ਅੱਖਾਂ ਅੱਗੇ ਘੁੰਮ ਗਏ .....। ਫਰਸ਼ 'ਤੇ ਸੁੱਟੇ ਬੰਟੂ 'ਤੇ ਡੰਡਾ ਵਰ੍ਹਾਉਂਦੇ ਐਸ. ਐਚ. ਓ. ਸੰਧੂ ਦੇ ਬੋਲ ਗੂੰਜ ਰਹੇ ਸਨ, "..... ਤੈਥੋਂ ਕੋਈ ਚੱਜ ਦਾ ਕੰਮ ਨਹੀਂ ਕਰੀਂਦਾ..... ਸਾਲਾ ਵੱਡਾ ਬਲੈਕੀਆ .....।"

"ਚੱਜ ਦਾ ਕੰਮ ਤਾਂ ਇਹਨਾਂ ਦੀਆਂ .....।" ਦੁੱਕੀ ਸਿਪਾਹੀ ਦੀ ਅਗਲੀ ਗੱਲ ਬੰਟੂ ਦੇ

ਕੰਨਾਂ ਵਿਚ ਤਪਦਾ ਤੇਲ ਪਾ ਗਈ ..... ਦੁੱਕੀ ਸਿਪਾਹੀ ਕੋਈ ਨਸ਼ਾ ਨਹੀਂ ਛੱਡਦਾ ਸੀ। ਬੰਟੂ ਤੋਂ ਵੀ ਉਹ ਦੋ-ਚਾਰ ਵਾਰ ਭੁੱਕੀ ਲੈ ਗਿਆ ਸੀ। ਦੁੱਕੀ ਦੀ ਗਾਲ੍ਹ ਸੁਣਨ ਤੋਂ ਬਾਅਦ ਬੰਟੂ ਨੂੰ ਕੋਈ ਸੁਰਤ ਨਹੀਂ ਰਹੀ ਸੀ। ਤਪਦੇ ਤੇਲ ਦੀ ਧਾਰ ਕੰਨਾਂ ਵਿਚ ਅੱਗੇ ਹੋਰ ਅੱਗੇ ਜਾ ਰਹੀ ਸੀ। .....ਦਿਮਾਗ 'ਚ ਗੂੰਜ ਰਿਹਾ ਸੀ ..... ਚੱਜ ਦਾ ਕੰਮ ..... ਚੱਜ ਦਾ ਕੰਮ .....।

ਚੱਜ ਦਾ ਕੰਮ ਕਰਨ ਤੋਂ ਬੰਟੂ ਕਦ ਮੁਨਕਰ ਸੀ। ਉਹ ਤਾਂ ਗੰਦੇ ਤੋਂ ਗੰਦਾ ਕੰਮ ਕਰਨ ਤੋਂ ਇਨਕਾਰੀ ਨਹੀਂ ਸੀ। ਸੱਤ ਸਾਲ ਉਸਨੇ ਸਭ ਤੋਂ ਗ਼ੰਦਾ ਸਮਝਿਆ ਜਾਣ ਵਾਲਾ ਕੰਮ ਵੀ ਉਸਨੇ ਕੀਤਾ ਸੀ। ਸੀਵਰ ਦੀ ਸੜਹਾਂਦ ਮਾਰਦੀ ਗਾਰ ਕੱਢੀ ਸੀ। ਸੀਵਰ ਦੇ ਮੇਨ ਹੋਲ 'ਚੋਂ ਉਸਨੂੰ ਮੁਸ਼ਕ ਨਾ ਆਉਂਦਾ ..... ਜਾਂ ਨੱਕ ਮਰ ਗਿਆ ਸੀ ..... ਜਾਂ ਉਹ ਕਹਿੰਦਾ ਹੁੰਦਾ ਸੀ .....'ਪਾਪੀ ਪੇਟ ਕੋ ਸੌਆਲ ਹੈ ਭਾਅਈ ..... ਪਾਪੀ ਪੇਟ ਕੋ .....।"

ਪਾਪੀ ਪੇਟ ਖ਼ਾਤਿਰ ਹੀ ਉਹ ਸੀਵਰੇਜ ਬੋਰਡ ਵਿਚ ਸੀਵਰਮੈਨ ਲੱਗਿਆ ਸੀ। ਡੇਲ੍ਹੀ ਵੇਜ ..... ਦਿਹਾੜੀਦਾਰ ਕਰਮਚਾਰੀ .....। ਉਹ ਕੀ ਉਨ੍ਹਾਂ ਦੀ ਬਿਰਾਦਰੀ ਦੇ ਕਿੰਨੇ ਹੀ ਆਦਮੀ ਇਹ ਕੰਮ ਕਰਦੇ ਸਨ। ਬੰਟੂ ਨੇ ਵੀ ਸੱਤ ਸਾਲ ਇਹ ਕੰਮ ਕੀਤਾ ..... ਉਸਦੇ ਅਫ਼ਸਰ ਅਤੇ ਘਨਈਆ ਮੇਟ ਉਸਦੇ ਕੰਮ ਤੋਂ ਖ਼ੁਸ਼ ਸਨ। ਬੰਟੂ ਕੰਮ ਦਾ ਮਾਹਿਰ ਸੀ। ਜਦ ਉਹ ਸੀਵਰ ਦੇ ਮੇਲ ਹੋਲ ਵਿਚ ਉਤਰ ਜਾਂਦਾ ਤਾਂ ਉਹ ਮੇਨ ਹੋਲ ਨੂੰ ਸਚਿਆਰੀ ਔਰਤ ਦੇ ਪਤੀਲੇ ਵਾਂਗ ਮਾਂਜ ਦਿੰਦਾ। ਮੇਲ ਹੋਲ ਦੀਆਂ ਕੰਧਾਂ ਅਤੇ ਉਪਰਲੀ ਸਲੈਬ ਦੀ ਗਾਰ ਵੀ ਉਹ ਪਹਿਲਾਂ ਹੇਠਾਂ ਸੁੱਟ ਲੈਂਦਾ ਤੇ ਫਿਰ ਬਾਲਟੀਆਂ ਭਰ-ਭਰ ਬਾਹਰ ਫੜਾਈ ਜਾਂਦਾ। ਸੀਵਰ ਲਾਈਨ ਦੇ ਦੋਵਾਂ ਪਾਸਿਆਂ ਤੋਂ ਪਾਈਪਾਂ ਵਿਚੋਂ ਵੀ ਸਿਲਟ ਖਿੱਚ ਲੈਂਦਾ।

ਬੰਟੂ ਦੇ ਕੰਮ ਦੀ ਬੋਰਡ 'ਚ ਹੀ ਨਹੀਂ ਸ਼ਹਿਰ ਵਿਚ ਵੀ ਧਾਂਕ ਸੀ। ਕਿੰਨੀ ਵੀ ਫਸਿਆ, ਬੰਦ ਸੀਵਰ ਹੁੰਦਾ, ਬੰਟੂ ਖੋਲ੍ਹ ਕੇ ਦਮ ਲੈਂਦਾ। ਉਹ ਓਨਾ ਚਿਰ ਘਰ ਨਾ ਜਾਂਦਾ ਜਿੰਨਾ ਚਿਰ ਕੰਮ ਖ਼ਤਮ ਨਾ ਕਰ ਲੈਂਦਾ। ਰੋਟੀ ਚਾਹ ਪਾਣੀ ਕਈ ਵਾਰ ਸ਼ਰਾਬ ਵੀ ਲੋਕ ਉਸਨੂੰ ਉਥੇ ਹੀ ਦੇ ਦਿੰਦੇ। ਉਹ ਸੜਹਾਂਦ ਮਾਰਦੇ ਗੰਦੇ ਪਾਣੀ, ਗਾਰ ਦੇ ਢੇਰ ਕੋਲ ਹੀ ਖਾ ਪੀ ਲੈਂਦਾ। ਬੰਟੂ ਹੀ ਕੀ ਉਸਦੇ ਸਾਥੀ ਸੀਵਰ ਮੈਨ ਵੀ ਉਥੇ ਹੀ ਖਾ ਪੀ ਲੈਂਦੇ। ਸੀਵਰੇਜ ਬੋਰਡ ਦੇ ਜੇ. ਈ. ਐਸ. ਡੀ. ਓ., ਉਸਨੂੰ ਵਡਿਆ ਕੇ ਰੱਖਦੇ। ਜੇ ਕੋਈ ਵਾਧੂ ਰੋਹਬ ਛਾਂਟਦਾ ਤਾਂ ਬੰਟੂ ਹੱਥਲੀ ਚੀਜ਼ ਬਾਂਸ, ਬਾਲਟੀ-ਰੱਸਾ ਜਾਂ ਸੀਵਰ ਦਾ ਢੱਕਣ ਚੁੱਕਣ ਵਾਲੀ ਚਾਬੀ ਵਗਾਹ ਕੇ ਮਾਰਦਾ ..... "ਮੈਂ ਕੋ ਨਾ ਖੋਲੂੰ ..... ਪੜਾ ਰੈਹਨੇ ਦੋ .....।"

ਉਸਦੇ ਇਸ ਸੁਭਾਅ ਤੋਂ ਸਾਰੇ ਵਾਕਿਫ ਸਨ। ਘਨਈਆ ਮੇਟ ਉਸਨੂੰ ਪੁਚਕਾਰ ਲੈਂਦਾ। ਬੰਟੂ ਪਿਛਲੀ ਹੋਈ ਬੀਤੀ ਝੱਟ ਭੁੱਲ ਜਾਂਦਾ। ਫਿਰ ਉਸ ਅੱਗੇ ਕੰਮ ਹੁੰਦਾ ..... ਕਦੇ ਬੰਦ ਪਿਆ ਸੀਵਰ, ਗੰਦੇ ਪਾਣੀ ਦਾ ਛੱਪੜ, ਕਦੇ ਗਾਰ ਨਾਲ ਭਰਿਆ ਮੇਨ ਹੋਲ .....। ਬੰਟੂ ਦੀ ਬਾਲਟੀ ਜਾਂ ਬਾਂਸ ਕਾੜ-ਕਾੜ ਚੱਲਦਾ।

ਘਨਈਆ ਮੇਟ ਬੰਟੂ ਨੂੰ ਕਾਲੇ ਬਲਦ ਵਾਂਗ ਵਾਹੁੰਦਾ। ਅਸੀਲ ਭੇਡ ਵਾਂਗ ਉੱਨ ਲਾਹੁੰਦਾ। ਪਰ ਬੰਟੂ ਨੂੰ ਘਨਈਆ ਫੁੱਟੀ ਅੱਖ ਨਹੀਂ ਭਾਉਂਦਾ ਸੀ।



ਸੀ ਤਾਂ ਘਨਈਆ ਵੀ ਸੀਵਰਮੈਨ ਹੀ। ਪਰ ਉਹ ਮੇਟਗਿਰੀ ਕਰਦਾ। ਸੀਵਰਮੈਨਾਂ ਤੋਂ ਕੰਮ ਕਰਾਉਂਦਾ ..... ਉਨ੍ਹਾਂ ਦੀ ਹਾਜ਼ਰੀ ਲਾਉਂਦਾ। ਉਹ ਸੀਵਰਮੈਨ ਯੂਨੀਅਨ ਦਾ ਪ੍ਰਧਾਨ ਵੀ ਸੀ। ਬੋਰਡ ਦੇ ਅਫ਼ਸਰਾਂ ਦੇ ਘਪਲਿਆਂ ਦਾ ਭੇਤੀ ਅਤੇ ਸਾਂਝੀ। ਅਫ਼ਸਰ ਤੋਂ ਬੱਝਵਾਂ ਮਹੀਨਾ ਮਿਲਦਾ ਸੀ ਉਸਨੂੰ ਅਤੇ ਵਰਕਰਾਂ ਤੋਂ ਚੰਦਾ .....। ਮਾੜਾ ਧੀੜਾ ਜੇ. ਈ. ਤਾਂ ਉਸ ਅੱਗੇ ਕੁਸਕਦਾ ਨਹੀਂ ਸੀ। ਸੀਵਰੇਜ ਬੋਰਡ ਦੇ ਅਫ਼ਸਰ ਘਨਈਏ ਨੂੰ ਕੁਰਸੀ ਦਿੰਦੇ ਸਨ। ਪਰ ਬੰਟੂ ਘਨਈਏ ਤੋਂ ਨਾ ਝੇਪ ਮੰਨਦਾ ਅਤੇ ਨਾ ਡਰਦਾ .....। 'ਭਾਈ ਹਮਨੇ ਤੋਂ ਕਾਮ ਕਰਨੈ ..... ਕਾਮ .....।"

ਘਨਈਏ ਦਾ ਰੰਗ ਕਾਲਾ ਸੀ। ਉਹ ਚਿੱਟਾ ਕੁੜਤਾ ਪਜਾਮਾ ਪਾ ਕੇ ਰੱਖਦਾ। ਗਲ ਵਿਚ ਲਾਲ ਗਮਛਾ। ਜਿਸਦਾ ਇਕ ਸਿਰਾ ਖੱਬੇ ਪਾਸੇ ਅੱਗੇ ਲਮਕਦਾ ਹੁੰਦਾ। ਗਰਦਨ ਦੁਆਲੇ ਵਲਕੇ ਦੂਜਾ ਸਿਰਾ ਪਿੱਛੇ ਸੁੱਟਿਆ ਹੁੰਦਾ। ਉਸ ਆਪਣਾ ਸਾਰਾ ਪਰਿਵਾਰ ਸੈੱਟ ਕਰ ਲਿਆ ਸੀ। ਮੁੰਡੇ ਜਵਾਈ ਸੀਵਰੇਜ ਬੋਰਡ 'ਚ ਸੀਵਰਮੈਨ ..... ਬਹੂਆਂ ਧੀਆਂ ਕੋਈ ਕਮੇਟੀ 'ਚ ਕੋਈ ਸਕੂਲ 'ਚ ਸਵੀਪਰ। ਖੋਲਾ ਹੋਇਆ ਪੁਰਾਣਾ ਘਰ ਢਾਹ ਕੇ ਨਵਾਂ ਪਾ ਲਿਆ ਸੀ। ਕੋਠੀ ਟਾਈਪ .....। ਸਾਰੀ ਬਰਾਦਰੀ ਉਸਨੂੰ ਭਾਗਾਂ ਵਾਲਾ ਕਹਿੰਦੀ .....।

"ਘਨਈਆ ਤੋਂ ਭਾਗਾਂ ਵਾਲਾ ਐ ਭਾਈ ਚੰਗੇ ਭਾਗਾਂ ਵਾਲਾ .....।" ਬਰਾਦਰੀ ਹੀ ਕੀ ਸ਼ਹਿਰ ਵਾਲੇ ਉਸਨੂੰ ਭਾਗਾਂ ਵਾਲਾ ਸਮਝਦੇ ..... ਸਿਆਸੀ ਲੀਡਰ ਉਸਦੀ ਖ਼ੁਸ਼ਾਮਦ ਕਰਦੇ ਕਹਿੰਦੇ ..... 'ਭਾਗਾਂ ਵਾਲੇ ਘਨਈਆ ਰਾਮ ..... ਸਾਰੀ ਬਰਾਦਰੀ ਤੇਰੇ ਪਿੱਛੇ ਐ ..... ਸਾਡੀ ਬਰਾਦਰੀ ਤਾਂ ਡੱਡੂਆਂ ਦੀ ਪੰਸੇਰੀ ਐ ..... ਦਸ ਚੜਾਓ ਵੀਹ ਉਤਰ ਜਾਂਦੇ ਨੇ .....।'

ਹਰ ਵਾਰ ਘਨਈਆ ਸਰਵ-ਸੰਮਤੀ ਨਾਲ ਸੀਵਰਮੈਨ ਯੂਨੀਅਨ ਦਾ ਪ੍ਰਧਾਨ ਬਣ ਜਾਂਦਾ। ਇਕ ਵਾਰ ਬੰਟੂ ਅੜ ਗਿਆ ਸੀ।

" ..... ਵੋਟਨ ਡਾਲ ਲੋ ਭਾਅਈ ..... ਹਮ ਭੀ ਪੀਪੀ ਪਰੇਂਗੇ .....।"

ਘਨਈਏ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਆਪਣ ਜੋਟੀਦਾਰ ਜੇ. ਈ. ਵਰਮੇ ਨੂੰ ਦੱਸਿਆ। ਉਹ ਬੰਟੂ ਨੂੰ ਸਮਝੌਤੀਆਂ ਦੇਣ ਲੱਗਾ।

"ਵੇਖ ਬੰਟੂ ਤੂੰ ਕੀ ਲੈਣੇ ਯੂਨੀਅਨ ਦੇ ਪੰਗੇ ਤੋਂ ..... ਅਫ਼ਸਰਾਂ ਦੀਆਂ ਮਿੰਨਤਾਂ ..... ਵਰਕਰਾਂ ਦੀਆਂ ਗਾਲਾਂ ..... ਆਪਣਾ ਘਰ ਛੱਡੋ ..... ਤੂੰ ਵੇਖ ਘਨਈਆ ਛੇ ਵਜੇ ਆਉਂਦਾ ਰਾਤ ਨੂੰ ਘਰੇ ਜਾਂਦੈ .....।"

"ਬਾਬੂ ਜੀ ਮੇਰ ਕੂ ਸਾਰੋ ਪਤੋ ਹੈ ..... ਘਨਈਓ ਕੀ ਕਰੋ ਹੈ ..... ਮੈਨੇ ਤੋ ਘਨਈਓ ਕੀ ਢੂਅਈ ਲਗਾਨੀ ਹੈ ..... ਔਰ ਮੈਨੇ ਕੇ ਲੇਨੋ ਹੈ ਭਰਦਾਨਗੀ ਸੇ .....।"

ਵਰਮਾ ਉਸਦੀ ਗੱਲ ਫੜ ਗਿਆ। "ਤੂੰ ਫ਼ਿਕਰ ਨਾ ਕਰ ਬੰਟੂ ..... ਘਨਈਆ ਤੇਰੇ ਪੈਰੀਂ ਹੱਥ ਲਾਊ ..... ਘਰੇ ਆ ਕੇ .....।"

ਉਹੀ ਹੋਇਆ ਉਸੇ ਸ਼ਾਮ ਘਨਈਆ ਬਿਰਾਦਰੀ ਦੇ ਚਾਰ ਪੰਜ ਬੰਦੇ ਲੈ ਕੇ ਬੰਟੂ ਦੇ ਘਰੇ ਆ ਧਮਕਿਆ। ਬੰਟੂ ਕਮਰੇ 'ਚ ਪਿਆ ਟੀ. ਵੀ. ਵੇਖ ਰਿਹਾ ਸੀ।

"ਭਾਅਣ ਆਪਣੋ ਚੌਧਰੀ ਕਾਹੇਂ ਹੈ....।" ਘਨਈਆ ਗੇਟ ਲੰਘਦਾ ਉੱਚੀ ਬੋਲਿਆ।

ਕੁਸ਼ੱਲਿਆ ਚੁੱਲ੍ਹੇ ਅੱਗੋਂ ਉੱਠੀ। ਉਸਦੀਆਂ ਚੂੜੀਆਂ ਤੇ ਛਣਕਾਟ ਪਾ ਦਿੱਤਾ। ਝਾਂਜਰਾਂ ਨੇ ਰਾਗ ਛੇੜ ਦਿੱਤਾ। ਉਹ ਉੱਠਦੀ ਬੋਲੀ "ਆਓ ਭਾਅਈ..... ਅੰਦਰ ਆ ਜਾਓ.....।" ਕੁਸ਼ੱਲਿਆ ਨੇ ਲੰਬਾ ਘੁੰਡ ਕੱਢ ਲਿਆ। ਘਨਈਆ ਤਾਂ ਉਸਦਾ ਭਰਾ ਲੱਗਦਾ ਸੀ ਦੂਰੋਂ ਮਾਸੀ ਦਾ ਪੁੱਤ..... ਪਰ ਬਰਾਦਰੀ ਦੇ ਦੂਜੇ ਬੰਦੇ ਉਸਦੇ ਜੇਠ ਸਹੁਰੇ ਸਨ।

ਉਹ ਸਾਰੇ ਕਮਰੇ ਦੇ ਅੰਦਰ ਲੰਘ ਆਏ ਸਨ। ਜਿਥੇ ਪਿਆ ਬੰਟੂ ਟੀ. ਵੀ. ਦੇਖ ਰਿਹਾ ਸੀ। ਕਮਰੇ ਦੀਆਂ ਕੰਧਾਂ ਫਿਲਮੀ ਐਕਟਰਾਂ ਅਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਨਾਲ ਭਰੀਆਂ ਪਈਆਂ ਸਨ। ਬਾਰਾਂ ਬੋਰ ਬੰਦੂਕ ਦੇ ਕਾਰਤੂਸ ਵਰਗੀ ਧੂਫ ਨੇ ਕਮਰੇ ਵਿਚ ਧੂੰਆਂ-ਰੌਲ ਕੀਤਾ ਹੋਇਆ ਸੀ। ਟੀ. ਵੀ. ਦੀ ਆਵਾਜ਼ ਕੰਨ ਪਾੜਵੀਂ ਸੀ। ਬੰਟੂ ਨੇ ਟੀ. ਵੀ. ਬੰਦ ਕਰ ਦਿੱਤਾ ਤੇ ਉਹ ਸਾਰੇ ਬੈਠ ਗਏ।

..... ਤੇ ਫਿਰ ਖ਼ੂਬ ਚੱਲਿਆ ਸੀ।

ਥਾਣੇ ਵਿਚ ਬੈਠੇ ਬੰਟੂ ਨੂੰ ਅੱਜ ਵੀ ਉਸ ਦਿਨ ਦੀਆਂ ਗੱਲਾਂ ਯਾਦ ਆ ਰਹੀਆਂ ਸਨ। ਘਨਈਏ ਦਾ ਉਸ ਦਿਨ ਵੇਖਿਆ ਧੁਆਂਖਿਆ ਚਿਹਰਾ ਬੰਟੂ ਨੂੰ ਅੱਜ ਫਿਰ ਦਿਸ ਰਿਹਾ ਸੀ। "ਅਪਨੀ ਸਾਰੀ ਬੀਰਾਦਰੀ ਕੀ ਈਜਤ ਕੋ ਸੋਆਲ ਹੈ..... ਤੇਰਾ ਕੂ ਕੇ ਪਤੋ..... ਅਫ਼ਸਰਨ ਤੇਰ ਕੂ ਕੇ ਸਮਝੇਂ ਰੇ ਬੰਟੂ.....।" ਘਨਈਆ ਕਦੇ ਮਿੰਨਤਾਂ ਕਰਦਾ ਕਦੇ ਲੁਕਵੇਂ ਡਰਾਵੇ ਦਿੰਦਾ।

"ਮੇਰ ਕੂ ਨਾ ਪਤੋ ਇਨ ਬਾਤਨ ਕੋ..... ਅਪਨ ਤੋ ਡੱਬੇ ਧਰਨੋ ਹੀ ਹੈ.....।"

"ਸੁਸਰਾ ਤੇਰਾ ਡੱਬੇ ਮੇਂ ਵੋਟ ਕੌਣ ਪਾਵੇਗਾ..... ਬੀਰਾਦਰੀ ਵਾਲਾ ਤੋ ਦਾਰੂ ਪੀ ਕੇ ਤੇਰੀ ..... ਤੇਰੀ ਗੈਂਡ ਵੇ ਲਾਤ ਮਾਰੇਂਗੇ.....।"

"ਜੈਸੇ ਭੀ ਹੋ ..... ਜੈਸੇ ਭੀ ਹੋ ....." ਬੰਟੂ ਤੋਂ ਗੱਲ ਕਹਿਣੀ ਨਹੀਂ ਬਣੀ ਸੀ। ਉਸਦੇ ਅੰਦਰ ਡਰ ਜਾਗਿਆ ਸੀ। ਜੇ ਹਾਰ ਗਿਆ। ਬਰਾਦਰੀ ਦਾ ਉਸਨੂੰ ਪਤਾ ਸੀ..... ਪਰ ਘਨਈਏ 'ਤੇ ਚੜ੍ਹਿਆ ਉਸਦਾ ਗੁੱਸਾ ਲਹਿ ਨਹੀਂ ਰਿਹਾ ਸੀ। "..... ਹਾਰੂੰ ਜਾਂ ਜੀਤੂੰ..... ਮੈਂ ਤੋਂ ਖੜੋ ਹੋ ਗਇਓ..... ਤੋ ਹੋ ਗਇਓ.....।"

"ਭਾਅਣ ਨੂੰ ਹੀ ਸਮਝਾ..... ਇਸ ਸਾਲਾ ਜੀਜਾ ਸ੍ਰੀ ਕੋ....." ਘਨਈਏ ਨੇ ਪੈਂਤੜਾ ਬਦਲਿਆ ਸੀ।

"ਤੇਰ ਕੂ ਭੀ ਭਾਅਣ ਅਬ ਯਾਦ ਆਈ ਹੈ....." ਕੁਸ਼ੱਲਿਆ ਟੱਲੀ ਵਾਂਗ ਟਣਕੀ ਸੀ।

ਘਨਈਆ ਭਮੰਤਰ ਗਿਆ। ਉਸਦੀਆਂ ਚਾਲਾਂ ਫੇਲ੍ਹ ਹੋ ਰਹੀਆਂ ਸਨ। ਅਖ਼ੀਰ ਉਹ ਮਿੰਨਤਾਂ ਤਰਲੇ ਕਰਨ ਲੱਗਾ, "ਮੈਂ ਤੇਰੀ ਮਿਨਤਨ ਕਰਹੋ ਹੂੰ ਬੰਟੂ ..... ਪੈਰ ਪਕੜ ਰੋਹੂੰ..... ਮੇਰੀ ਈਜਤ ਕੋ ਸੋਆਲ ਹੈ..... ਸਾਰ ਸ਼ਹਿਰ ਮੇਂ ਹੋ ਹੋ ਜਾਏਗੀ..... ਘਨਈਏ ਸੇ ਭਰਦਾਨਗੀ ਖੋਸ ਲੀ.....। ਛੋਰਾ ਕਾ ਬਿਆਹ ਹੈ..... ਰਿਸ਼ਤੇਦਾਰੀ ਮੇਂ ਬੇਸਤੀ ਹੋ ਜਾਏਗੀ..... ਮੈਂ ਤੇਰੀ ਮਿਨਤਨ ਕਰਰੋ ਹੂੰ ਜੀਜਾ ..... ਮਾਨ ਜਾ..... ਆਗੇ ਕੂੰ ਤੂੰ ਭਰਦਾਨ ਬਣ ਜਾਣਾ..... ਬਾਬਾ ਕੀ ਕਸਮ.....।" ਉਸ ਭਗਵਾਨ ਬਾਲਮੀਕ ਦੀ ਤਸਵੀਰ ਵੱਲ ਹੱਥ ਕੀਤਾ।



ਬੰਟੂ ਨੂੰ ਪਹਿਲਾਂ ਪੰਚਾਇਤ ਤੇ ਫਿਰ ਕੁਸ਼ੱਲਿਆ ਵੱਲ ਵੇਖਿਆ। ਪਤਲੀ ਚੁੰਨੀ ਦੇ ਘੁੰਡ ਵਿਚ ਕੁਸ਼ੱਲਿਆ ਦੀਆਂ ਮੋਟੀਆਂ ਅੱਖਾਂ ਹਾਮੀ ਭਰ ਬੈਠੀਆਂ ਸਨ। ਘਨੀਈਏ ਦੀਆਂ ਅੱਖਾਂ ਪਾਣੀ ਨਾਲ ਭਰੀਆ ਘਬਰਾਈਆਂ ਅਤੇ ਡਰੀਆਂ ਹੋਈਆਂ ਸਨ। ਬੰਟੂ 'ਤੇ ਕੁਸ਼ੱਲਿਆ ਅਤੇ ਘਨਈਏ ਦੀਆਂ ਅੱਖਾਂ ਅਸਰ ਕਰ ਗਈਆਂ। ਸੁਰਜੂ ਬੰਟੂ ਦੀਆਂ ਅੱਖਾਂ ਦੀ ਹਾਂ ਪੜ੍ਹ ਗਿਆ ਤੇ ਬੋਲਿਆ, "ਘਨਈਏ ਐਸੇ ਕਰ..... ਭਾਗ ਕੇ ਜਾਹ..... ਦੋ ਬੋਤਲਾਂ..... ਘੇਂਟੀਆ ਕਾ ਮੀਟ ਪਕੜ ਲਿਆ..... ਬੰਟੂ ਤੋ ਅਪਨੋ ਛੋਹਰੋ ਐ ..... ਯਾਹ ਅਪਨ ਸੇ ਬਾਹਰ ਨਾ ਹੋਵੇ ਰੇ ਘਨਈਏ.....।"

ਘਨਈਏ ਨੇ ਪੈਸੇ ਫੜਾ ਕੇ ਕਿਸੇ ਹੋਰ ਨੂੰ ਠੇਕੇ ਵੱਲ ਤੋਰ ਦਿੱਤਾ। ਆਪ ਨਾ ਗਿਆ। ਫਿਰ ਸੁਰਜੂ ਨੇ ਗੱਲ ਛੇੜ ਲਈ।

"ਭਾਅਈ ਘਨਈਏ..... ਹਮਨੇ ਤੋ ਔਰ ਬਾਤ ਸੁਨੀ ਹੈ.....।"

"ਕੇ ਚਾਚਾ.....।"

"ਸੀਵਰ ਵਾਲੇ ..... ਸੀਵਰ ਕੀ ਸਫਾਈ ਕਰਨੇ ਵਾਲੀ ਮਸ਼ੀਨ ਲਿਆਰੇ ਹੈਂ.....।"

"ਫੇਰ ਕੇ ਹੈਂ ....." ਘਨਈਆ ਚਿੰਤਾ ਮੁਕਤ ਹੋ ਚੁੱਕਾ ਸੀ। ਉਸਨੂੰ ਮਸ਼ੀਨ ਦੀ ਕੋਈ ਚਿੰਤਾ ਨਹੀਂ ਸੀ।

"ਕੇ ਕਿਉਂ ਨੀ ਭਾਅਈ..... ਪਹਿਲੇ ਸੀਵਰ ਪਾਇਓ..... ਹਮਾਰੋ ਕਾਮ ਛੂਟ ਗਇਓ..... ਅਬ ਮਸ਼ੀਨ ਆ ਗਈ ..... ਹਮਾਰਾ ਬਹੂ ਬੇਟਾ ਕੇ ਕਾਮ ਕਰੇਂਗੇ....." ਸੁਰਜੂ ਦਾ ਛੋਟਾ ਮੁੰਡਾ ਵਿਹਲਾ ਫਿਰਦਾ ਸੀ।

ਸੁਰਜੂ ਨੂੰ ਆਸ ਸੀ ਘਨਈਆ ਕੁਝ ਬੋਲੇਗਾ। ਪਰ ਉਹ ਤਾਂ ਬੇਫ਼ਿਕਰ ਬੀੜੀ ਪੀ ਰਿਹਾ ਸੀ। ਸੁਰਜੂ ਨੂੰ ਹੇੜ ਦੀ ਹੇੜ ਵਿਹਲੇ ਫਿਰਦੇ ਬਿਰਾਦਰੀ ਦੇ ਮੁੰਡੇ ਕੁੜੀਆਂ ਦਿਸੇ।

"ਏਕ ਤੋ ਵੋਹ ਲਿਆਏ ਕਮੇਟੀ ਵਾਲੇ..... ਵੋਹ ਕੂੜੋ ਪਲਟਨੇ ਵਾਲੀ ਟਰਾਲੀ....." ਸੁਰਜੂ ਦੀ ਗੱਲ ਘਨਈਏ ਤੋਂ ਬਿਨਾਂ ਦੂਜੇ ਸੁਣ ਰਹੇ ਸਨ। ਕੁਝ ਪਲ ਰੁਕ ਕੇ ਸੁਰਜੂ ਫਿਰ ਕਹਿਣ ਲੱਗਾ, "ਏਕ ਵੋਹ ..... ਜੋ ਕੂੜੋ ਆਪ ਹੀ ਭਰ ਲਵੇ..... ਸੀਵਰ ਕਾ ਕਾਮ ਭੀ ਵੋਹ ਮਸ਼ੀਨ ਸੇ ਕਰਾ ਲੇਂਗੇ ..... ਹਮ ਬਤਾਓ ਕਹਾਂ ਜਾਮੇ..... ਭੂਕੋ ਮਰਨੇ ਵਾਲਾ ਕਾਮ ਕਰ ਦੀਆ।"

"ਭੂਕੋ ਤੋ ਮਰੇਂਗੇ ਹੀ ਮੌਸਾ....." ਬੰਟੂ ਨੂੰ ਗੁੱਸਾ ਫਿਰ ਚੜ੍ਹਨ ਲੱਗਾ। ਪਰ ਐਨੇ ਨੂੰ ਮੀਟ ਅਤੇ ਸ਼ਰਾਬ ਆ ਗਏ.....।"

ਬੰਟੂ ਇਨ੍ਹਾਂ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਸੀ ਕਿ ਸਿਪਾਹੀ ਨੇ ਉਸਦੀ ਬਿਰਤੀ ਭੰਗ ਕਰ ਦਿੱਤੀ।

"ਖੜਾ ਹੋ ਉਏ ਚੌਧਰੀਆ ਗਾਂਧੀ ਨਗਰ ਆਲਿਆ ..... ਮੇਰਾ ਮੋਟਰ ਸੈਕਲ ਧੋ..... ਲਿਬੜਿਆ ਪਿਐ ਥੋਡੇ ਗਾਂਧੀ ਨਗਰ ਦੇ ਗੰਦ ਨਾਲ.....।"

ਬੰਟੂ ਉੱਠਕੇ ਮੋਟਰਸਾਈਕਲ ਧੋਣ ਲੱਗਾ। ਉਹ ਵਰਮੇ ਜੇ. ਈ. ਵਾਂਗ ਜਵਾਬ ਦੇ ਦੇਣਾ

ਚਾਹੁੰਦਾ ਸੀ। ਪਰ ਇਥੇ ਜਵਾਬ ਨਾ ਦੇ ਸਕਿਆ।

ਸਵੇਰ ਦੀ ਡਿਊਟੀ ਵੇਲੇ ਵਰਮੇ ਜੇ. ਈ. ਨੇ ਮੋਟਰਸਾਈਕਲ ਵੱਲ ਇਸ਼ਾਰਾ ਕਰਕੇ ਕਿਹਾ ਸੀ, "ਬੰਟੂ ਸਾਹਮਣੇ ਟੂਟੀ ਤੋਂ ਮੋਟਰਸਾਈਕਲ ਦੀ ਸਰਵਿਸ ਕਰਦੇ ..... ਜਿਤਰਾਂ ਮੇਨ ਹੋਲ ਦੀ ਕਰਦੈਂ..... ਮਾਂਜ ਦੇ ਨਿਹੰਗਾਂ ਦੇ ਡੋਲ ਵਾਂਗ।"

"ਸਾਹਬ ਜੀ ਮੈਨੇ ਤੋ ਅਬੀ ਮੂਹ ਨਾ ਧੋਇਓ..... ਮੋਟਰ ਸੇਕਲ ਕਹਾਂ ਧੋਅਊ..... ਧਰਮ ਸੇ ਸਿਰ ਫਟ ਰੇ ਹੋ ਹੈ.....।"

"ਕੁਸ਼ੱਲਿਆ ਨੇ ਮੂੰਹ ਧੋ ਕੇ ਨਹੀਂ ਤੋਰਿਆ ਘਰੋਂ.।"

"ਤੇਰੇ ਮੂਹ ਨੀਂ ਧੋਇਓ ਬਾਅਬੂ..... ਸਵਿਤਰੀ ਬੀਬੀ ਨੇ.....।"

"ਬੰਟੂ ਜਵਾਬ ਦਿੰਨੈ ਉਏ ..... ਨਾਲੇ ਬਕਵਾਸ ਕਰਦੈ ..... ਘਨਈਏ ਐਬਸੈਂਟ ਠੋਕ ਇਹਦੀ ਅੱਜ ਦੀ ..... ਨਾਲੇ ਕੰਮ ਤੋਂ ਭਜਾ ਦੇ ਵੱਡੇ ਲਾਟ ਸਾਹਬ ਨੂੰ.....।"

"ਐਸੇ ਅਬਸੈਂਟ ਕੈਸੇ ਲਗਾ ਦੇਗੋ ਤੂੰ....." ਬੰਟੂ ਦਾ ਪਾਰਾ ਚੜ੍ਹ ਰਿਹਾ ਸੀ। ਇਕ ਵਾਰ ਤਾਂ ਜਿਸ ਇੱਟ 'ਤੇ ਬੈਠਾ ਸੀ ਹੱਥ ਵੀ ਪਾਇਆ। ਪਰ ਫਿਰ ਕੁਝ ਸੋਚ ਕੇ ਹੱਥ ਮੋੜ ਲਿਆ।

ਇਨ੍ਹਾਂ ਵਹਿਣਾਂ ਵਿਚ ਵਹਿ ਰਹੇ ਬੰਟੂ ਨੇ ਸਿਪਾਹੀ ਦਾ ਮੋਟਰਸਾਇਕਲ ਧੋ ਕੇ ਪੂੰਝ ਦਿੱਤਾ। ਲਾਲ ਰੰਗ ਦਾ ਹੀਰੋ ਹਾਂਡਾ ਲਿਸ਼ਕਾਂ ਮਾਰਨ ਲੱਗਾ। ਚੀਚ ਵਹੁਟੀ ਵਾਂਗ ਨਿਖਰ ਆਇਆ। ਮੋਟਰ ਸਾਈਕਲ ਦੀ ਛੱਬ ਵੇਖ ਉਸਦਾ ਹਉਕਾ ਨਿਕਲ ਗਿਆ।

ਉਸਨੂੰ ਕੁਸ਼ੱਲਿਆ ਯਾਦ ਆ ਗਈ। ਕੁਸ਼ੱਲਿਆ ਵੀ ਜਦ ਨਹਾ-ਧੋ ਕੇ ਗੂੜੇ ਕੱਪੜੇ ਪਾ ਸੁਰਖੀ ਬਿੰਦੀ ਲਾ ਲੈਂਦੀ ਸੀ ਤਾਂ ਉਹ ਵੀ ਲਾਲ ਹੀਰੋ ਹਾਂਡੇ ਵਾਂਗ ਲਿਸ਼ਕ ਮਾਰਦੀ ਸੀ। ਬੰਟੂ ਦੀ ਕੱਚੀ ਨੌਕਰੀ ਦੇ ਦੋ ਢਾਈ ਹਜ਼ਾਰ ਨਾਲ ਘਰ ਨਹੀਂ ਤੁਰਦਾ ਸੀ। ਕੁਸ਼ੱਲਿਆ ਸਵੇਰੇ ਸਵਖਤੇ ਉੱਠਦੀ। ਲੋਕਾਂ ਦੇ ਘਰਾਂ ਵਿਚ ਕੰਮ ਕਰਨ ਤੁਰ ਜਾਂਦੀ। ਸਫਾਈਆਂ ਕਰਦੀ। ਪੋਚੇ ਲਾਉਂਦੀ। ਕੱਪੜ ਧੋਂਦੀ। ਭਾਂਡੇ ਮਾਂਜਦੀ। ਕਦੇ ਮੱਥੇ ਵੱਟ ਨਾ ਪਾਉਂਦੀ। ਘਰਾਂ ਦੇ ਮਾਲਕ ਉਸਦੇ ਕੰਮ ਤੋਂ ਖੁਸ਼ ਰਹਿੰਦੇ। ਹੋਰ ਕੰਮ ਵਾਲੀਆਂ ਵਾਂਗ ਨਾ ਉਹ ਬਹੁਤਾ ਬੋਲਦੀ, ਨਾ ਝਗੜਾ ਕਰਦੀ। ਨਾ ਜਾਣ ਬੁੱਝ ਕੇ ਕੰਮ ਖਰਾਬ ਕਰਦੀ।

ਕੁਸ਼ੱਲਿਆ ਦੀ ਯਾਦ ਬੰਟੂ ਨੂੰ ਝਰਨਾਹਟ ਛੇੜ ਗਈ। ਉਸਦਾ ਭੁੱਬਾਂ ਮਾਰ ਕੇ ਰੋਣ ਨੂੰ ਜੀਅ ਕੀਤਾ। ਕੰਧਾਂ ਨਾਲ ਟੱਕਰਾਂ ਮਾਰਨ ਲਈ ਮਨ ਆਹੁਲਿਆ ......।

..... ਉਸ ਦਿਨ ਬੰਟੂ ਭੁੱਬਾਂ ਮਾਰ ਕੇ ਰੋਇਆ ਸੀ। ਕੰਧਾਂ ਨਾਲ ਟੱਕਰਾਂ ਮਾਰ ਮਾਰ ਮੱਥਾ ਜਖ਼ਮੀ ਕਰ ਲਿਆ ਸੀ।

ਕੁਸ਼ੱਲਿਆ ਘਰੋਂ ਕੰਮ ਤੇ ਗਈ ਸੀ। ਪਰ ਦੁਪਹਿਰੇ ਉਸਦੀ ਲਾਸ਼ ਘਰ ਆਈ ਸੀ। ਮੈਨੇਜਰਾਂ ਦੇ ਚੁਬਾਰੇ ਵਿਚ ਉਹ ਪੋਚਾ ਲਾ ਰਹੀ ਸੀ। ਘਰ ਦਾ ਪਾਣੀ ਵਾਲਾ ਨਲਕਾ ਖਰਾਬ ਸੀ। ਹੈਂਡਪੰਪ ਠੀਕ ਕਰਨ ਲਈ ਵਿਹੜੇ 'ਤੇ ਪਾਇਆ ਲੋਹੇ ਦਾ ਜਾਲ ਚੁੱਕਿਆ ਹੋਇਆ ਸੀ। ਕੁਸ਼ੱਲਿਆ ਨੇ ਦੋਵਾਂ ਚੁਬਾਰਿਆਂ ਅਤੇ ਰਸੋਈ ਵਿਚ ਪੋਚਾ ਲਾਇਆ। ਬਰਾਂਡੇ ਵਿਚ ਪੋਚਾ ਲਾਉਂਦੀ, ਪਿੱਛੇ ਨੂੰ ਖਿਸਕਦੀ ਵਿਹੜੇ ਵਿਚ ਆ ਡਿੱਗੀ। ਸਿਰ ਪਰਨੇ। ਡਿਗਦੀ ਥਾਂਏ ਮਰ



ਗਈ।

ਬੰਟੂ ਨੂੰ ਜਦ ਪਤਾ ਲੱਗਿਆ ਤਾਂ ਉਸਦੀਆਂ ਭੁੱਬਾਂ ਨਿਕਲ ਗਈਆਂ। ਉਸ ਕੰਧਾਂ ਨਾਲ ਟੱਕਰਾਂ ਮਾਰ-ਮਾਰ ਕੇ ਮੱਥਾ ਜਖ਼ਮੀ ਕਰ ਲਿਆ।

ਘਨਈਏ ਨੇ ਬੰਟੂ ਨੂੰ ਬਹੁਤ ਕਿਹਾ, "ਐਸੇ ਕਰ ..... ਕੇਸ ਕਰਦੇ ..... ਥਾਨੇ ਮੇਂ ਰਪਟ ਡਾਲ ਦੇ.....।"

"ਕੇਸ ਕਾਂਈ ਕੋ..... ਜਬ ਕਸੂਰ ਹੀ ਨਾ ਹੈ ਕਿਸੀ ਕਾ ..... ਇਸ ਕੀ ਇਤਨੀ ਲਿਖੀ ਥੀ ਭਾਅਈ।"

ਪਰ ਬੰਟੂ ਨੂੰ ਕੁਸ਼ੱਲਿਆ ਇੱਕ ਪਲ ਵੀ ਨਾ ਭੁੱਲਦੀ। ਟੀਨਾ ਨੂੰ ਲੋਰੀਆਂ ਦਿੰਦਾ ਉਹ ਰੋਣ ਲੱਗ ਜਾਂਦਾ।

ਕੁਸ਼ੱਲਿਆ ਦੀ ਮੌਤ ਜਿਉਂ-ਜਿਉਂ ਦੂਰ ਹੁੰਦੀ, ਕੁਸ਼ੱਲਿਆ ਦੀ ਯਾਦ ਹੋਰ ਤੇਜ਼ ਹੋਈ ਜਾਂਦੀ। ਬੰਟੂ ਨੂੰ ਸੁੱਤੇ ਜਾਗਦੇ ਕੁਸ਼ੱਲਿਆ ਨਾ ਭੁੱਲਦੀ। ਉਸਦਾ ਸਰੀਰ ਮੱਚਣ ਲੱਗਦਾ। ਖ਼ੂਨ ਤੇਜ਼ ਵਗਣ ਲੱਗਦਾ। ਸਾਰੇ ਜਿਸਮ 'ਤੇ ਭੂਰੀਆਂ ਕੀੜੀਆਂ ਲੜਨ ਲਗਦੀਆਂ। ਖ਼ੂਨ ਹੋਰ ਤੇਜ਼ ਵਗਣ ਲੱਗਦਾ। ਕੁਸ਼ੱਲਿਆ ਦੇ ਬਦਨ ਦੀ ਮਹਿਕ ਸਾਰੇ ਜਿਸਮ ਵਿਚ ਫੈਲ ਜਾਂਦੀ। ਗਰਮ ਲਾਵੇ ਵਰਗੀ ਕੋਈ ਚੀਜ਼ ਦਿਮਾਗ ਨੂੰ ਚੜ੍ਹਨ ਲੱਗਦੀ।

ਬਿਰਾਦਰੀ ਵਿਚ ਦੂਜੇ ਵਿਆਹ ਦਾ ਰਿਵਾਜ ਆਮ ਸੀ। ਬੰਟੂ ਦੀ ਜਿੱਦ ਵੀ ਥੋੜ੍ਹਾ ਚਿਰ ਹੀ ਰਹੀ। ਉਹ ਵੀ ਦੂਜੇ ਵਿਆਹ ਨੂੰ ਹੱਥ ਪੈਰ ਮਾਰਨ ਲੱਗਾ। ਕੋਈ ਕੰਵਾਰੀ ਕੁੜੀ ਨਾ ਸਹੀ, ਕੋਈ ਵਿਧਵਾ ਛੱਡੀ ਹੋਈ, ਇੱਕ ਦੋ ਬੱਚਿਆਂ ਦੀ ਮਾਂ ਹੀ ਹੋਵੇ। ਪਰ ਬੰਟੂ ਦੇ ਖਾਲੀ ਹੱਥ ..... ਉਸਨੂੰ ਕਈ ਵਾਰ ਪਛਤਾਵਾ ਵੀ ਆਇਆ ..... ਘਨਈਏ ਦਾ ਕਿਹਾ ਯਾਦ ਆਇਆ। ਕੇਸ ਕਰਦੇ ..... ਥਾਨੇ ਮੇਂ ਰਪਟ ਡਾਲ ਦੇ। ਉਹ ਇਸੇ ਆਸ ਨਾਲ ਮੈਨੇਜਰਾਂ ਦੇ ਘਰ ਵੀ ਗਿਆ।

ਪਰ ਮੈਨੇਜਰ ਉਸਨੂੰ ਸ਼ਰਾਬ ਦੀ ਬੋਤਲ ਜੋਗੇ ਪੈਸੇ ਦੇ ਕੇ ਮੋੜ ਦਿੰਦਾ। ਉਸ ਇਕ ਦੋ ਵਾਰ ਘਿਣੇ ਜੇ ਵੀ ਪਾਏ ..... ਚਲਾਕ ਮੈਨੇਜਰ ਗੱਲ ਤਿਲ੍ਹਕਾ ਜਾਂਦਾ..... ਫਿਰ ਬੰਟੂ ਆਪ ਹੀ ਉਨ੍ਹਾਂ ਦੇ ਘਰੋਂ ਜਾਣੋਂ ਹੱਟ ਗਿਆ।

ਜਦੋਂ ਦਾ ਬੰਟੂ ਮੈਨੇਜਰਾਂ ਦੇ ਘਰੋਂ ਜਾਣ ਤੋਂ ਹਟਿਆ ਸੀ, ਉਸਨੂੰ ਕੁਸ਼ੱਲਿਆ ਹੋਰ ਵੀ ਯਾਦ ਆਉਣ ਲੱਗੀ ਸੀ। ਬੰਟੂ ਨੂੰ ਲੱਗਦਾ ਉਸ ਹੁਣ ਵੀ ਜਿਵੇਂ ਕੁਸ਼ੱਲਿਆ ਨੂੰ ਬਾਹਾਂ ਤੇ ਚੁੱਕਿਆ ਹੋਵੇ। ਉਸਨੂੰ ਯਾਦ ਆਉਂਦਾ ਕਿ ਉਹ ਲੋਰ 'ਚ ਆਇਆ ਕੁਸ਼ੱਲਿਆ ਨੂੰ ਬੱਚਿਆਂ ਵਾਂਗ ਬਾਹਾਂ ਤੇ ਚੁੱਕ ਕੇ ਗਾਉਂਦਾ ਹੁੰਦਾ ਸੀ

ਜਬ ਤੱਕ ਰਹੇਗਾ ਸਮੋਸੇ ਮੇਂ ਆਲੂ
ਤੇਰਾ ਰਹੂੰਗਾ ਮੈਂ ਓਏ ਮੇਰੀ ਸ਼ਾਲੂ

ਥਾਣੇ ਵਿਚ ਬੈਠੇ ਬੰਟੂ ਦੇ ਮਨ ਹੀ ਮਨ ਗੁਣਗੁਣਾਇਆ '.....ਤੇਰਾ ਰਹੂੰਗਾ ਮੈਂ ਓਏ ਮੇਰੀ.....।" ਪਰ ਸ਼ਾਲੂ ਉਸਤੋਂ ਕਿਹਾ ਨਾ ਗਿਆ। ਉਸਦੀਆਂ ਅੱਖਾਂ ਭਰ ਆਈਆਂ। ਅੱਖਾਂ

ਦੇ ਖਾਰੇ ਪਾਣੀਆਂ 'ਚੋਂ ਪਤਾ ਹੀ ਨਾ ਲੱਗਾ ਕਿ ਕਦ ਕੁਸ਼ੱਲਿਆ ਦੀ ਤਸਵੀਰ ਲਾਂਭੇ ਹੋ ਗਈ। ਐਸ. ਐਚ. ਓ. ਸੰਧੂ ਦਾ ਖ਼ੂੰਖਾਰ ਚਿਹਰਾ ਅੱਖਾਂ ਅੱਗੇ ਆ ਖੜ੍ਹਾ। ਉਸਦੇ ਗਰਜਵੇਂ ਬੋਲ ਉਸਦੇ ਦਿਮਾਗ ਵਿਚ ਗੂੰਜੇ, "..... ਸਾਲਿਆ ਹੱਟਾ ਕੱਟਾ ਐਂ ..... ਸਾਰੇ ਹੱਥ ਪੈਰ ਸਬੂਤੇ ਨੇ ..... ਚੱਜ ਦਾ ਕੰਮ ਨਹੀਂ ਕਰ ਸਕਦਾ ਕੋਈ।"

"ਚੱਜ ਦਾ ਕੰਮ ਤੋਂ ਬੰਟੂ ਨੂੰ ਇੱਕ ਚੱਜ ਦਾ ਕੀਤਾ ਕੰਮ ਯਾਦ ਆਇਆ।

ਕਮੇਟੀ ਦੇ ਪ੍ਰਧਾਨ ਨੇ ਬੋਰਡ ਦੇ ਅਫ਼ਸਰ ਦੇ ਡੰਡਾ ਚੜ੍ਹਾਇਆ ਹੋਇਆ ਸੀ। ਪ੍ਰਧਾਨ ਐਮ. ਐਲ. ਏ. ਦਾ ਖਾਸਮਖਾਸ ਸੀ। ਐਮ. ਐਲ. ਏ. ਮੁੱਖ ਮੰਤਰੀ ਦਾ ਚਹੇਤਾ। ਮੁੱਖ ਮੰਤਰੀ ਐਮ. ਐਲ. ਏ. ਦਾ ਕੋਈ ਕੰਮ ਨਹੀਂ ਮੋੜਦਾ ਸੀ। ਬੋਰਡ ਦੇ ਅਫ਼ਸਰਾਂ ਨੂੰ ਪ੍ਰਧਾਨ ਦਾ ਹੁਕਮ ਮੁੱਖ ਮੰਤਰੀ ਦਾ ਹੁਕਮ ਬਣਿਆ ਹੋਇਆ ਸੀ। ਉਂਝ ਵੀ ਪ੍ਰਧਾਨ ਨੂੰ ਖੁਸ਼ ਰੱਖਣਾ ਜ਼ਰੂਰੀ ਸੀ। ਬੋਰਡ ਨੂੰ ਤਾਂ ਸਾਹ ਹੀ ਪ੍ਰਧਾਨ ਰਾਹੀਂ ਆਉਂਦਾ ਸੀ।

ਐਕਸ. ਈ. ਐਨ. ਆਪ ਮੇਨ ਹੋਲ 'ਤੇ ਜਾ ਕੇ ਆਇਆ ਸੀ। ਐਸ. ਡੀ. ਓ. ਬਰਾੜ, ਜੇ. ਈ. ਵਰਮੇ ਦੇ ਨਾਲ ਉਹ ਘਨਈਆ ਨੂੰ ਵੀ ਲੈ ਗਿਆ ਸੀ। ਇਹ ਸੀਵਰ ਲਾਈਨ ਪਾਇਆਂ ਛੇ-ਸੱਤ ਸਾਲ ਹੋ ਗਏ ਸਨ। ਇਕ ਰੀਚ ਕਾਫੀ ਸਮੇਂ ਤੋਂ ਬੰਦ ਪਈ ਸੀ। ਇਕ ਮੇਨ ਹੋਲ 'ਚੋਂ ਓਵਰਫਲੋ ਹੋ ਕੇ ਗੰਦਾ ਪਾਣੀ ਨਾਲੀ ਰਾਹੀਂ ਦੂਜੇ ਮੇਨ ਹੋਲ ਵਿਚ ਜਾ ਰਿਹਾ ਸੀ। ਪਰ ਉਥੇ ਹਰ ਵਕਤ ਬਦਬੂ ਫੈਲੀ ਰਹਿੰਦੀ। ਲੋਕ ਨੱਕ 'ਤੇ ਰੁਮਾਲ ਰੱਖ ਕੇ ਲੰਘਦੇ। ਪਿਛਲੇ ਘਰਾਂ ਦੀਆਂ ਫਲੱਸ਼ਾਂ 'ਚੋਂ ਗੰਦੀ ਬੂ ਘਰਾਂ 'ਚ ਫੈਲੀ ਰਹਿੰਦੀ। ਮੁਹੱਲੇ ਦੇ ਅੱਕੇ ਲੋਕਾਂ ਨੇ ਪ੍ਰਧਾਨ ਨੂੰ ਜਾ ਘਰਿਆ। ਪ੍ਰਧਾਨ ਨੇ ਬੋਰਡ ਦੇ ਅਫ਼ਸਰਾਂ ਨੂੰ ਹੁਕਮ ਚਾੜ੍ਹ ਦਿੱਤੇ।

ਵਰਮਾ ਜੇ. ਈ. ਅਤੇ ਘਨਈਆ ਉਸੇ ਦਿਨ ਪੰਜ-ਛੇ ਸੀਵਰਮੈਨ ਲੈ ਕੇ ਬੰਦ ਪਏ ਮੇਨ ਹੋਲ 'ਤੇ ਜਾ ਪੁੱਜੇ। ਬੰਟੂ ਵੀ ਨਾਲ ਸੀ। ਦੋਵੇਂ ਮੇਨ ਹੋਲਾਂ ਦੇ ਢੱਕਣ ਪੱਟੇ। ਜ਼ਹਿਰੀਲੀ ਗੈਸ ਦੇ ਭੰਬੂਕੇ ਬਾਹਰ ਆਏ। ਕਈ ਸਾਲ ਬੰਦ ਰਹਿਣ ਕਰਕੇ ਸੀਵਰਹੋਲ ਗੈਸ ਚੈਂਬਰ ਬਣੇ ਹੋਏ ਸਨ। ਘੰਟਾ ਡੇਢ ਘੰਟਾ ਉਹ ਸਾਰੇ ਪਾਸੇ ਬੈਠੇ ਰਹੇ। ਬੀੜੀਆਂ ਪੀਂਦੇ ਰਹੇ। ਮੇਨ ਹੋਲ ਵਿਚ ਬਲਦੀਆਂ ਤੀਲੀਆਂ ਸੁੱਟ ਸੁੱਟ ਵੇਖਦੇ ਰਹੇ।

"ਰੌਕੀ ਤੂੰ ਨੀਚੇ ਉਤਰ .... ਓਏ" ਘਨਈਏ ਦੇ ਕਹਿਣ 'ਤੇ ਰੌਕੀ ਨੇ ਕੱਪੜੇ ਲਾਹ ਦਿੱਤੇ। ਸਿਰਫ਼ ਨਿੱਕਰ ਹੀ ਰਹਿਣ ਦਿੱਤੀ। ਸੀਵਰ ਦਸ-ਬਾਰਾਂ ਫੁੱਟ ਡੂੰਘਾ ਸੀ। ਰੌਕੀ ਪੌੜੀਆਂ ਉਤਰ ਗਿਆ ਤੇ ਹੇਠਾਂ ਜਾਂਦਾ ਹੀ ਬੇਹੋਸ਼ ਹੋ ਗਿਆ।

ਹੇਠਾਂ ਕੋਈ ਹਿੱਲ-ਜੁਲ ਨਾ ਹੋਈ। ਉਨ੍ਹਾਂ ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

"ਓ ਰੌਕੀ ਓਏ ..... ਓ ਰੌਕੀ ..... ਰੌਕੀ ਦੇ ਚਾਚੇ ਸਰੂਪੇ ਸੀਵਰਮੈਨ ਨੇ ਆਵਾਜ਼ਾਂ ਮਾਰੀਆਂ। ਪਰ ਸੀਵਰ ਹੋਲ 'ਚੋਂ ਕੋਈ ਹੁੰਗਾਰਾ ਨਾ ਆਇਆ।

"ਰੌਕੀ ਕੋ ਤੋ ਗੇਅਸ ਚੜ੍ਹਗੀ ਭਾਅਈ......" ਪਤਾ ਨਹੀਂ ਕਿਸ ਨੇ ਕਿਹਾ ਸਰੂਪੇ ਨੂੰ ਤਾਂ ਸਿਰਫ਼ ਆਵਾਜ਼ ਹੀ ਸੁਣੀ।

"ਰੌਕੀ ..... ਓ ਬੇਟਾ ਰੌਕੀ ....." ਆਵਾਜ਼ਾਂ ਮਾਰਦਾ ਸਰੂਪਾ ਕੱਪੜਿਆਂ ਸਮੇਤ ਹੀ



ਮੇਨ ਹੋਲ 'ਚ ਉਤਰ ਗਿਆ। ਜਾਂਦੇ ਹੀ ਸਰੂਪੇ ਨੂੰ ਜ਼ਹਿਰੀਲੀ ਗੈਸ ਨੇ ਘੇਰ ਲਿਆ ..... ਸਰੂਪੇ ਦਾ ਪੈਰ ਜਦ ਪਾਣੀ 'ਚ ਕਿਸੇ ਭਾਰੀ ਚੀਜ਼ ਨਾਲ ਲੱਗਿਆ ਤਾਂ ਉਸ ਲੇਰ ਮਾਰੀ, ".....ਰੌਕੀ ਤੋ ਮਰ ਗਇਓ ਭਾਅਈਓ..... ਮੈਂ ਭੀ ਗਿਓ ..... ਔਰ ਕੋਈ ਨਾ.....।" ਆਵਾਜ਼ ਸਰੂਪੇ ਦੇ ਸੰਘ 'ਚ ਹੀ ਦਮ ਤੋੜ ਗਈ।

ਸ਼ਹਿਰ 'ਚ ਰੌਲਾ ਪੈ ਗਿਆ। ..... ਦੋ ਸੀਵਰ ਕਰਮਚਾਰੀਆਂ ਦੀ ਜ਼ਹਿਰੀਲੀ ਗੈਸ ਨਾਲ ਮੌਤ। ਅਖ਼ਬਾਰਾਂ ਨੇ ਖ਼ਬਰ ਚੁੱਕ ਲਈ। ਸਾਰੀ ਬਰਾਦਰੀ ਭੜਕ ਪਈ। ਬੰਟੂ ਦਾ ਤਨ-ਬਦਨ ਚੰਗਿਆੜੇ ਛੱਡਣ ਲੱਗਾ। ਘਨਈਆ ਬਰਾਦਰੀ ਦਾ ਆਗੂ ਤਾਂ ਸੀ ਹੀ ਪਰ ਦੂਜੇ ਪਾਸੇ.....।

ਦੂਜੇ ਦਿਨ ਸੀਵਰੇਜ ਬੋਰਡ ਦੇ ਦਫ਼ਤਰ ਅੱਗੇ ਹਜ਼ਾਰਾਂ ਦਾ ਇਕੱਠ ਜੁੜ ਗਿਆ। ਸੀਵਰਮੈਨ ਯੂਨੀਅਨ, ਸਵੀਪਰ ਯੂਨੀਅਨ ਤੋਂ ਇਲਾਵਾ ਹੋਰ ਜਥੇਬੰਦੀਆਂ ਵੀ ਆਪ-ਮੁਹਾਰੇ ਆ ਗਈਆਂ। ਲੋਕਾਂ ਦਾ ਗੁੱਸਾ ਸਤਵੇਂ ਆਸਮਾਨ ਸੀ। ਲੀਡਰਾਂ ਨੇ ਭਾਸ਼ਣ ਦਿੱਤੇ। ਹੜਤਾਲ, ਭੁੱਖ-ਹੜਤਾਲ, ਮਰਨ ਵਰਤ, ਸਾੜ-ਫੂਕ, ਪਸੀਨੇ ਦੀ ਥਾਂ ਖੂਨ ਡੋਲ੍ਹਣ ਅਤੇ ਤਖਤ ਤਾਜ ਬਦਲਣ ਦੇ ਨਾਹਰੇ ਦਿੱਤੇ। ਲੰਚ ਬਰੇਕ ਲਈ ਰੈਲੀ ਖ਼ਤਮ ਕਰਕੇ ਦੂਜੇ ਦਿਨ ਆਉਣ ਦਾ ਸੱਦਾ ਦਿੱਤਾ।

ਪਰ 'ਉਧਰੋਂ' ਦੂਜਾ ਦਿਨ ਆਉਣ ਹੀ ਨਾ ਦਿੱਤਾ। ਉਨ੍ਹਾਂ ਸ਼ਾਮ ਨੂੰ ਹੀ ਝੁਰਲੂ ਫੇਰ ਦਿੱਤਾ। ਸਰਕਟ ਹਾਊਸ 'ਚੋਂ ਮੁੜਦੇ ਘਨਈਏ ਅਤੇ ਪੰਜ-ਸੱਤ ਸੰਮਤੀ ਆਗੂਆਂ ਦੇ ਖੀਸੇ ਖਾਲੀ ਨਹੀਂ ਸਨ।

ਦੂਜੇ ਦਿਨ ਅਖ਼ਬਾਰਾਂ ਵਿਚ ਛਪ ਗਿਆ "..... ਸੀਵਰਮੈਨ ਯੂਨੀਅਨ ਨੇ ਸੰਘਰਸ਼ ਵਾਪਿਸ ਲਿਆ ..... ਮ੍ਰਿਤਕਾਂ ਦੇ ਇੱਕ-ਇੱਕ ਪਰਿਵਾਰ ਮੈਂਬਰ ਨੂੰ ਨੌਕਰੀ ..... ਇੱਕ ਲੱਖ ਰੁਪਏ ਸਹਾਇਤਾ.....।"

ਦੂਜੇ ਦਿਨ ਲੋਕ ਸੀਵਰੇਜ ਬੋਰਡ ਦੇ ਦਫ਼ਤਰ ਆ ਮੁੜਦੇ ਰਹੇ। ਉਥੇ ਇਕੱਠੀਆਂ ਕੀਤੀਆਂ ਦਰੀਆਂ ਇੱਕ ਖੂੰਜੇ ਪਈਆਂ ਸਨ। ਦੁਪਹਿਰ ਤੱਕ ਬੰਟੂ ਕਿਧਰੋਂ ਪੀ ਆਇਆ। ਉਸ ਲਲਕਾਰਾ ਛੱਡਿਆ, "ਅਰੇ ਮੇਰੇ ਭਾਈਅਨ ਕੋ ਖਾਅ ਲੀਓ..... ਸਾਰੀ ਬੀਰਾਦਰੀ ਕੋ ਵੇਚ ਦੀਓ ਭਾਅਣ ਚੋ ਨੇ ..... ਹਰ ਕਹੀ ਕਾ ਨਾ ਰਿਹਾ.....।"

ਬੰਟੂ ਦਾ ਲਲਕਾਰਾ ਲੇਰ ਬਣਦਾ ਗਿਆ ".....ਅਬ ਕੀ ਵੇਰ ਮੈਂ ਭਰਦਾਨ ਬਣੂ ..... ਪੀਪੀ ਧਰੂੰ। ਘਨਈਆ ਐਸ. ਡੀ.ਓ. ਦੇ ਦਫ਼ਤਰ ਬੈਠਾ ਮਿੰਨਾ-ਮਿੰਨਾ ਮੁਸਕਰਾ ਰਿਹਾ ਸੀ।

ਇਸ ਤੋਂ ਬਾਅਦ ਬੰਟੂ ਉਨ੍ਹਾਂ ਲਈ ਗਲੇ 'ਚ ਫਸੀ ਹੱਡੀ ਬਣ ਗਿਆ। ਉਨ੍ਹਾਂ ਘਨਈਏ ਨੂੰ ਥਾਪੜਾ ਦਿੱਤਾ। ".....ਬੰਟੂ ਦਾ ਫਸਤਾ ਵੱਢੋ ਯਾਰ ..... ਇਹਦਾ ਫਾਤੀਆ ਪੜ੍ਹੋ ਸਾਲਾ ਡੇਲੀਵੇਜ਼ ਈ ਨੀਂ ਮਾਨ ..... ਜੇ ਕਿਤੇ ਰੈਗੂਲਰ ਹੋ ਗਿਆ.....।"

ਕੁੱਟ ਕੇ ਭੰਨੇ ਅਤੇ ਇਕੋ ਥਾਂ ਬੈਠੇ ਬੰਟੂ ਦੀਆਂ ਲੱਤਾਂ ਜਾਮ ਹੋਈਆਂ ਪਈਆਂ ਸਨ। ਉਸ ਉਠ ਕੇ ਅੰਗੜਾਈ ਲਈ। ਸੰਤਰੀ ਵੱਲ ਵੇਖਿਆ। ਥਾਣੇ ਦੀ ਲੈਟਰੀਨ ਵੱਲ ਪਿਸ਼ਾਬ ਕਰਨ

ਤੁਰ ਗਿਆ। ਲੈਟਰੀਨ ਦਾ ਬੁਰਾ ਹਾਲ ਸੀ। ਲੈਟਰੀਨ ਦੀਆਂ ਕੰਧਾਂ ਵੀ ਲਿਬੜੀਆਂ ਹੋਈਆਂ ਸਨ। ਬਦਬੂ ਦਾ ਗੁਬਾਰ ਬੰਟੂ ਦੇ ਦਿਮਾਗ ਨੂੰ ਚੜ੍ਹ ਗਿਆ।

ਇਸ ਬਦਬੂ ਦੇ ਗੁਬਾਰ ਦਾ ਬੰਟੂ ਪੁਰਾਣਾ ਭੇਤੀ ਸੀ। ਉਸਦੀ ਜਾਣੀ ਪਛਾਣੀ ਸੀ ਇਹ ਬਦਬੂ ..... ਨਿੱਕਾ ਹੁੰਦਾ ਬੰਟੂ ਆਪਣੀ ਮਾਂ ਨਾਲ ਕੰਮ 'ਤੇ ਚਲਾ ਜਾਂਦਾ .... ਉਸਦੀ ਮਾਂ ਬਹੁਤ ਸਾਰੇ ਘਰਾਂ ਵਿਚ ਬਣੀਆਂ 'ਚੁੱਲੀਆਂ' ਚੋਂ ਗੰਦਗੀ ਚੁੱਕਦੀ ..... ਉਸਦੇ ਪੱਕੇ ਘਰ ਲੱਗੇ ਹੋਏ ਸਨ, ਉਸਨੂੰ ਉਹ ਘਰ ਕਮਾਉਣਾ ਕਹਿੰਦੀ ..... ਪੀਪਾ ਖੌਂਚਾ ਅਤੇ ਛੋਟਾ ਜਿਹਾ ਝਾੜੂ ਉਸ ਕੋਲ ਹੁੰਦਾ।

ਮਾਂ ਸੁਰਤ ਸਿਰ ਹੋਏ ਬੰਟੂ ਨੂੰ ਵੀ ਨਾਲ ਲਿਜਾਣ ਲੱਗੀ ਸੀ,

"ਅਰੇ ਬੰਟੂ ..... ਜਾਗ ਰੇ ਛੋਹਰੇ..... ਮੇਰੇ ਸਾਥ ਚੱਲ ਘਰ ਕਮਾਉਣ .....।" ਬੰਟੂ ਨੂੰ ਝੰਜੋੜ ਕੇ ਉਠਾ ਲੈਂਦੀ। ਉਹ ਕਈ ਵਾਰ ਅੜ ਜਾਂਦਾ ਨਾਲ ਨਾ ਜਾਂਦਾ, ਮਾਂ ਤੋਂ ਕੁੱਟ ਖਾਂਦਾ, ਪਰ ਪਹਿਲਾਂ-ਪਹਿਲਾਂ ਉਹ ਚਾਅ ਨਾਲ ਜਾਣ ਲੱਗਾ ਸੀ ..... ਜੀਭ ਦੇ ਸੁਆਦ ਕਰਕੇ.....।

.....ਤੇ ਫਿਰ ਇਹ ਗੰਦਗੀ ਨਾਲ ਲਿਬੜੇ ਸੰਦ ਪੀਪਾ, ਖੌਂਚਾ ਝਾੜੂ, ਕਿੰਨੇ ਸਾਲ ਹੀ ਉਸਦੇ ਦਿਲ-ਦਿਮਾਗ ਤੇ ਜ਼ਖ਼ਮ ਕਰਦੇ ਰਹੇ। ਹੁਣ ਵੀ ਇਹ 'ਸੰਦ' ਕਈ ਵਾਰ ਉਸਦੇ ਸਿਰ ਵਿਚ ਆ ਘੁਸਦੇ ਸਨ। ਪਹਿਲੇ ਦਿਨ ਬੰਟੂ ਨੇ ਜਦ ਇਹ 'ਸੰਦ' ਵਰਤੇ ਸਨ ਤਾਂ ਉਸ ਸ਼ਾਮ ਉਹ ਰੋਟੀ ਨਹੀਂ ਖਾ ਸਕਿਆ ਸੀ। ਬਦਬੂ ਦਾ ਗੁਬਾਰ ਦਿਮਾਗ ਨੂੰ ਚੜ੍ਹਦਾ ਸੀ ..... ਪਰ ਅੰਦਰੋਂ ਕੁਝ ਨਹੀਂ ਨਿਕਲਦਾ ਸੀ।

ਬੰਟੂ ਫਿਰ ਅਤੀਤ 'ਚ ਚਲਾ ਗਿਆ। ਉਸ ਦਿਨ ਉਸਨੂੰ ਗੰਦਗੀ ਦਾ ਗੁਬਾਰ ਨਹੀਂ ਗੁੱਸੇ ਦਾ ਗੁਬਾਰ ਚੜ੍ਹਿਆ ਸੀ। ਸਵੇਰ ਦੀ ਡਿਊਟੀ ਵੇਲੇ ਜੇ. ਈ. ਵਰਮੇ ਨੇ ਆ ਹੁਕਮ ਸੁਣਾਇਆ ਸੀ..... "ਬੰਟੂ ਨੂੰ ਕੰਮ 'ਤੇ ਨਾ ਲਈਂ ..... ਭਜਾ ਦੇਹ ਘਨਈਏ ..... ਦੋ ਮਹੀਨਿਆਂ ਦਾ ਐਬਸੈਂਟ ..... ਅੱਜ ਆ ਗਿਐ.....।"

"ਸਰ ਜੀ..... ਕੌਅਨ ਕੇਹ ਰੋ ਹੈ ..... ਮੇਂ ਐਬਸੈਂਟ ਹੂੰ ..... ਰੋਜ਼ ਤੋਂ ਆਊਂ.....।"

"ਕਾਗਜ ਕਹਿੰਦੇ ਨੇ .....ਮਾਸਟਰੋਲ ਬੋਲਦੈ..... ਪ੍ਰਧਾਨਾ ਦੱਸ ਇਹਨੂੰ।..........

"ਹਾਂ ਬੰਟੂ..... ਤੂੰ ਆਵੇਂ ਕਬ ਹੈ ਰੇ ਕਾਮ ਪੇ ..... ਡੇਲੀ ਏਬਸੈਂਟ ਲਗਰੀ ਹੈ", ਘਨਈਆ ਇਕਦਮ ਅੱਖਾਂ ਬਦਲ ਗਿਆ ਸੀ।

"ਮੇਅਟ ਸਾਹਬ, ਤੀਨ ਦਿਨ ਈ ਨੀ ਆਇਆ ..... ਬਿਮਾਰ ਥਾ..... ਤੁਝੇ ਬਤਾ ਕਰ ਗਿਓ ਥਾ।"

"ਮੇਰ ਕੂ ਨਾ ਪਤੋ ਅਫਸਰਨ ਸੇ ਬਾਤ ਕਰ ਲੇ ਭਾਅਈ....." ਘਨਈਏ ਦੀ ਗੱਲ ਸੁਣ ਬੰਟੂ ਨੂੰ ਵਰਮੇ ਵੱਲ ਵੇਖਿਆ ਸੀ। ਪਰ ਵਰਮਾ ਤਾਂ ਉਥੋਂ ਜਾ ਚੁੱਕਾ ਸੀ।

"ਮੇਅਟ ਸਾਹਿਬ ਮੈਨੇ ਤੋਂ ਤਨਖਾਹ ਭੀ ਲੀ ਹੈ ..... ਦੋਨੋਂ ਮਹੀਨੋ ਕੀ.....।"

"ਤਨਖਾਹ ..... ਗੂਠੋ ਟੇਕ ਕੇ ਲੀ ਹੈ?" ਘਨਈਏ ਨੇ ਨੁਕਤਾ ਖੜ੍ਹਾ ਕਰ ਦਿੱਤਾ।

ਬੰਟੂ ਦਾ ਮਨ ਧੜਕਿਆ..... ਉਹ ਸੋਚੀਂ ਪੈ ਗਿਆ ..... ਉਸਨੂੰ ਯਾਦ ਆਇਆ .....



ਪੈਸੇ ਦੇ ਦਿੱਤੇ ਸਨ..... ਅੰਗੂਠਾ ਨਹੀਂ ਲਵਾਇਆ ਸੀ। ਉਹ ਨਿੰਮੋਝੂਣਾ ਡਾਢਾ ਉਦਾਸ ਹੋ ਗਿਆ ਸੀ। ਘਨਈਆ ਉਸਨੂੰ ਝਈ ਲੈ ਕੇ ਪਿਆ ਸੀ ..... ਉਹ ਘਰ ਨੂੰ ਤੁਰ ਪਿਆ ਸੀ। ਟੀਨਾ ਨੂੰ ਘਰੇ ਨਾ ਵੇਖਕੇ ਫਿਕਰ ਉੱਠਿਆ ਸੀ। ਕੁਸ਼ੱਲਿਆ ਦੀ ਯਾਦ ਤਾਜ਼ਾ ਹੋ ਗਈ ਸੀ।

ਬੰਟੂ ਦੀ ਕਿਸੇ ਨੇ ਬਾਂਹ ਨਹੀਂ ਫੜੀ ਸੀ।

ਉਹ ਵਿਹਲਾ ਹੋ ਗਿਆ ..... ਬੇਰੁਜ਼ਗਾਰ। ਡੇਲੀਵੇਜ਼ ਦੇ ਮਿਲਦੇ ਦੋ ਹਜ਼ਾਰ ਬਾਈ ਸੌ ਨਾਲ ਉਹ ਖੁਸ਼ ਸੀ। ਕੰਮ ਲੱਗਿਆ ਹੋਇਆ ..... ਜਾਨ ਤੋੜਕੇ ਕੰਮ ਕਰਦਾ.....ਪਰ ਹੁਣ ਉਹ ਵਿਹਲਾ ਸੀ। ਜਿਥੇ ਸੀਵਰਮੈਨ ਕੰਮ ਕਰਦੇ ਹੁੰਦੇ ਉਥੇ ਚਲਾ ਜਾਂਦਾ। ਸੀਵਰ ਖੋਲ੍ਹਣ ਦੇ ਗੁਰ ਦੱਸਣ ਲੱਗ ਜਾਂਦਾ। ਉਸਦੇ ਸਾਥੀ ਰਹਿ ਚੁੱਕੇ ਸੀਵਰਮੈਨਾਂ ਨੂੰ ਉਸ ਨਾਲ ਹਮਦਰਦੀ ਸੀ ਪਰ ਉਹ ਕੁਝ ਨਾ ਕਰ ਸਕਦੇ। ਇਕ ਦਿਨ ਘਨਈਏ ਨੇ ਉਸਨੂੰ ਦੁਰਕਾਰ ਦਿੱਤਾ, "ਬੰਟੂ ਅਬ ਤੂੰ ਯਹਾਂ ਕੇ ਕਰ ਤੋ ਹੈ .....ਜਾਹ ਕੇ ਅਪਨੋ ਕਾਮ ਕਰ.....।'

ਫਿਰ ਬੰਟੂ ਨੇ ਬਥੇਰੇ ਕੰਮ ਕੀਤੇ। ਰਿਕਸ਼ਾ ਚਲਾਇਆ। ਸਬਜ਼ੀ ਦੀ ਰੇਹੜੀ ਲਾਈ। ਦਿਹਾੜੀਆਂ ਕੀਤੀਆਂ। ਸਲਾਟਰ ਹਾਊਸ ਵਿਚ ਬਕਰੇ ਸਲਾਟਰ ਕੀਤੇ। ਰੇਲਵੇ ਫਾਟਕਾਂ 'ਤੇ ਮੁਰਗੇ ਦੇ ਮੀਟ ਦਾ ਖੋਖਾ ਲਿਆ। ਖੋਖਾ ਉਸ ਕਿਸੇ ਤੋਂ ਪੁਰਾਣਾ ਖਰੀਦ ਲਿਆ। ਮੀਟ ਕੱਟਣ ਲਈ ਟੋਕਾ, ਛੁਰੀ ਕਰਦ ਤੱਕੜੀ ਵੱਟੇ ਖਰੀਦ ਲਏ। ਲੱਕੜੀ ਦਾ ਅੱਡਾ ਲੈ ਲਿਆ।

ਉਸਦਾ ਕੰਮ ਰਿੜ੍ਹਿਆ ਹੀ ਸੀ ਕਿ ਕਮੇਟੀ ਤੇ ਰੇਲਵੇ ਵਾਲੇ ਆ ਗਏ। ਨਾਲ ਪੁਲੀਸ। ਟਰੈਕਟਰ-ਟਰਾਲੀਆਂ, ਜੇ ਸੀ ਬੀ ਮਸ਼ੀਨ। ਉਨ੍ਹਾਂ ਸਾਰੇ ਥੜ੍ਹੇ ਅੱਡੇ ਖੋਖੇ ਢਾਹ ਭੰਨ ਦਿੱਤੇ। ਸਮਾਨ ਚੁੱਕ ਕੇ ਟਰਾਲੀਆਂ ਵਿਚ ਸੁੱਟ ਲਿਆ। ਵਿਚੇ ਬੰਟੂ ਦਾ ਖੋਖਾ। ਉਸ ਕੋਲ ਸਿਰਫ਼ ਟੋਕਾ ਰਹਿ ਗਿਆ। ਬੰਟੂ ਦੇ ਮਨ ਵਿਚ ਅਥਾਹ ਗੁੱਸਾ ਸੀ। ਹੱਥ ਵਿਚ ਟੋਕਾ.....। ਪਰ ਉਹ ਕੁਝ ਨਾ ਕਰ ਸਕਿਆ।

ਵਿਹਲਾ ਫਿਰਦਾ ਬੰਟੂ ਕਮੇਟੀ ਵਿਚ ਇਵਜੀ 'ਤੇ ਲੱਗ ਗਿਆ। ਜਗਦੀਸ਼ ਦੀ ਇਵਜ਼ੀ 'ਤੇ.....। ਜਗਦੀਸ਼ ਸਵੀਪਰ ਸੀ..... ਨੌਕਰੀ ਦੇ ਨਾਲ ਬਸਤੀ 'ਚ ਦੁਕਾਨ ਵੀ ਕਰਦਾ ਸੀ। ਕਰਿਆਨੇ ਦੀ..... ਉਹ ਆਪ ਡਿਊਟੀ ਨਾ ਜਾਂਦਾ..... ਕਿਸੇ ਹੋਰ ਨੂੰ ਰੱਖ ਲੈਂਦਾ..... ਹਜ਼ਾਰ ਪੰਦਰਾਂ ਸੌ ਤੇ..... ਜਿੰਨੇ ਵਿਚ ਠੀਕ ਆਉਂਦਾ..... ਇਵਜ਼ੀ ਵਾਲੇ ਤੋਂ ਬਿਨਾਂ ਉਤਲਿਆਂ ਨੂੰ ਵੀ.....ਜਗਦੀਸ਼। ਉਸੇ ਜਗਦੀਸ਼ ਦੀ ਇਵਜੀ 'ਤੇ ਲੱਗ ਗਿਆ ਬੰਟੂ।

ਬੰਟੂ ਕੰਮ ਦਾ ਤਾਂ ਮਾਹਰ ਸੀ ਹੀ..... ਉਹ ਅੱਖ ਦੇ ਫੋਰੇ 'ਚ ਨਾਲੀ ਕੱਢਦਾ..... ਗਾਰ ਰੇਹੜੀ 'ਚ ਭਰਦਾ.....ਡੱਬੇ ਤੇ ਸੁੱਟ ਆਉਂਦਾ.....ਕੰਮ ਮੁਕਾ ਵਿਹਲਾ ਬੈਠਾ ਬੀੜੀ ਪੀਂਦਾ ਰਹਿੰਦਾ। ਹਫ਼ਤਾ ਭਰ ਸਾਫ਼ ਨਾ ਹੋਣ ਵਾਲੀ ਨਾਲੀ ਰੋਜ਼ ਸਾਫ਼ ਹੋਣ ਲੱਗੀ। ਬਜ਼ਾਰ ਵਾਲੇ ਦੁਕਾਨਦਾਰ ਵੀ ਖੁਸ਼ ਰਹਿਣ ਲੱਗੇ..... ਉਹ ਆਪ ਹੀ ਬੰਟੂ ਨੂੰ ਚਾਹ ਨਾਲ ਕੁਝ ਖਵਾ ਵੀ ਦਿੰਦੇ..... ਮੱਠੀ ਲੱਡੂ ਬਾਲੂਸ਼ਾਹੀ ਜਾਂ ਕੋਈ ਹੋਰ ਕੁਝ.....।

ਉਥੇ ਬੈਠੇ ਬੰਟੂ ਕੋਲ ਦੀ ਕਾਂਤਾ ਕੂੜੇ ਦੀ ਰੇਹੜੀ ਭਰ ਕੇ ਡੱਬੇ 'ਤੇ ਸੁੱਟਣ ਜਾਂਦੀ। ਇਕੱਲੀ ਕਾਂਤਾ ਹੀ ਨਹੀਂ ਹੋਰ ਵੀ ਕਈ ਸਫਾਈ ਸੇਵਕ ਉਥੋ ਦੀ ਲੰਘਦੇ ..... ਇਕ ਦਿਨ

ਪਤਾ ਨਹੀਂ ਕਿਵੇਂ ਬੰਟੂ ਦਾ ਧਿਆਨ ਕਾਂਤਾ ਵੱਲ ਚਲਾ ਗਿਆ। ਕਾਂਤਾ ਕੂੜੇ ਦੀ ਭਰੀ ਰੇਹੜੀ ਖਿੱਚੀ ਜਾਂਦੀ ਸੀ। ਉਸਦੇ ਸਰੀਰ ਦੇਂ ਸਾਰੇ ਪੱਠੇ ਤਣੇ ਹੋਏ ਸਨ..... ਭਾਰੀ ਰੇਹੜੀ ਨਾਲ ਹੌਂਕਦੀ ਜਾਂਦੀ ਕਾਂਤਾ ਨੂੰ ਬੰਟੂ ਵੇਖਦਾ ਰਿਹਾ ਇੱਕ ਟੱਕ.....। ਉਸਨੂੰ ਕੁਸ਼ੱਲਿਆ ਯਾਦ ਆ ਗਈ। ਉਸਦਾ ਸਰੀਰ ਮੱਚਣ ਲੱਗਾ.....ਜਿਸਮ 'ਤੇ ਭੂਰੀਆਂ ਕੀੜੀਆਂ ਲੜਨ ਲੱਗੀਆਂ.....ਨਾੜਾਂ ਵਿਚ ਖ਼ੂਨ ਤੇਜ਼ ਵਗਣ ਲੱਗਾ.....। ਉਹ ਮੁੜਦੀ ਕਾਂਤਾ ਦੀ ਉਡੀਕ ਕਰਨ ਲੱਗਾ.....ਪਰ ਕਾਂਤਾ ਤਾਂ ਵਾਪਸ ਹੀ ਨਾ ਆਈ। ਉਥੋਂ ਹੀ ਰੇਹੜੀ ਸੁੱਟ ਕੇ ਕਿਧਰੇ ਚਲੀ ਗਈ.....।

ਬੰਟੂ ਕਿੰਨਾ ਹੀ ਚਿਰ ਉਥੇ ਬੈਠਾ ਰਿਹਾ। ਫਿਰ ਪੈਰ ਘਸੀਟਦਾ ਘਰ ਆ ਗਿਆ। ਘਰ ਆ ਕੇ ਵੀ ਉਸਨੂੰ ਇੱਕ ਅੱਚਵੀ ਜੀ ਲੱਗੀ ਰਹੀ। ਕਦੇ ਉਹ ਕਮਰੇ ਦੇ ਅੰਦਰ ਜਾ ਪੈਂਦਾ, ਕਦੇ ਬਾਹਰ ਆ ਜਾਂਦਾ। ਉਸ ਫਜ਼ੂਲ ਜਿਹੇ ਦੋ ਤਿੰਨ ਚੱਕਰ ਕਾਂਤਾ ਦੇ ਘਰ ਅੱਗੋਂ ਦੀ ਵੀ ਲਗਾਏ, ਪਰ ਕਾਂਤਾ ਤਾਂ ਖੌਰੇ ਕਿਧਰ ਛਿਪਨ ਹੋ ਗਈ ਸੀ.....।

ਕਾਂਤਾ ਭਰ ਜਵਾਨੀ ਵਿਚ ਵਿਧਵਾ ਹੋ ਗਈ ਸੀ। ਇਕੱਲੀ ਕਾਂਤਾ ਹੀ ਕੀ..... ਬਰਾਦਰੀ ਦੀਆਂ ਬਹੁਤੀਆਂ ਔਰਤਾਂ ਦਾ ਭਾਗ ਇਹੋ ਸੀ।..... ਲੋਕਾਂ ਦਾ ਮਲ ਮੂਤਰ ਚੁੱਕਦਾ.....ਕੋਈ ਕੋਈ ਹੀ ਸਿਰੇ ਲੱਗਦਾ..... ਨਹੀਂ ਤਾਂ ਸਾਹਾਂ ਦੀ ਡੋਰ ਵਿਚਕਾਰੋਂ ਹੀ ਕੱਟੀ ਜਾਂਦੀ.....ਫਿਰ ਦਿਉਰ, ਜੇਠ ਜਾਂ ਸਹੁਰਾ ਪਤਿਉਰਾ.....। ਇਵੇਂ ਕਾਂਤਾ ਨੂੰ ਉਸਦੇ ਜੇਠ ਨਾਲ ਹੀ ਨਰੜ ਦਿੱਤਾ ਸੀ। ਪੈਸਾ ਦਾ ਲਾਲਚੀ ਜਗਦੀਸ਼ ਸਾਂਮਲਾ.....ਦਮੇ ਦਾ ਮਰੀਜ਼..... ਦੋਹਾਂ ਔਰਤਾਂ ਦੀ ਧੰਗੇੜ ਕਿਵੇਂ ਝੱਲਦਾ..... ਉਹ ਦੋਵੇਂ ਦਰਾਣੀ ਜੇਠਾਣੀ.....ਸਮਿੱਤਰਾ ਤੇ ਕਾਂਤਾ.....ਆਪਸ ਵਿਚ ਝਾਟਮ-ਝਾਟੀ ਹੁੰਦੀਆਂ..... ਨੰਗੀਆਂ ਗਾਲਾਂ ਬਕਦੀਆਂ.....ਜਗਦੀਸ਼ ਤੋਂ ਸਾਂਭੀਆਂ ਨਾ ਜਾਂਦੀਆਂ।

ਉਹ ਰਹਿੰਦੀਆਂ ਵੱਖ-ਵੱਖ ਹੀ ਸਨ। ਆਪਣੇ ਇਕ-ਇਕ ਕਮਰੇ ਦੇ ਘੋਰਨੇ ਵਰਗੇ ਘਰਾਂ ਵਿਚ..... ਪਰ ਜਗਦੀਸ਼ ਦੋਵੇਂ ਘਰਾਂ ਵਿਚ ਜਾਂਦਾ ਸੀ..... ਆਪਣੇ ਹੱਕ ਅਤੇ ਅਧਿਕਾਰ ਨਾਲ..... ਇਕ ਦਿਨ ਇਸੇ ਹੱਕ ਅਤੇ ਅਧਿਕਾਰ ਨਾਲ ਦੇਹਲੀ ਲੰਘਦੇ ਜਗਦੀਸ਼ ਦੇ ਛਾਤੀ ਵਿਚ ਦੁਹੱਥੜ ਮਾਰਿਆ ਕਾਂਤਾ ਨੇ..... ਗਲੀ ਵਿਚ ਚੌਫਾਲ ਡਿੱਗੇ ਜਗਦੀਸ਼ ਦੇ ਚਿੱਤੜਾਂ 'ਤੇ ਲੱਤ ਮਾਰਦੀ.....ਸ਼ੇਰਨੀ ਵਾਂਗ ਗਰਜੀ ਸੀ ਕਾਂਤਾ.....'ਬਹੁਤ ਹੋ ਲੀਆ.....ਖਬਰਦਾਰ ਜੇ ਮਾਰ੍ਹੇ ਘਰ ਆਇਓ ਤੋ.....।"

ਤੇ ਫਿਰ ਕਾਂਤਾ ਦੇ ਘਰ ਦਾ ਦਰਵਾਜ਼ਾ ਜਗਦੀਸ਼ ਲਈ ਤਾਂ ਬੰਦ ਹੋ ਗਿਆ ਸੀ.....ਪਰ ਹੋਰ ਕਈਆਂ ਲਈ ਖੁੱਲ ਗਿਆ ਸੀ। ਬੰਟੂ ਨੂੰ ਇਹਨਾਂ ਗੱਲਾਂ ਦਾ ਪਤਾ ਸੀ। ਉਸੇ ਕਾਂਤਾ ਨੇ ਬੰਟੂ ਨੂੰ ਅੱਚਵੀਂ ਲਾਈ ਹੋਈ ਸੀ। ਉਹ ਵਾਰ-ਵਾਰ ਸੋਚ ਰਿਹਾ ਸੀ "ਯਾਰ ਕਾਂਤਾ ਮੇਰ ਕੂ ਪਹਿਲੇ ਕੀਊਂ ਨਾ ਦੀਖੀ.....।" ਉਸਤੋਂ ਰਾਤ ਨੂੰ ਰੋਟੀ ਨਾ ਖਾਧੀ ਗਈ।

ਦੂਜੇ ਦਿਨ ਬੰਟੂ ਸੰਦੇਹਾਂ ਹੀ ਕੰਮ ਨਿਬੇੜ ਕੇ ਉਸੇ ਥਾਂ ਆ ਬੈਠਾ। ਕਾਂਤਾ ਦੀ ਉਡੀਕ ਕਰਨ ਲੱਗਾ। ਉਸਦਾ ਸਰੀਰ ਫਾਲੇ ਵਾਂਗ ਤਪ ਰਿਹਾ ਸੀ। ਉਹਨੂੰ ਸਮਾਂ ਰੁਕ ਗਿਆ ਲੱਗਦਾ



ਸੀ। ਕਾਂਤਾ ਦਾ ਤਾਂਬੇ ਰੰਗਾ ਬਦਨ ਅੱਖਾਂ ਅੱਗੇ ਅੱਕਾਂ ਦੇ ਭੱਬੂਆਂ ਵਾਂਗ ਉੱਡਿਆ ਫਿਰਦਾ ਸੀ..... ਉਹ ਸਾਹ ਸਤ ਹੀਣ ਹੋ ਗਿਆ ਜਦੋਂ ਕਾਂਤਾ ਉਸਦੇ ਅੱਗੋਂ ਦੀ ਰੇਹੜੀ ਲੈ ਕੇ ਲੰਘਣ ਲੱਗੀ.....ਮੁੜ੍ਹਕੇ ਨਾਲ ਗੜੁੱਚ ਕਾਂਤਾ ਦੇ ਬਦਨ 'ਚੋਂ ਉਸਨੂੰ ਕੁਸ਼ੱਲਿਆ ਵਰਗੀ ਮਹਿਕ ਤਾਂ ਆਈ.....ਪਰ ਬੰਟੂ ਦੀ ਜੁਬਾਨ ਤਾਲੂ ਨੂੰ ਜਾ ਲੱਗੀ.....ਸੰਘ ਖੁਸ਼ਕ ਹੋ ਗਿਆ.....ਸ਼ਬਦ ਗਲ 'ਚ ਅਟਕ ਗਏ.....ਕਾਂਤਾ ਉਸਦੇ ਅੱਗੋਂ ਦੀ ਲੰਘ ਗਈ.....ਬੰਟੂ ਨੂੰ ਉਸਦਾ ਪਿੱਛਾ ਦਿਸਣ ਲੱਗਾ.....ਉਹ ਹੁਬਕਲੀ ਮਾਰ ਕੇ ਉੱਠਿਆ.....ਭੱਜ ਕੇ ਕਾਂਤਾ ਦੀ ਰੇਹੜੀ ਨੂੰ ਪਿਛੋਂ ਧੱਕਾ ਲਾਉਣ ਜਾ ਲੱਗਾ.....ਕਾਂਤਾਂ ਨੂੰ ਤਾਂ ਜਿਵੇਂ ਸਾਹ ਜਿਹਾ ਆ ਗਿਆ.....ਉਸ ਪਿੱਛੇ ਭਉ ਕੇ ਵੇਖਿਆ.....ਬੰਟੂ ਦੀਆਂ ਅੱਖਾਂ ਬਾਤ ਪਾ ਰਹੀਆਂ ਸਨ.....ਕਾਂਤਾ ਕੁਝ ਚਿਰ ਤਾਂ ਵੇਖੀ ਗਈ.....ਤੇ ਫਿਰ ਕਾਂਤਾ ਦੀਆਂ ਅੱਖਾਂ ਹੁੰਗਾਰਾ ਭਰ ਗਈਆਂ.....ਬੰਟੂ ਨੂੰ ਸੁਰਗਾਂ ਦੇ ਨਜ਼ਾਰੇ ਬੱਝ ਗਏ।

ਬੰਟੂ ਲਈ ਸੁਰਗਾਂ ਦੇ ਇਹ ਨਜ਼ਾਰੇ ਲੰਬੇ ਨਹੀਂ ਸੀ.....ਦਸ ਪੰਦਰਾਂ ਦਿਨਾਂ ਬਾਅਦ ਹੀ ਕਾਂਤਾ ਦੇ ਦੋਵੇਂ ਮੁੰਡੇ ਹਵਾ ਵਾਂਗ ਆਏ.....ਬੰਟੂ ਨੂੰ ਛੱਲੀਆਂ ਵਾਂਗ ਕੁੱਟ ਕੇ.....ਹਨ੍ਹੇਰੀ ਵਾਂਗ ਮੁੜ ਗਏ.....ਬੰਟੂ ਨੂੰ ਤਾਂ ਮੋਟਰਸਾਈਕਲ ਦੀ ਗੂੰਜ ਹੀ ਸੁਣੀ ਸੀ..... ਜਾਂ ਫਿਰ ਕੁੱਟ ਨਾਲ ਭੰਨਿਆ ਅੰਗ-ਅੰਗ ਤਰਾਟਾਂ ਛੱਡ ਰਿਹਾ ਸੀ। ਕੰਨਾਂ ਵਿਚ ਮੁੰਡਿਆਂ ਦੇ ਬੋਲ ਕਈ ਦਿਨ ਗੂੰਜੀਂ ਗਏ ਸਨ, ".....ਸਾਲਾ ਕੁੱਤਾ ਮਵਾਤੀ..... ਮਾਰ੍ਹੇ ਦੇਸੀਆਂ ਨਾਲ ਪਾਂਗੇ ਲਵੈਅ.....।"

ਦੂਜੇ ਦਿਨ ਹੀ ਜਗਦੀਸ਼ ਨੇ ਉਸਨੂੰ ਇਵਜ਼ੀ ਤੋਂ ਹਟਾ ਦਿੱਤਾ ਸੀ।

ਇਨ੍ਹਾਂ ਬੇਕਾਰੀ ਦੇ ਦਿਨਾਂ ਵਿਚ ਹੀ ਉਸਦਾ ਮੇਲ ਅਮਰੂ ਬਲੈਕੀਏ ਨਾਲ ਹੋਇਆ ਸੀ। ਉਹ ਬੰਟੂ ਕੋਲ ਭੁੱਕੀ ਰੱਖਣ ਲੱਗਾ। ਕਦੇ ਅਮਰੂ ਆਪ ਬੰਟੂ ਦੇ ਘਰ ਭੁੱਕੀ ਰੱਖ ਜਾਂਦਾ। ਕਦੇ ਉਸਦਾ ਮੁੰਡਾ ਗੋਲਡੀ। ਫਿਰ ਗੋਲਡੀ ਦੇ ਗੇੜੇ ਵਧਦੇ ਗਏ। ਬੰਟੂ ਨੂੰ ਟੀਨਾ ਅਤੇ ਗੋਲਡੀ ਦਾ ਹਿੜ-ਹਿੜ ਕਰਨਾ ਬੁਰਾ ਵੀ ਲੱਗਦਾ ਸੀ ਪਰ .....।

ਬੰਟੂ ਭੁੱਕੀ ਦੀਆਂ ਪੁੜੀਆਂ ਬਣਾਕੇ ਰੱਖ ਲੈਂਦਾ। ਦਸ ਰੁਪਏ ਵਾਲੀ, ਵੀਹ ਰੁਪਏ ਵਾਲੀ, ਪੰਜਾਹ ਰੁਪਏ ਵਾਲੀ, ਸੌ ਰੁਪਏ ਵਾਲੀ। ਬੰਟੂ ਰੇਲਵੇ ਲਾਈਨ 'ਤੇ ਪਿੱਪਲ ਹੇਠਾਂ ਬੈਠਾ ਰਹਿੰਦਾ। ਪਿੱਪਲ ਵਾਲੀ ਥੜ੍ਹੀ ਉਸਦਾ ਪੱਕਾ ਅੱਡਾ ਬਣ ਗਈ। ਗਾਹਕ ਆਉਂਦੇ। ਬੰਟੂ ਪੈਸੇ ਫੜਦਾ। ਪਿੱਪਲ ਹੇਠ ਭੁੱਕੀ ਦੀ ਪੁੜੀ ਲਿਆ ਫੜਾਉਂਦਾ। ਪੰਜ-ਸੱਤ ਪੁੜੀਆਂ ਤਾਂ ਉਹ ਜੇਬਾਂ ਵਿਚ ਹੀ ਪਾਈ ਰੱਖਦਾ। ਗਾਂਧੀ ਨਗਰ, ਦੀਪ ਕਾਲੋਨੀ, ਗੰਗੂਪੁਰਾ, ਊਧਮ ਨਗਰ ਦੇ ਮਜ਼ਦੂਰਾਂ ਅਤੇ ਅਮਲੀਆਂ ਦੇ ਸਵੇਰੇ ਸ਼ਾਮ ਤਾਂਤਾ ਲੱਗਿਆ ਰਹਿੰਦਾ।

ਹੁਣ ਬੰਟੂ ਦਾ ਹੱਥ ਸੌਖਾ ਰਹਿਣ ਲੱਗਾ। ਉਸਦੇ ਕੱਪੜੇ ਸਾਫ਼ ਹੁੰਦੇ ਗਏ। ਬਟੂਏ ਵਿਚ ਨੋਟ ਰਹਿਣ ਲੱਗੇ। ਉਸ ਬਿਜਲੀ ਦਾ ਕੱਟਿਆ ਕੁਨੈਕਸ਼ਨ ਦੁਬਾਰਾ ਚਾਲੂ ਕਰਵਾ ਲਿਆ। ਉਹ ਸਵੇਰੇ ਆਉਣ ਸਾਰ ਪਿੱਪਲ ਨੂੰ ਮੱਥਾ ਟੇਕਦਾ। ਥੜ੍ਹੀ 'ਤੇ ਆ ਬੈਠਦਾ, ਪਿੱਪਲ ਅਤੇ ਥੜ੍ਹੀ ਉਸਨੂੰ ਭਾਗਾਂ ਵਾਲੇ ਲੱਗਦੇ.....।

ਭਾਗਾਂ ਵਾਲੇ ਤਾਂ ਉਸਨੂੰ ਚਾਰੇ ਸਵੀਪਰ ਵੀ ਲੱਗਦੇ ਸਨ। ਜੋ ਕਮੇਟੀ ਘਰ 'ਚ ਸੈਨਟਰੀ

ਵਾਲੇ ਕਮਰੇ ਦੇ ਬਾਹਰ ਇਕੋ ਲੰਬੇ ਬੈਂਚ 'ਤੇ ਬੈਠੇ ਹੁੰਦੇ..... ਬੁੱਤਾਂ ਵਾਂਗ। ਹਾਈਕੋਰਟ ਦੇ ਹੁਕਮਾਂ ਤੇ ਸਰਕਾਰ ਨੇ ਬੈਕਲਾਗ ਪੂਰਾ ਕੀਤਾ ਸੀ। ਅੰਗਹੀਣ ਕੋਟੇ 'ਚ ਸਾਰੇ ਮਹਿਕਮਿਆਂ ਵਿਚ ਕਰਮਚਾਰੀ ਭਰਤੀ ਕੀਤੇ ਸਨ। ਮਿਊਂਸਪਲ ਕਮੇਟੀ ਨੇ ਉਹੋ ਚਾਰ ਸਵੀਪਰ ਭਰਤੀ ਕੀਤੇ ਸਨ। ਜਿਨ੍ਹਾਂ ਵਿਚੋਂ ਤਿੰਨ ਨੇਤਰਹੀਣ ਸਨ ਇਕ ਦੀਆਂ ਦੋਵੇਂ ਲੱਤਾਂ ਮਰੀਆਂ ਹੋਈਆਂ ਸਨ। ਘਰ ਦਾ ਕੋਈ ਜੀਅ ਉਨ੍ਹਾਂ ਨੂੰ ਸਵੇਰੇ ਨੌਂ-ਦਸ ਵਜੇ ਉਥੇ ਬਿਠਾ ਜਾਂਦਾ ਲੰਬੇ ਬੈਂਚ 'ਤੇ ..... ਉਹ ਪੰਜ ਵਜੇ ਤੱਕ ਬੁੱਤਾਂ ਵਾਂਗ ਉਥੇ ਹੀ ਬੈਠੇ ਰਹਿੰਦੇ.....।

ਉਨ੍ਹਾਂ ਵੱਲ ਵੇਖ ਬੰਟੂ ਸੋਚਦਾ.....ਜੇ ਕਿਤੇ ਮੇਰਾ ਵੀ ਕੋਈ ਅੰਗ ਨਾ ਹੁੰਦਾ.....ਇਕ ਅੱਖ ਹੀ ਹੁੰਦੀ..... ਉਸੇ ਨਾਲ ਡੰਗ ਲਹਿ ਜਾਂਦਾ..... ਇਕ ਹੱਥ ਇੱਕ ਲੱਤ ਨਾਲ ਸਾਰ ਲੈਂਦਾ.....ਕੰਨਾਂ ਤੋਂ ਬਿਨਾਂ ਟਾਈਮ ਟੱਪ ਜਾਂਦਾ.....ਪੱਕੀ ਨੌਕਰੀ.....ਮੇਰੇ ਨਾਲੋਂ ਤਾਂ ਇਹੋ ਭਾਗਾਂ ਵਾਲੇ ਨੇ.....

ਬੰਟੂ ਨੂੰ ਉਸ ਭਾਗਾਂ ਵਾਲੇ ਪਿੱਪਲ ਹੇਠੋਂ ਹੀ ਪੁਲਿਸ ਨੇ ਫੜਿਆ ਸੀ।

ਬੰਟੂ ਨੂੰ ਵੇਖਿਆ ਐਸ. ਐਚ.ਓ. ਦੀ ਜਿਪਸੀ ਥਾਣੇ ਆ ਗਈ। ਜਿਪਸੀ ਦੇ ਪਿੱਛੇ ਹੀ ਅਮਰੂ ਬਲੈਕੀਆ, ਸੁਰਜੂ ਅਤੇ ਬਿਰਾਦਰੀ ਦੇ ਦੋ-ਤਿੰਨ ਆਦਮੀ ਵੀ ਆ ਗਏ ਸਨ। ਸਿਪਾਹੀ ਬੰਟੂ ਨੂੰ ਐਸ. ਐਚ. ਓ. ਦੇ ਦਫ਼ਤਰ ਵਿਚ ਲੈ ਗਿਆ। ਬੰਟੂ ਹੱਥ ਬੰਨ੍ਹ ਕੇ ਜਾ ਖੜ੍ਹਾ.....

ਐਸ. ਐਚ. ਓ. ਸੰਧੂ ਨੇ ਦਬਕਾ ਮਾਰਿਆ। ".....ਦੇਖ ਜੁਆਨ.....ਤੈਨੂੰ ਪੰਚੈਤ ਅਤੇ ਅਮਰ ਸਿਉਂ ਦੀ ਜਾਮਨੀ 'ਤੇ ਛੱਡਤਾ.....ਲੱਕੀ ਐ ਕੰਜਰਾ ਤੂੰ.....ਸਰਕਾਰ ਐਨੀਆਂ ਰਿਆਇਤਾਂ ਦਿੰਦੀਐ.....ਰਿਜਰਵੇਸ਼ਨ ਦੀਆਂ.....।"

ਐਸ. ਐਚ. ਓ. ਅਜੇ ਬੋਲੀ ਜਾ ਰਿਹਾ ਸੀ ਕਿ ਅਮਰੂ ਵਿਚ ਹੀ ਮਿਆਂ-ਮਿਆਂ ਕਰਨ ਲੱਗਾ, "ਹਾਂ ਜੀ, ਠੀਕ ਐ ਸਾਹਿਬ ਬਹਾਦਰ.....ਸੱਚੀ ਲੱਕੀ ਨੇ ਏਹ ਲੋਕ ਤਾਂ ਜੀ..... ਤੁਸੀਂ ਆਪ ਦੇਖੋ.....ਜੇ ਸਵੇਰੇ ਸਵੇਰੇ ਕੋਈ ਜਮਾਂਦਾਰ ਮੱਥੇ ਲੱਗਜੇ.....ਤਾਂ ਲੋਕ ਭਾਗਾਂ ਵਾਲਾ ਸਮਝਦੇ ਨੇ..... ਪੈਰੀਂ ਹੱਥ ਲਾਉਣ ਤੱਕ ਜਾਂਦੇ ਨੇ.....ਤੇ ਉਧਰ ਜੇ ਬ੍ਰਾਹਮਣ ਜਾਂ ਨੰਬਰਦਾਰ ਮੱਥੇ ਲੱਗੇ.....ਤਾਂ ਗਾਲ੍ਹਾਂ ਕੱਢਦੇ ਨੇ.....ਫੇਰ ਲੱਕੀ ਤਾਂ ਹੋਏ ਹੀ.....।"

ਬਰਾਦਰੀ ਦੇ ਬੰਦਿਆਂ ਨੇ ਹੱਥ ਜੋੜ ਕੇ ਉਤਾਂਹ ਵੱਲ ਕੀਤੇ ਸ਼ੁਕਰ ਐ ਸ਼ੁਕਰ ਐ। ਕਿਹਾ ਪਰ ਬੰਟੂ ਉਵੇਂ ਖੜ੍ਹਾ ਰਿਹਾ। ਹੁਣ ਉਸ ਹੱਥ ਪਿੱਠ ਪਿੱਛੇ ਕੀਤੇ ਹੋਏ ਸਨ।

"ਕਿਉਂ ਬਈ ਅਮਰ ਸਿਆਂ.....ਏਹ ਕੰਜਰ ਹੱਟਾ ਕੱਟਾ ਐ.....ਕੰਮ ਨੀ ਕਰਦਾ, ਬਲੈਕ ਕਰਦੈ.....ਚੱਲ ਜੇ ਲੂਲ੍ਹਾ ਲੰਗੜਾ ਹੋਵੇ ਤਾਂ ਮੰਨ ਲੀਏ.....ਬਈ ਕੰਮ ਨੀ ਕਰ ਸਕਦਾ ਬਿਚਾਰਾ.....ਚਲੋ ਲੈ ਜੋ.....।" ਐਸ. ਐਚ. ਓ. ਉਨ੍ਹਾਂ ਨੂੰ ਬੈਠੇ ਹੀ ਛੱਡ ਕੇ ਖੜ੍ਹਾ ਹੋ ਕੇ ਤੁਰ ਗਿਆ।

ਬੰਟੂ ਦੇ ਦਿਮਾਗ ਵਿਚ ਐਸ. ਐਚ. ਓ. ਦੇ ਸ਼ਬਦ ਪਹਿਲਾਂ ਹੀ ਘੜਮੱਸ ਪਾ ਰਹੇ ਸਨ। ਹੁਣ ਹੋਰ ਤੇਜ਼ ਹੋ ਗਿਆ ਸ਼ਬਦਾਂ ਦਾ ਭੂਚਾਲ.....ਦਿਮਾਗ ਸੁੰਨ ਹੋ ਰਿਹਾ ਸੀ.....ਸੋਚਣ ਤੋਂ ਆਹਰੀ। ਉਸਨੂੰ ਤਾਂ ਐਸ. ਐਚ. ਓ. ਦੇ ਬੋਲ ਹੀ ਸੁਣਦੇ ਸਨ..... ਬੋਲ ਹੀ ਦਿਸਦੇ ਸਨ।



ਉਸਨੂੰ ਕੋਈ ਪਤਾ ਨਹੀਂ ਕਦੋਂ ਉਹ ਥਾਣਿਓਂ ਬਾਹਰ ਆਏ.....ਕਦੋਂ ਉਹ ਪੰਚਾਇਤ ਨਾਲੋਂ ਨਿਖੜ ਗਿਆ। ਉਸ ਫਾਟਕਾਂ ਵਾਲੇ ਠੇਕੇ ਤੋਂ ਬੋਤਲ ਲੈ ਲਈ। ਬਿਨਾਂ ਪਾਣੀ ਤੋਂ ਅੱਧੀ ਪੀ ਕੇ ਉਹ ਘਰ ਨੂੰ ਤੁਰ ਗਿਆ। ਉਸਦੇ ਮਨ ਨੇ ਕੋਈ ਫੈਸਲਾ ਪੱਕਾ ਕੀਤਾ ਹੋਇਆ ਸੀ।

ਬੰਟੂ ਘਰ ਗਿਆ। ਘਰ ਕੋਈ ਨਹੀਂ ਸੀ। ਟੀਨਾ ਕਿੱਥੇ ਗਈ ਹੋਣੀ। ਬੰਟੂ ਨੂੰ ਇਕ ਪਲ ਟੀਨਾ ਦਾ ਫ਼ਿਕਰ ਲੱਗਿਆ ਅਤੇ ਮੋਹ ਵੀ ਜਾਗਿਆ..... ਪਰ ਦੂਜੇ ਪਲ ਬੰਟੂ ਦੇ ਅੰਦਰੋਂ ਹੀ 'ਕੋਈ' ਉਸਦੇ ਅੱਗੇ ਆ ਖੜ੍ਹਾ..... ਉਸ ਮੀਟ ਕੱਟਣ ਵਾਲਾ ਟੋਕਾ ਚੁੱਕ ਲਿਆ। ਟੋਕੇ ਦੀ ਧਾਰ ਟੋਹ ਕੇ ਵੇਖੀ।

ਉਹ ਰੇਲਵੇ ਲਾਈਨ ਵਾਲੇ ਪਿੱਪਲ ਹੇਠ ਆ ਗਿਆ। ਉਥੇ ਕੋਈ ਨਹੀਂ ਸੀ। ਇਕ ਵਾਰ ਉਸ ਪਿੱਪਲ ਵੱਲ ਸਿਰ ਵੀ ਝੁਕਾਇਆ। ਉਸਦੇ ਦਿਮਾਗ ਵਿਚ ਖ਼ਿਆਲਾਂ ਦੀ ਰੀਲ੍ਹ ਚੱਲ ਰਹੀ ਸੀ। ਇਕੋ ਖ਼ਿਆਲ ਵਾਰੋ-ਵਾਰ ਆ ਰਿਹਾ ਸੀ। ਉਸਨੂੰ ਭੁਲੇਖਾ ਜਿਹਾ ਪਿਆ ਜਿਵੇਂ ਟੀਨਾ ਗੋਲਡੀ ਦੇ ਪਿੱਛੇ ਮੋਟਰਸਾਈਕਲ 'ਤੇ ਬੈਠੀ ਜਾ ਰਹੀ ਹੋਵੇ। ਉਸ ਧਿਆਨ ਨਾਲ ਵੇਖਿਆ ਟੀਨਾ ਹੀ ਸੀ.....। ਉਸਦਾ ਇਕ ਵਾਰ ਤਾਂ ਦਿਲ ਕੀਤਾ ਭੱਜ ਕੇ.....।

ਉਹ ਤੇਜ਼ ਜਾਂਦਾ ਰੁਕ ਗਿਆ। ਮੋਟਰਸਾਈਕਲ ਅੱਖੋਂ ਓਹਲੇ ਹੋ ਗਿਆ ਸੀ। ਬੰਟੂ ਦੇ ਦਿਮਾਗ ਵਿਚ ਬੁਰੇ-ਬੁਰੇ ਖ਼ਿਆਲ ਆਉਣ ਲੱਗੇ। ਟੀਨਾ ਦੀ ਲੀਰੋ-ਲੀਰ ਚੁੰਨੀ ਦਿਸੀ। ਫਿਰ ਗੋਲਡੀ ਦੀ ਤੜਫਦੀ ਦੇਹ ਲਾਸ਼ ਬਣ ਗਈ। ਛਣਕਦੀਆਂ ਹੱਥਕੜੀਆਂ.....ਥਾਣੇ ਦਾ ਉਹੀ ਸੀਨ.....ਜਿਥੋ ਉਹ ਹੁਣੇ ਆਇਆ ਸੀ.....ਐਸ. ਐਚ.ਓ. ਦਾ ਚਿਹਰਾ.....ਬੋਲ ਕੰਨਾਂ ਵਿਚ ਗੂੰਜੇ.....ਸਾਲਿਆ ਹੱਟਾ ਕੱਟਾ ਐਂ.....।

ਟੀਨਾ ਅਤੇ ਗੋਲਡੀ ਅੱਖਾਂ ਤੋਂ ਓਝਲ ਹੋ ਗਏ..... ਤੇ ਉਹ ਥਾਣੇ ਵੱਲ ਤੁਰ ਪਿਆ।

ਬੰਟੂ ਨੇ ਥਾਣੇ ਦੇ ਗੇਟ ਅੱਗੋਂ ਦੀ ਦੋ-ਤਿੰਨ ਗੇੜੇ ਦਿੱਤੇ। ਫਿਰ ਉਹ ਥਾਣੇ ਅੱਗੋਂ ਦੀ ਲੰਘਦੇ ਗੰਦੇ ਨਾਲੇ ਦੀ ਪੁਲੀ ਤੇ ਜਾ ਬੈਠਾ। ਪੁਲੀ ਕੋਲ ਪਾਣੀ ਉੱਪਰ ਪਲਾਸਟਿਕ ਦੇ ਗੰਦੇ ਲਿਫਾਫੇ ਤੇ ਹੋਰ ਨਿੱਕ-ਸੁਕ ਦਾ ਢੇਰ ਫਸਿਆ ਹੋਇਆ ਸੀ। ਇਥੇ ਉਹ ਬਚਦੀ ਸ਼ਰਾਬ ਵੀ ਡੀਕ ਲਾ ਕੇ ਪੀ ਗਿਆ। ਇਥੋਂ ਉੱਠ ਬੰਟੂ ਸੀਵਰ ਦੇ ਮੇਨ ਹੋਲ ਕੋਲ ਆ ਗਿਆ। ਉਸਨੂੰ ਬੇਚੈਨੀ ਜਿਹੀ ਲੱਗੀ ਹੋਈ ਸੀ। ਉਸਦੇ ਅੰਦਰ ਖਲਬਲੀ ਮਚੀ ਹੋਈ ਸੀ। ਸੀਵਰ ਦੇ ਇਸ ਮੇਨ ਹੋਲ ਉੱਪਰ ਦੋ ਫੁੱਟ ਉੱਚੀ ਥੜੀ ਬਣੀ ਹੋਈ ਸੀ। ਬਰਸਾਤਾਂ ਦੇ ਦਿਨਾਂ ਵਿਚ ਇਸ ਥੜੀ ਤੇ ਇੰਜਣ ਰੱਖ ਕੇ ਪਾਣੀ ਚੁੱਕਿਆ ਜਾਂਦਾ ਸੀ।

ਬੰਟੂ ਥੜੀ ਕੋਲ ਗੋਡਿਆਂ ਭਾਰ ਹੋ ਗਿਆ। ਖੱਬੀ ਬਾਂਹ ਥੜੀ ਦੇ ਉੱਪਰ ਰੱਖੀ ਸੱਜੇ ਹੱਥ ਨਾਲ ਟੋਕਾ ਸਿਰ ਤੋਂ ਉੱਪਰ ਲੈ ਗਿਆ।

'ਜੈਯ ਕਾਲੀ ਮਾਈ ਕੀ.....।" ਬੰਟੂ ਨੇ ਜੈਕਾਰਾ ਲਾਇਆ ਅਤੇ ਟੋਕਾ ਵਾਹ ਦਿੱਤਾ ਕੂਹਣੀ ਅਤੇ ਗੁੱਟ ਦੇ ਐਨ ਵਿਚਕਾਰੋਂ ਖੱਬੀ ਬਾਂਹ ਦਾ ਹੱਥ ਵਾਲਾ ਪਾਸਾ ਥੜ੍ਹੀ ਤੋਂ ਹੇਠਾਂ ਜਾ ਡਿੱਗਿਆ।

ਬੰਟੂ ਨੇ ਪਰਨੇ ਨਾਲ ਬਾਂਹ ਬੰਨੀ। ਕੱਟਿਆ ਹੱਥ ਚੁੱਕਿਆ। ਉਹ ਸਹਿਜ ਨਾਲ ਇਹ ਕਰ

ਰਿਹਾ ਸੀ। ਪਰ ਮੱਥੇ ਦੀਆਂ ਨਾੜਾਂ ਕੱਸੀਆਂ ਹੋਈਆਂ ਸਨ। ਕੰਨਾਂ ਵਿਚ ਸਾਂ-ਸਾਂ ਹੋ ਰਹੀ ਸੀ। ਪੁੜਪੁੜੀਆਂ ਪਾਟਣ 'ਤੇ ਆਈਆਂ ਪਈਆਂ ਸਨ। ਖ਼ੂਨ ਨਾਲ ਪਰਨਾ ਭਿੱਜ ਰਿਹਾ ਸੀ।

ਉਹ ਦਗੜ-ਦਗੜ ਕਰਦਾ ਥਾਣੇ ਦਾ ਗੇਟ ਲੰਘ ਗਿਆ। ਡੰਡੇ ਵਾਲੇ ਸੰਤਰੀ ਦੀ ਉਸ ਭੋਰਾ ਪ੍ਰਵਾਹ ਨਾ ਕੀਤੀ। ਸਿੱਧਾ ਐਸ. ਐਚ.ਓ. ਦੇ ਕਮਰੇ ਵਿਚ ਚਲਾ ਗਿਆ।

ਜਾਂਦਿਆਂ ਹੀ ਬੰਟੂ ਨੇ ਕੱਟਿਆ ਹੱਥ ਐਸ.ਐਚ. ਓ. ਦੇ ਅੱਗੇ ਮੇਜ਼ 'ਤੇ ਸੁੱਟ ਦਿੱਤਾ। ਕੱਟੀ ਹੋਈ ਬਾਂਹ ਨਾਲ ਸਬੂਤਾ ਹੱਥ ਜੋੜਦਾ ਬੰਟੂ ਬੋਲਿਆ, "…..ਅਬ ਤੋਂ ਠੀਕ ਐ ਸਾਹਬ …..ਅਬ ਤੋਂ ਨਹੀਂ…..।"

ਜ਼ਖ਼ਮ ਵਿਚੋਂ ਤਰਿੱਪ-ਤਰਿੱਪ ਖ਼ੂਨ ਚੋ ਰਿਹਾ ਸੀ। •

**(ਘਰ ਨੰ. 27388, ਗਲੀ ਨੰ. 3, ਲਾਲ ਸਿੰਘ ਬਸਤੀ, ਬਠਿੰਡਾ)**

## ਪੁਸਤਕ ਪ੍ਰਾਪਤੀ

1. ਮੈਡਮ ਕਾਮਾ (ਸੰਖੇਪ ਜੀਵਨੀ) ਮੂਲ ਲੇਖਕ ਬੁਲੂ ਰਾਏ ਚੌਧਰੀ ਪੰਜਾਬੀ ਅਨੁਵਾਦ ਸੂਫ਼ੀ ਅਮਰਜੀਤ, ਪੰਨੇ 55, ਮੁੱਲ 40/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
2. ਫੁੱਲ ਤੇ ਪੱਥਰ (ਕਵਿਤਾ ਸੰਗ੍ਰਹਿ) ਡਾ. ਜ਼ਮਾਲ ਉਲ-ਦੀਨ ਜਮਾਲ ਹੁਸ਼ਿਆਆਰਪੁਰੀ, ਪੰਨੇ 260, ਮੁੱਲ 200/- ਮਿਲਣ ਦਾ ਪਤਾ ਗੁਰਚਰਨ ਰਾਮਪੁਰੀ, ਫੋਨ =604-939-8665, ਕੈਨੇਡਾ
3. ਬਾਰ ਪਰਾਏ ਬੈਠਣਾ (ਪ੍ਰਵਾਸ ਬਾਰੇ ਲਿਖਤਾਂ) ਸੰਪਾਦਨਾ, ਪੰਜਾਬੀ ਸੱਥ, ਪੰਨੇ 216, ਮੁੱਲ 125/- ਪੰਜ ਨਾਦ ਪ੍ਰਕਾਸ਼ਨ, ਲਾਂਬੜਾ (ਜਲੰਧਰ)
4. ਮਹਾਂ-ਕੰਬਣੀ (ਕਾਵਿ ਸੰਗ੍ਰਹਿ) ਦਰਸ਼ਨ ਬੁੱਟਰ, ਪੰਨੇ 95, ਮੁੱਲ 100/- ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
5. ਆਓ ਕੰਪਿਊਟਰ ਸਿੱਖੀਏ (ਵਾਰਤਕ) ਕਿਰਪਾਲ ਸਿੰਘ ਪੰਨੂੰ, ਪੰਨੇ 104, ਮੁੱਲ 50/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
6. ਪ੍ਰਗਤੀਵਾਦੀ ਪੰਜਾਬੀ ਕਾਵਿ (ਆਲੋਚਨਾ) ਡਾ. ਬਲਜਿੰਦਰ ਪਾਲ ਤੇ ਸੰਤੋਸ਼, ਪੰਨੇ 168, ਮੁੱਲ 240/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
7. ਸਫ਼ਰਨਾਮੇ ਤੇ ਕੁਝ ਹੋਰ (ਵਾਰਤਕ) ਮਦਨਜੀਤ ਸਿੰਘ, ਪੰਨੇ 111, ਮੁੱਲ 200/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
8. ਧਰਤੀ ਹੋਰੁ ਪਰੈ ਹੋਰੁ ਹੋਰੁ (ਵਾਰਤਕ ਸੰਗ੍ਰਹਿ) ਸੁਰਜੀਤ ਸਿੰਘ ਪੰਛੀ, ਪੰਨੇ 80, ਮੁੱਲ 100/- ਉਡਾਣ ਪਬਲੀਕੇਸ਼ਨਜ਼, ਮਾਨਸਾ
9. ਪਾਣੀਆਂ ਦੇ ਰੰਗ (ਕਹਾਣੀਆਂ) ਮਨਜੀਤ ਬਠਿੰਡਾ, ਪੰਨੇ 103, ਮੁੱਲ 125/- ਚੇਤਨਾ ਪ੍ਰਕਾਸ਼ਨ ਲੁਧਿਆਣਾ
10. ਮਨੁੱਖਤਾ ਦੇ ਹਾਮੀ (ਇਤਿਹਾਸਕ ਖੋਜ) ਸੁਰਜੀਤ ਸਿੰਘ ਪੰਛੀ ਪੰਨੇ 160, ਮੁੱਲ 180/- ਉਡਾਣ ਪਬਲੀਕੇਸ਼ਨਜ਼, ਮਾਨਸਾ
11. ਰੁਲਦੂ ਦੀ ਆਕਾਸ਼ ਗੰਗਾ (ਨਾਵਲ) ਮੁਖਤਿਆਰ ਸਿੰਘ, ਪੰਨੇ 127, ਮੁੱਲ 140/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
12. ਜੀਹਨੇ ਲਾਹੌਰ ਨਹੀਂ ਵੇਖਿਆ (ਯਾਤਰਾ ਲੇਖ) ਰਾਜਵਿੰਦਰ ਰੌਤਾ, ਪੰਨੇ 80, ਮੁੱਲ 50/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
13. ਗੁੰਬਦ (ਕਾਵਿ-ਸੰਗ੍ਰਹਿ) ਜਸਬੀਰ ਕਾਲਰਵੀ, ਪੰਨੇ 96, ਮੁੱਲ 50/- ਹਰਕਾਰਾ ਪ੍ਰਕਾਸ਼ਨ, ਜਲੰਧਰ



**ਵਿਸ਼ਵ ਕਵਿਤਾ**
**ਯੂਨਾਨ**

## ਅਮਨ

**- ਯਾਨਿਸ ਰਿਤਸੋਸ**

ਬੱਚੇ ਦੇ ਸੁਪਨੇ ਅਮਨ ਹਨ
ਮਾਂ ਦੇ ਸੁਪਨੇ ਅਮਨ ਹਨ
ਬਿਰਖ ਦੀ ਛਾਂ ਹੇਠ
ਪਿਆਰ ਦੇ ਬੋਲ ਅਮਨ ਹਨ।

ਪਿਤਾ ਜੋ ਸੰਧਿਆ ਨੂੰ
ਆਪਣੀਆਂ ਅੱਖਾਂ ਵਿਚ ਮੁਸਕਾਨ
ਤੇ ਆਪਣੇ ਹੱਥਾਂ ਵਿਚ
ਫਲਾਂ ਨਾਲ ਭਰਿਆ ਟੋਕਰਾ ਲਈ
ਪਰਤਦਾ ਹੈ
ਉਸਦੇ ਮੱਥੇ ਉਤਲੇ ਮੁੜ੍ਹਕੇ ਦੇ ਤੁਪਕੇ
ਉਸ ਜੱਗ ਉਤਲੀਆਂ ਬੂੰਦਾਂ ਵਰਗੇ ਹਨ
ਜੋ ਖਿੜਕੀ ਦੀ ਸਿਲ ਉੱਤੇ ਪਿਆ,
ਠੰਡਾ ਹੋ ਰਿਹਾ ਹੈ
ਇਹ ਅਮਨ ਹੈ।

ਜਦ ਧਰਤੀ ਦੇ ਚਿਹਰੇ ਉਤਲੇ
ਜ਼ਖ਼ਮ ਠੀਕ ਹੁੰਦੇ ਹਨ
ਤੇ ਅਸੀਂ ਗੋਲੀਆਂ ਦੀ ਅੱਗ ਨਾਲ
ਪੁੱਟੇ ਟੋਇਆਂ ਵਿਚ
ਦਰੱਖਤ ਲਾ ਦਿੰਦੇ ਹਾਂ
ਤੇ ਲਾਟਾਂ ਦੇ ਸੇਕ ਨਾਲ
ਭੁੱਜੇ ਹਿਰਦਿਆਂ ਵਿਚ
ਆਸ ਦੀਆਂ ਪਹਿਲੀਆਂ ਡੋਡੀਆਂ
ਫੁੱਟ ਨਿਕਲਦੀਆਂ ਹਨ
ਤੇ ਮੁਰਦੇ ਬਿਨਾਂ ਪਾਸਾ ਪਰਤਿਆਂ
ਬਿਨਾਂ ਸ਼ਿਕਾਇਤ ਕਰੇ ਸੌਂ ਸਕਦੇ ਹਨ
ਇਹ ਜਾਣਦੇ ਹੋਏ ਕਿ ਉਹਨਾਂ ਦਾ ਲਹੂ
ਅਜਾਈਂ ਨਹੀਂ ਸੀ ਡੁੱਲ੍ਹਾ
ਇਹ ਅਮਨ ਹੈ

ਅਮਨ ਸੰਧਿਆ ਵੇਲੇ ਖ਼ੁਰਾਕ ਵਿਚੋਂ
ਆਉਂਦੀ ਮਹਿਕ ਹੈ
ਜਦੋਂ ਗਲੀ ਵਿਚ ਆ ਕੇ ਖਲੋਂਦੀ ਕਾਰ
ਦਾ ਅਰਥ ਖ਼ੌਫ਼ ਨਹੀਂ ਹੁੰਦਾ
ਜਦੋਂ ਦਰਵਾਜ਼ੇ ਤੇ ਦਿੱਤੀ
ਦਸਤਕ ਦਾ ਅਰਥ ਮਿੱਤਰ ਹੁੰਦਾ ਹੈ
ਤੇ ਹਰ ਘੜੀ ਖੁੱਲ੍ਹਦੀ ਤਾਕੀ ਦਾ ਅਰਥ
ਦੂਰ-ਦੁਰਾਡੀਆਂ ਘੰਟੀਆਂ ਦੇ ਰੰਗਾਂ
ਦਾ ਆਨੰਦ ਲੈਣਾ ਹੁੰਦਾ ਹੈ
ਇਹ ਅਮਨ ਹੈ।

ਅਮਨ ਦਾ ਅਰਥ
ਜਾਗਦੇ ਬੱਚੇ ਲਈ ਕਿਤਾਬ
ਤੇ ਗਰਮ ਦੁੱਧ ਦਾ ਗਿਲਾਸ ਹੁੰਦਾ ਹੈ
ਜਦੋਂ ਕਣਕ ਦੇ ਸਿੱਟੇ ਇਹ ਕਹਿੰਦਿਆਂ
ਇੱਕ ਦੂਜੇ ਵੱਲ ਝੂੰਮਦੇ ਹਨ
'ਰੌਸ਼ਨੀ',
'ਰੌਸ਼ਨੀ, ਜੋ ਦੁਮੇਲ ਦੇ ਫੁੱਲਾਂ ਦੇ ਚਾਨਣ
ਨਾਲ ਡਲ੍ਹਕਦੀ ਹੈ
ਇਹ ਅਮਨ ਹੈ।

ਜਦੋਂ ਜੇਲ੍ਹਾਂ ਨੂੰ
ਲਾਇਬ੍ਰੇਰੀਆਂ ਬਣਾ ਦਿੱਤਾ ਜਾਂਦਾ ਹੈ
ਜਦੋਂ ਮੌਤ ਨੂੰ ਗੀਤ
ਇੱਕ ਸਰਦਲ ਤੋਂ ਦੂਸਰੀ ਤੀਕ ਉਭਰਦਾ ਹੈ
ਜਦੋਂ ਬਹਾਰ ਦਾ ਚੰਨ
ਬੱਦਲ ਓਹਲਿਓਂ ਇੰਝ ਝਾਕਦਾ ਹੈ
ਜਿਵੇਂ ਕੋਈ ਮਜ਼ਦੂਰ
ਨਾਈ ਦੀ ਦੁਕਾਨ ਤੋਂ
ਹਫ਼ਤੇ ਬਾਅਦ ਤਾਜ਼ੀ ਹਜਾਮਤ ਕਰਵਾ ਕੇ

ਨਿਕਲਦਾ ਹੈ
ਇਹ ਅਮਨ ਹੈ।

ਜਦੋਂ ਬੀਤਿਆ ਦਿਨ
ਅਜਾਈਂ ਗਿਆ ਨਹੀਂ ਸਮਝਿਆ ਜਾਂਦਾ
ਸਗੋਂ ਇੱਕ ਜੜ੍ਹ ਹੈ
ਜਿਸਨੂੰ ਰਾਤ ਨੂੰ ਖੁਸ਼ੀ ਦੇ ਪੱਤੇ ਪੁੰਗਰਦੇ ਹਨ
ਜਿੱਤਿਆ ਹੋਇਆ ਦਿਨ
ਤੇ ਗੂੜ੍ਹੀ ਨੀਂਦ
ਜਦੋਂ ਤੁਸੀਂ ਦੁਬਾਰਾ ਅਨੁਭਵ ਕਰਦੇ ਹੋ
ਕਿ ਸੂਰਜ ਕਾਹਲੀ ਕਾਹਲੀ
ਵਕਤ ਦੇ ਕੋਨਿਆਂ ਤੋਂ
ਦੁੱਖ ਨੂੰ ਭਜਾਉਣ ਤੇ ਪਿੱਛਾ ਕਰਨ ਲਈ
ਆਪਣੀਆਂ ਵਾਗਾਂ ਨੂੰ ਖਿੱਚਦਾ ਹੈ
ਇਹ ਅਮਨ ਹੈ।

ਅਮਨ, ਗਰਮੀਆਂ ਵਿਚ ਖੇਤਾਂ ਵਿਚ
ਖਿੱਲਰੀਆਂ ਸੂਰਜ ਦੀਆਂ
ਕਿਰਨਾਂ ਦੇ ਪੂਲੇ ਹਨ
ਇਹ ਸਰਘੀ ਦੇ ਗੋਡਿਆਂ ਉੱਤੇ ਰੱਖੀ
ਮਿਹਰਬਾਨੀ ਦੀ ਪੁਸਤਕ ਦੀ
ਵਰਨਮਾਲਾ ਹੈ
ਜਦੋਂ ਤੁਸੀਂ ਆਖਦੇ ਹੋ
"ਮੇਰੇ ਵੀਰ!"
ਜਦੋਂ ਕਹਿੰਦੇ ਹੋ,
"ਕੱਲ੍ਹ ਆਪਾਂ ਉਸਾਰੀ ਕਰਾਂਗੇ।"
ਤੇ ਜਦੋਂ ਅਸੀਂ ਉਸਾਰੀ ਕਰਦੇ
ਤੇ ਗਾਉਂਦੇ ਹਾਂ
ਇਹ ਅਮਨ ਹੈ।

ਜਦੋਂ ਮੌਤ
ਦਿਲ ਦੀ ਥੋੜ੍ਹੀ ਥਾਂ ਘੇਰਦੀ ਹੈ
ਜਦੋਂ ਚਿਮਨੀਆਂ
ਮਜ਼ਬੂਤੀ ਨਾਲ ਖੁਸ਼ੀ ਵੱਲ
ਉਂਗਲਾਂ ਕਰਦੀਆਂ ਨੇ
ਜਦੋਂ ਡੁੱਬਦੇ ਸੂਰਜ ਦੀਆਂ ਲੰਮੀਆਂ
ਗੁਲਾਬੀ ਕਿਰਨਾਂ
ਕਵੀ ਤੇ ਕਾਮੇ ਦੋਵਾਂ ਵੱਲੋਂ
ਬਰਾਬਰ ਦੀਆਂ
ਸੁੰਘੀਆਂ ਜਾ ਸਕਦੀਆਂ ਹਨ
ਤਾਂ ਇਹ ਅਮਨ ਹੈ।

ਅਮਨ ਬੰਦਿਆਂ ਦੀਆਂ ਮੀਟੀਆਂ ਮੁੱਕੇ ਹਨ
ਇਹ ਦੁਨੀਆਂ ਦੇ ਮੇਜ਼ ਉਤਲੀ
ਗਰਮ ਰੋਟੀ ਹੈ
ਇਹ ਮਾਂ ਦੀ ਮੁਸਕਾਨ ਹੈ
ਸਿਰਫ਼ ਇਹੋ ਹੀ
ਅਮਨ ਹੈ, ਹੋਰ ਕੁਝ ਨਹੀਂ ਹੈ
ਤੇ ਜਿਹੜੇ ਹਲ ਸਾਰੀ ਧਰਤ ਉੱਤੇ
ਡੂੰਘੇ ਸਿਆੜ ਕੱਢਦੇ ਹੋਏ
ਇਕੋ ਹੀ ਨਾਂ ਲਿਖਦੇ ਹਨ
ਅਮਨ ਹੈ, ਹੋਰ ਕੁਝ ਨਹੀਂ ਕੇਵਲ ਅਮਨ।

ਮੇਰੀ ਕਵਿਤਾ ਦੀ ਰੀੜ੍ਹ ਦੀ ਹੱਡੀ ਉੱਤੇ
ਕਣਕ ਦੇ ਗੁਲਾਬਾਂ ਦੀ ਲੱਦੀ
ਭਵਿੱਖ ਵੱਲ ਵੱਧਦੀ ਰੇਲ-ਗੱਡੀ
ਅਮਨ ਹੈ।

ਮੇਰੇ ਵੀਰੋ
ਸਾਰੀ ਧਰਤੀ
ਆਪਣੇ ਸਾਰੇ ਸੁਪਨਿਆਂ ਸਮੇਤ
ਅਮਨ ਵਿਚ ਡੂੰਘੇ ਸਾਹ ਲੈਂਦੀ ਹੈ
ਆਪਣੇ ਹੱਥ ਮੈਨੂੰ ਫੜਾਓ ਭਰਾਵੋ
ਇਹ ਅਮਨ ਹੈ!! •

**ਜਨਵਰੀ 1953**

**ਪੰਜਾਬੀ ਰੂਪ ਹ. ਸ. ਹ.**





## ਮਹਿੰਦਰ ਮਾਨ

1.

ਹੁੰਦੇ ਨੇ ਜਿਸਦੇ ਖੀਸੇ 'ਚ ਹਜ਼ਾਰਾਂ ਨੀਲੇ ਨੋਟ,
ਹਰ ਕੋਈ ਲੈਣੀ ਚਾਹੁੰਦਾ ਹੈ ਉਸ ਬੰਦੇ ਦੀ ਵੋਟ।

ਅੱਜ ਕੱਲ੍ਹ ਚੀਜ਼ਾਂ ਵੇਚਣ ਵਾਲੇ ਯਾਰੋ ਬਦਲ ਗਏ,
ਚੀਜ਼ਾਂ ਦੇ ਭਾਅ ਦੁੱਗਣੇ ਕਰਕੇ ਦੇਵਣ ਭਾਰੀ ਛੋਟ।

ਹਰ ਖੇਤਰ ਵਿਚ ਉਤਪਾਦਨ ਵਿਚ ਵਾਧਾ ਹੁੰਦਾ ਜਾਵੇ,
ਫਿਰ ਕਿਉਂ ਹੁੰਦੀ ਜਾਏ ਇਥੇ ਹਰ ਵਸਤੂ ਦੀ ਤੋਟ!

ਫਿਰ ਉਹਨਾਂ ਲੋਕਾਂ ਦੀ ਬਾਤ ਨਹੀਂ ਪੁੱਛਣੀ ਪੰਜ ਵਰ੍ਹੇ,
ਜਿਹੜੇ ਨੇਤਾ ਅੱਜ ਕੱਲ੍ਹ ਮਿੰਨਤਾਂ ਕਰ ਕਰ ਮੰਗਣ ਵੋਟ।

ਉਸ ਗੋਲੀ ਨੂੰ ਖਾ ਕੇ ਬੀਮਾਰ ਪਲਾਂ ਵਿਚ ਚਲ ਵਸਿਆ,
ਜਿਸਦੇ ਵਿਚ ਪਾਇਆ ਹੋਇਆ ਸੀ ਬੇਰਹਿਮਾਂ ਦਾ ਖੋਟ।

ਇਕ ਦਿਨ ਉਹਨਾਂ ਤੇ ਤੇਰੀ ਹੱਡੀ ਭੰਨ ਸੁੱਟਣੀ,
ਤੂੰ ਜਿਹਨਾਂ ਦੀ ਮਜ਼ਬੂਰੀ ਨਾਲ ਉਸਾਰੇ ਨੇ ਕੋਟ।

ਭਾਵੇਂ ਮੈਂ ਕੁਝ ਅੜੀਅਲ ਹਾਂ ਤੇ ਕੁਝ ਰੁੱਖਾ ਵੀ ਹਾਂ,
ਪਰ ਨਾ ਮੇਰੇ ਦਿਲ ਦੇ ਅੰਦਰ ਯਾਰੋ ਕੋਈ ਖੋਟ।

2.

ਜੇ ਨਾ ਪਾਂਦਾ ਮੈਂ ਆਪਣੇ ਦਿਲ ਦੀ ਗੱਲ ਤੇ ਪਰਦਾ,
ਖੌਰੇ ਕਿਸ ਕਿਸ ਕੋਲ ਖਲੋ ਕੇ ਉਹ ਇਸ ਨੂੰ ਕਰਦਾ।

ਲੱਗਦਾ ਹੈ ਉਸ ਬੰਦੇ ਦੀ ਮੱਤ ਗਈ ਹੈ ਮਾਰੀ,
ਜਿਸਨੂੰ ਕੋਈ ਵੀ ਫ਼ਿਕਰ ਨਹੀਂ ਹੈ ਆਪਣੇ ਘਰ ਦਾ।

ਜੇ ਚਿੜੀਆਂ ਦੀ ਡਾਰ ਇਕੱਠੀ ਉਸ ਨੂੰ ਨਾ ਫੜਦੀ,
ਤਾਂ ਬਾਜ਼ ਹਰੇਕ ਚਿੜੀ ਨੂੰ ਮਰਨੇ ਜੋਗੀ ਕਰਦਾ।

ਗ਼ਮ ਦੇ ਖ਼ਾਰਾਂ ਦੀ ਪੀੜਾ ਵੀ ਜਰ ਕੇ ਵੇਖ ਜ਼ਰਾ,
ਯਾਰਾ, ਖੁਸ਼ੀਆਂ ਦੇ ਫੁੱਲਾਂ ਤੇ ਕਿਉਂ ਜਾਏ ਮਰਦਾ?

ਦਿਲ ਮੇਰੇ ਵਿਚ ਹਾਲੇ ਵੀ ਆਸ਼ਾ ਦਾ ਦੀਪ ਜਗੇ,
ਭਾਵੇਂ ਅੱਜ ਤੱਕ ਮੈਂ ਹਰ ਇਕ ਖੇਡ ਰਿਹਾ ਹਾਂ ਕਰਦਾ।

ਪਿੰਡ ਤੇ ਡਾਕ - ਰੱਕੜਾ ਢਾਹਾ, ਨਵਾਂ ਸ਼ਹਿਰ

## ਸਤਿਪਾਲ ਖੁੱਲਰ ਦੀ ਇੱਕ ਗ਼ਜ਼ਲ

1.

ਇਹ ਹੈ ਜੀਵਨ ਉਦਾਸੀ ਤੇ ਚਾਵਾਂ ਜਿਹਾ,
ਕੁਝ ਕੁ ਧੁੱਪਾਂ ਜਿਹਾ ਕੁਝ ਕੁ ਛਾਵਾਂ ਜਿਹਾ।

ਇਹ ਜੋ ਰੁੱਖ ਹੋਣ ਦਾ ਦਾਅਵਾ ਕਰਦੇ ਰਹੇ,
ਪੁੱਛੋ ਹੈ ਕੀ ਇਹਨਾਂ ਕੋਲ ਛਾਵਾਂ ਜਿਹਾ।

ਜਿਥੇ ਮਿਹਨਤ ਦੇ ਮੁੜ੍ਹਕੇ ਦੇ ਮੋਤੀ ਕਿਰਨ,
ਕਿਹੜੇ ਪੂਜਾ ਸਥਲ ਉਹਨਾਂ ਥਾਵਾਂ ਜਿਹਾ।

ਤੇਗ਼ਾਂ, ਤਿਰਸ਼ੂਲਾਂ ਦੀ ਭੀੜ ਵਿਚ ਦੋਸਤੋ,
ਬੰਦਾ ਦਿਸਦੈ ਮਸਾਂ ਟਾਵਾਂ-ਟਾਵਾਂ ਜਿਹਾ।

ਜੇ ਭਰਾ ਹੋਵੇ ਤਾਂ ਹੋਵੇ ਯਾਰਾਂ ਜਿਹਾ,
ਯਾਰ ਹੋਵੇ ਤਾਂ ਹੋਵੇ ਭਰਾਵਾਂ ਜਿਹਾ।

ਕੀ ਪਤਾ ਉਸਦਾ ਮੈਂ ਦਿਆਂ ਦੋਸਤੋ,
ਉਹ ਹੈ ਮਹਿਕਾਂ ਜਿਹਾ, ਹੈ ਹਵਾਵਾਂ ਜਿਹਾ।

ਮੋਹ ਦੇ ਨਾਂ 'ਤੇ ਹੈ ਮੌਕਾਪ੍ਰਸਤੀ ਨਿਰੀ,
ਬੇਗ਼ਰਜ ਮੋਹ ਨਹੀਂ ਕਿਧਰੇ ਮਾਵਾਂ ਜਿਹਾ।

ਕੈਸਾ ਦੌਰ-ਇ-ਤਰੱਕੀ ਹੈ ਇਹ 'ਖੁੱਲਰਾ',
ਆਦਮੀ ਬਣ ਗਿਐ ਠਿੱਬੀਆਂ ਕਾਵਾਂ ਜਿਹਾ।



## ਮਹਿੰਦਰ ਸਾਥੀ ਦੀਆਂ ਦੋ ਗ਼ਜ਼ਲਾਂ

1.

ਗਿਆਨ ਇਹ ਜੋ ਮੰਡੀ 'ਚ ਵਿਕਦਾ ਹੈ ਯਾਰੋ,
ਇਹ ਮਾਨਵ ਲਈ ਨਹੀਂ ਮੁਨਾਫ਼ੇ ਲਈ ਹੈ।
ਨਫ਼ਾ ਮਗਰਮੱਛ ਇਹ ਤਾਂ ਉਹ ਵੀ ਨਿਗਲ ਜੂ,
ਜੋ ਚੱਪਾ ਕੁ ਬਚਿਆ ਹੋਇਆ ਆਦਮੀ ਹੈ।

ਤੇਰੇ ਸ਼ਹਿਰ ਵਿਚ ਓਹੀ ਮੁੱਲ ਹੈ ਪੁਆਉਂਦਾ,
ਜਦੋਂ ਵੀ ਕਿਤੇ ਵੀ ਕਿ ਜੋ ਵਿਕ ਹੈ ਜਾਂਦਾ,
ਮੇਰਾ ਦਿਲ ਕਲਾ ਐਸੀ ਕਿਥੋਂ ਲਿਆਉਂਦਾ,
ਜਿਹਨੇ ਬੱਸ ਵਫ਼ਾ ਦੀ ਹੀ ਪੁਸਤਕ ਪੜ੍ਹੀ ਹੈ।

ਤੂੰ 'ਸਭ ਤੋਂ ਖ਼ਤਰਨਾਕ' ਵਿਚ ਜੋ ਕਿਹਾ ਹੈ,
ਕਿਹਾ ਪਾਸ਼ ਤੇਰਾ ਉਹ ਸੱਚ ਹੋ ਗਿਆ ਹੈ।
ਅਸੀਂ ਘਰ ਤੋਂ ਬੱਸ ਕੰਮ ਤੱਕ ਦਾ ਸਫ਼ਰ ਹਾਂ,
ਤੇ ਮਾਇਆ ਹੀ ਮੱਛੀ ਦੀ ਅੱਖ ਬਣ ਗਈ ਹੈ।

ਇਹ ਆਦਮੀ ਕੀ ਇਥੇ ਅੱਲਾਹ ਵਿਕ ਰਿਹਾ ਹੈ,
ਇਥੇ ਮੁਕਤੀ, ਪੁੰਨ ਤੇ ਗੁਨਾਹ ਵਿਕ ਰਿਹਾ ਹੈ।
ਇਹ ਮੰਡੀ ਦਾ ਯੁੱਗ ਹੈ ਐ! ਮਹਿਬੂਬ ਮਿੱਤਰ,
ਇਹ ਮੱਕਾਰ ਮਸਤਿਕ ਦੀ ਸ਼ਾਤਿਰ ਬੜੀ ਹੈ।

ਮੈਂ ਮਿਹਨਤ ਦੇ ਮੁੜ੍ਹਕੇ ਦੀ ਹਾਂ ਮਹਿਕ ਯਾਰਾ,
ਅਤੇ ਲੁੱਟੇ ਜਾਂਦੇ ਹਾਂ ਹੱਕਾਂ ਦਾ ਹਾਉਕਾ।
ਕਿਵੇਂ ਕਿੱਥੇ ਕਿੱਥੇ ਰੋਕੇਂਗਾ ਮੈਨੂੰ,
ਭਲਾ ਮਹਿਕ ਤੇ ਪੌਣ ਕਿਸਨੇ ਫੜੀ ਹੈ।

ਤੂੰ ਕਰ ਸ਼ਬਦ ਸੁਰਜੀਤ ਐਸੇ ਐ ਮਿੱਤਰ,
ਕਲਾ ਹੋਣ, ਪਰ ਜਾਣ ਜੋ ਸਿਰ ਦੇ ਅੰਦਰ।
ਭਲਾ ਸ਼ਬਦ ਸੁਰਜੀਤ ਐਸੇ ਕੀ ਕਰਨੇ?
ਜੋ ਬਣ ਜਾਂਦੇ ਅਰਥਾਂ ਦੀ ਅੰਨ੍ਹੀ ਗਲੀ ਹੈ।

ਹੈ ਸੂਹੀ ਸੁਬ੍ਹਾ ਦਾ ਹੀ ਅੱਖਾਂ 'ਚ ਸੁਪਨਾ,
ਭਲਾ ਢਲ ਗਿਆ ਹੈ ਦੁਪਹਿਰਾ ਉਮਰ ਦਾ।
ਉਦਾਸੀ ਹੈ, ਸੁਪਨੇ ਨੂੰ ਸੱਚ ਕਰ ਸਕੇ ਨਾ,
ਤਸੱਲੀ ਹੈ, ਸਾਡੀ ਵਫ਼ਾ ਨਾ ਵਿਕੀ ਹੈ।

2.

ਸੀ ਆਸ ਸ਼ਬਦ ਹਰਨਗੇ ਗ਼ਮ ਤੇ ਉਦਾਸੀਆਂ,
ਉਹ ਸ਼ਬਦ ਬਣਕੇ ਰਹਿ ਗਏ ਜ਼ਹਿਨੀ ਅੱਯਾਸ਼ੀਆਂ।

ਇਹ ਮੌਤ, ਨਰਕ, ਮੁਕਤੀ ਦੀ ਛੱਡੋ ਵੀ ਬਾਬਿਓ,
ਇਹ ਦੱਸੋ ਗੁਰਬਤੋਂ ਕਿਵੇਂ ਪਾਈਏ ਖ਼ਲਾਸੀਆਂ।

ਉਹ ਹੱਸਦੇ ਹੱਸਦੇ ਦਾਰਾਂ ਨੂੰ ਸੀ ਇਸ ਲਈ ਮਿਲੇ,
ਤਾਕਿ ਕਰੋੜਾਂ ਆਹਾਂ ਨੂੰ ਮਿਲ ਜਾਣ ਹਾਸੀਆਂ।

ਕੀੜੇ ਮਕੌੜੇ, ਪਸ਼ੂਆਂ ਦੇ ਵਾਂਗਰ ਜੋ ਜੀਅ ਰਿਹੈ,
ਪੰਡਿਤ ਜੀ! ਹੋਰ ਕਿਹੜੀਆਂ ਉਸ ਲਈ ਚੁਰਾਸੀਆਂ।

ਇਹ ਤਾਂ ਸਵੇਰਾਂ ਪਹਿਲੀਆਂ ਨਾਲੋਂ ਵੀ ਧੁੰਦਲੀਆਂ,
'ਮਾਰਚ ਤੇਈ' ਤਾਂ ਉਜਲੀਆਂ ਇਹ ਸੀ ਕਿਆਸੀਆਂ।

ਮਰਹਮ, ਮਸੀਹਾ, ਮੋਹ ਤੇ ਨਾ ਮਹਿਰਮ ਮਿਲੇ ਕਦੀ,
ਜਦ ਸੁਹਣੇ ਮੁੱਖ ਦੇ ਮਨ ਦੀਆਂ ਲਈਆਂ ਤਲਾਸ਼ੀਆਂ।

ਭਗਤੀ ਤੇ ਤੇਰੇ ਭੋਗ ਦੀ ਆਉਂਦੀ ਨਹੀਂ ਸਮਝ,
ਪੂਜੇ ਜਿਨ੍ਹਾਂ ਨੂੰ, ਭੋਗਦੈ ਕਹਿ ਦੇਵਦਾਸੀਆਂ।

ਸ਼ਾਇਦ ਇਹ ਲੋਕਰਾਜ ਦਾ ਕੋਈ ਹੈ ਰਾਜ਼ ਜੀ,
ਲੋਕਾਂ ਦੀਆਂ ਜੋ ਫਿਰਦੀਆਂ ਰੂਹਾਂ ਹਰਾਸੀਆਂ।

ਕਹਿੰਦਾ ਹੈ ਕੌਣ ਬਾਗ਼ ਵਿਚ ਹੋਇਆ ਵਿਕਾਸ ਨਹੀਂ,
ਕੰਡਿਆਲੀਆਂ ਕੀ ਝਾੜੀਆਂ ਘੱਟ ਨੇ ਵਿਕਾਸੀਆਂ।

ਖੜਕਾਉਣੀ ਖੜਗ ਸੀ ਜਿਨ੍ਹਾਂ ਖਲਨਾਇਕ ਦੇ ਖਿਲਾਫ਼,
ਖੜਕਾ ਰਹੇ ਨੇ ਬਾਰ 'ਚ ਬਹਿ ਕੇ ਗਲਾਸੀਆਂ।

ਬਹਿਰੋ-ਵਜ਼ਨ ਇਹ ਕਾਫ਼ੀਆ, ਹਰਫੇ ਰਵੀ, ਰਦੀਫ਼,
ਮਾਂ ਹੈ ਖ਼ਿਆਲ ਇਹ ਤਾਂ ਨੇ ਤਾਈਆਂ ਤੇ ਮਾਸੀਆਂ।

ਰੋਏ ਤੂੰ ਰੋਟੀ ਰੋਜ਼ੀ ਦੇ ਰੋਨੈ ਜੋ 'ਸਾਥੀਆ',
ਕਹਿੰਦੀ ਹੈ ਸ਼ਾਇਰੀ ਨਵੀਂ ਗੱਲਾਂ ਇਹ ਬਾਸੀਆਂ।

(ਪੱਟੀ ਵਾਲੀ ਗਲੀ - ਮੋਗਾ)





# ਹੜ੍ਹ ਦੀ ਗਰਜ

- ਜ਼ੋਰਾ ਸਿੰਘ ਸੰਧੂ

ਉਦੋਂ ਪੰਜਾਬ ਦੇ ਬਹੁਤੇ ਪਿੰਡਾਂ ਵਾਂਗ ਸਾਡੇ ਪਿੰਡ ਵੀ ਅਜੇ ਬਿਜਲੀ ਨਹੀਂ ਸੀ ਆਈ। ਮੈਂ ਬੈਠਕ ਵਿਚੋਂ ਨਿਕਲ ਕੇ ਦਰਵਾਜ਼ੇ ਵਿਚ ਮੰਜੀ ਡਾਹ ਲਈ ਸੀ। ਬੈਠਕ ਵਿਚ ਬੈਠਿਆਂ ਵੀ ਭਾਵੇਂ ਕੋਈ ਔਖ ਨਹੀਂ ਸੀ ਪਰ ਦਰਵਾਜ਼ੇ ਦੇ ਅੰਦਰਲੇ-ਬਾਹਰਲੇ ਬੂਹੇ ਖੋਲ੍ਹ ਕੇ ਬੈਠਣ ਤੇ ਪੜ੍ਹਨ ਦਾ ਆਨੰਦ ਹੀ ਹੋਰ ਸੀ। ਭਲੇ ਵੇਲੇ ਬਾਪੂ ਨੇ, ਅਠਾਰਾਂ-ਅਠਾਰਾਂ ਫੁੱਟੀਆਂ ਗਾਰਡਰਾਂ ਚਾੜ੍ਹਕੇ, ਚਾਲੀ ਫੁੱਟਾ ਦਰਵਾਜ਼ਾ ਉਸਾਰ ਲਿਆ ਸੀ।

ਹਾਂ, ਮੈਂ ਦਰਵਾਜ਼ੇ ਵਿਚ ਮੰਜੀ 'ਤੇ ਬਹਿ ਕੇ, ਅਮਰੀਕਨ ਯੂਨੀਵਰਸਿਟੀਆਂ ਬਾਰੇ ਕਿਤਾਬ ਚੁੱਕ ਲਈ ਸੀ। ਅਜੇ ਕੁਝ ਸਤਰਾਂ ਹੀ ਪੜ੍ਹੀਆਂ ਸਨ ਕਿ ਦੋ ਅੱਧਨੰਗੇ ਰਾਜਸਥਾਨੀ ਬੱਚੇ, ਮੇਰੇ ਸਾਹਮਣੇ ਆਣ ਖੜੋਤੇ ਸਨ। ਸਵੇਰ ਤੋਂ ਹੀ ਰਾਜਸਥਾਨੀ ਬੁੜ੍ਹੇ-ਬੁੜ੍ਹੀਆਂ ਤੇ ਬੱਚਿਆਂ ਦਾ ਤਾਂਤਾ ਲੱਗਿਆ ਹੋਇਆ ਸੀ। ਉਹ ਆਉਂਦੇ ਹੀ ਬੇਹੀਆਂ-ਤਬੇਹੀਆਂ ਰੋਟੀਆਂ ਅਤੇ ਲੱਸੀ ਦੀ ਮੰਗ ਕਰਦੇ। ਹੁਣ ਤੱਕ ਮੈਂ ਉਹਨਾਂ ਤੋਂ ਅੱਕ ਚੁੱਕਿਆ ਸਾਂ। ਮੈਂ ਬੂਹੇ ਵਿਚ ਖੜ੍ਹੇ ਬੱਚਿਆਂ ਵੱਲ ਧਿਆਨ ਨਾ ਦਿੱਤਾ। ਪਰ ਕਿਤਾਬ ਨਾਲ ਵੀ ਮੈਂ ਜੁੜ ਨਾ ਸਕਿਆ। ਉਨ੍ਹਾਂ ਦੀ ਰੋਟੀ-ਲੱਸੀ ਦੀ ਮੰਗ ਨੇ ਮੈਨੂੰ ਪ੍ਰੇਸ਼ਾਨ ਕਰ ਰੱਖਿਆ ਸੀ ਕਿ ਉਦੋਂ ਹੀ ਡਾਕੀਆ ਮੈਨੂੰ, ਮੋਟੀ ਰਜਿਸਟਰਡ ਚਿੱਠੀ ਫੜਾ ਗਿਆ। ਇਹ ਚਿੱਠੀ ਅਮਰੀਕਾ ਵਿਚ ਰਹਿੰਦੇ ਮੇਰੇ ਦੋਸਤ ਮਹਿੰਦਰ ਨੇ ਭੇਜੀ ਸੀ। ਉਹ ਸਾਡੇ ਹੀ ਪਿੰਡ ਦੇ ਜ਼ੈਲਦਾਰਾਂ ਦਾ ਮੁੰਡਾ ਸੀ ਅਤੇ ਉਸਦੀ ਹੀ ਸਲਾਹ ਨਾਲ ਮੈਂ ਆਪਣੇ ਛੋਟੇ ਭਰਾ ਨੂੰ ਉਹਦੇ ਕੋਲ ਜਾ ਕੇ ਪੜ੍ਹਨ ਲਈ ਤਿਆਰੀ ਵਿਚ ਸਾਂ। ਇਨ੍ਹਾਂ ਯਤਨਾਂ ਦੇ ਸੰਬੰਧ ਵਿਚ ਮਹਿੰਦਰ ਨੇ ਕਾਫ਼ੀ ਸਮੱਗਰੀ ਮੈਨੂੰ ਭੇਜੀ ਸੀ। ਨਾਲ ਹੀ ਦੋ ਵੱਡੇ ਸਾਈਜ਼ ਦੀਆਂ ਰੰਗੀਨ ਤਸਵੀਰਾਂ ਤੋਂ ਬਿਨਾਂ, ਦਰਜਨ ਕੁ ਹੋਰ ਤਸਵੀਰਾਂ ਵੀ ਸਨ। ਇਹ ਤਸਵੀਰਾਂ ਭਾਵੇਂ ਛੋਟੇ ਸਾਈਜ਼ ਦੀਆਂ ਸਨ ਪਰ ਉਨ੍ਹਾਂ ਦੀ ਖੂਬਸੂਰਤੀ ਵੀ ਲੋਹੜਾ ਮਾਰ ਰਹੀ ਸੀ ਅਤੇ ਆਪ ਮੁਹਾਰੇ ਹੀ ਮੇਰਾ ਹੱਥ ਮੇਰੇ ਦਿਲ 'ਤੇ ਆਣ ਟਿਕਿਆ ਸੀ। ਕਾਸ਼! ਇਹ ਕੁਝ ਕਿਤੇ ਸਾਡੇ ਵੀ ਹੁੰਦਾ!! ਐਨੇ ਸੁੰਦਰ ਤੇ ਹੁੰਦੜਹੇਲ ਬੱਚ ਜਿਵੇਂ ਤ੍ਰੇਲ ਧੋਤੇ ਫੁੱਲ ਹੋਣ। ਇਨ੍ਹਾਂ ਫੁੱਲਾਂ ਨੇ ਇਕ ਦਿਨ ਨਵੇਂ ਫੁੱਲ ਬੂਟਿਆਂ ਨੂੰ ਜਨਮ ਦੇਣਾ ਸੀ ਤੇ ਫਿਰ ਉਨ੍ਹਾਂ ਆਪਣੇ ਹੁਨਰ ਤੇ ਕਲਾ ਦੀ ਸੁਗੰਧ ਨਾਲ, ਆਪਣੇ ਲੋਕਾਂ ਨੂੰ, ਦੇਸ਼ ਪ੍ਰਦੇਸ ਵਿਚ ਮਾਨ ਸਤਿਕਾਰ ਦੁਆਉਣਾ ਸੀ।

'ਰੋਟੀ-ਲੱਸੀ' ਦੀ ਮੰਗ ਨੇ ਮੈਨੂੰ ਮੇਰੇ ਸਵਰਗ ਵਿਚੋਂ ਧੂਅ ਕੇ ਖਿੱਚ ਲਿਆ ਸੀ।

ਮੇਰੇ ਦਰਵਾਜ਼ੇ ਦੇ ਬਾਰ ਵਿਚ ਖੜੋਤੇ ਦੋ ਬਾਲਾਂ, ਅੱਧਨੰਗੇ ਭੁੱਖੇ ਤਿਹਾਏ ਬਾਲਾਂ ਦੀ ਹੋਂਦ ਤੇ ਉਨ੍ਹਾਂ ਦੇ ਬੋਲਾਂ ਨੇ, ਤਸਵੀਰਾਂ ਵੇਖਣ ਨਾਲ ਉਪਜੇ ਆਨੰਦ ਨੂੰ ਕਤਲ ਕਰ ਦਿੱਤਾ ਸੀ। ਮੈਂ ਉਨ੍ਹਾਂ ਦੀ ਹੋਂਦ ਨੂੰ ਭੁਲਾਉਣ ਲਈ, ਛੋਟੇ ਸਾਈਜ਼ ਦੀਆਂ ਤਸਵੀਰਾਂ ਵੇਖਣ ਲੱਗ ਪਿਆ ਸਾਂ। ਤਸਵੀਰਾਂ ਤੇ ਨੰਬਰ ਲਾ ਕੇ, ਚਿੱਠੀ ਵਿਚ ਵਿਸਥਾਰਪੂਰਵਕ ਵੇਰਵਾ ਲਿਖਿਆ ਹੋਇਆ ਸੀ। ਸਾਰੀਆਂ ਤਸਵੀਰਾਂ ਪੰਡਿਤ ਨਹਿਰੂ ਦੇ ਅਮਰੀਕਾ ਦੇ ਦੌਰੇ ਬਾਰੇ ਸਨ। ਇਨ੍ਹਾਂ ਵਿਚ

ਉਨ੍ਹਾਂ ਦੀਆਂ ਸਿਆਸਤਦਾਨਾਂ, ਪੱਤਰਕਾਰਾਂ, ਲੇਖਕਾਂ, ਵਿਦਿਆਰਥੀਆਂ ਤੇ ਖ਼ਾਸ ਤੌਰ 'ਤੇ ਬੱਚਿਆਂ ਨਾਲ ਮਿਲਣੀਆਂ ਦੀਆਂ ਸੁੰਦਰ ਝਾਕੀਆਂ ਸਨ। ਹਰ ਤਸਵੀਰ ਵਿਚ ਉਹ ਹੱਸ ਰਹੇ ਸਨ। ਫੁੱਲਾਂ ਵਾਂਗ ਟਹਿਕ ਰਹੇ ਸਨ। ਹਰ ਥਾਂ ਉਹ ਆਪਣੀ ਅਚਕਣ 'ਤੇ ਸਜਾਏ ਗੁਲਾਬ ਵਾਂਗ ਮੁਸਕਾਨਾਂ ਤੇ ਹਾਸੇ ਬਿਖੇਰ ਰਹੇ ਸਨ। ਮੈਂ ਤਸਵੀਰਾਂ ਵੇਖਦਾ ਗਿਆ। ਇਕ ਜਾਦੂ, ਇਕ ਅਜਬ ਖੁਸ਼ੀ ਮੇਰੇ ਲੂੰ-ਲੂੰ ਵਿਚ ਰਚਦੀ ਗਈ। ਹੈਰਾਨ ਹੁੰਦਾ ਜਾ ਰਿਹਾ ਸਾਂ ਕਿ ਕੋਈ ਕਿਵੇਂ ਐਨਾ ਪਿਆਰਿਆ, ਐਨਾ ਸਤਿਕਾਰਿਆ ਜਾ ਰਿਹਾ ਸੀ। ਤਲਿਸਮੀ ਸ਼ਖ਼ਸੀਅਤ!! ਨਹਿਰੂ ਤੇ ਭਾਰਤ! ਭਾਰਤ ਤੇ ਨਹਿਰੂ! ਨਹਿਰੂ ਦੀ ਇੱਜ਼ਤ ਭਾਰਤ ਦੀ ਇੱਜ਼ਤ!! ਭਾਰਤ ਦਾ ਸਨਮਾਨ, ਨਹਿਰੂ ਦਾ ਸਨਮਾਨ! ਦੋਹਾਂ ਨੂੰ ਕੋਈ ਵੱਖਰਿਆਂ ਨਹੀਂ ਸੀ ਕਰ ਸਕਦਾ।

ਮੈਂ ਆਖ਼ਰੀ ਤਸਵੀਰ ਵੇਖੀ ਤਾਂ ਹੈਰਾਨ ਹੋਣੋਂ ਨਾ ਰਹਿ ਸਕਿਆ। ਉਸ ਤਸਵੀਰ ਵਿਚਲੇ ਬੱਚੇ ਅਮਰੀਕਣ ਨਹੀਂ ਸਨ। ਉਨ੍ਹਾਂ ਦੀਆਂ ਕਾਲੀਆਂ ਮੋਟੀਆਂ ਅੱਖਾਂ, ਉਨ੍ਹਾਂ ਦੇ ਸੰਘਣੇ ਸ਼ਾਹ ਕਾਲੇ ਵਾਲ! ਉਨ੍ਹਾਂ ਦੇ ਚਿਹਰੇ-ਮੁਹਰੇ। ਉਹ ਤਾਂ ਸੋਲਾਂ ਆਨੇ ਭਾਰਤੀ ਬੱਚੇ ਸਨ ਮੈਂ ਆਪਣਾ ਸ਼ੱਕ ਦੂਰ ਕਰਨ ਲਈ, ਮਹਿੰਦਰ ਦਾ ਲਿਖਿਆ ਵੇਰਵਾ ਪੜ੍ਹਨ ਲੱਗਾ। ਮੈਨੂੰ ਆਪਣੇ ਬੁੱਧੂਪੁਣੇ 'ਤੇ ਹਾਸਾ ਆਇਆ। ਮੈਂ ਇਹ ਨਾ ਸੋਚ ਸਕਿਆ ਕਿ ਵਿਜੈ ਲਕਸ਼ਮੀ ਪੰਡਿਤ ਤੇ ਉਨ੍ਹਾਂ ਦੀ ਅੰਸ਼ ਉੱਥੇ ਰਹਿੰਦੇ ਸਨ। ਭਾਰਤ ਦਾ ਸਫੀਰ ਤੇ ਉਹਦਾ ਅਮਲਾ ਵੀ ਭਾਰਤੀ ਸੀ।

ਵਿਕਾਸ ਦੇ ਸਿਧਾਂਤ ਅਨੁਸਾਰ ਬੱਚਿਆਂ ਨੇ ਆਪਣੇ ਮਾਪਿਆਂ ਤੋਂ ਅਗਲੀ ਮੰਜ਼ਿਲ ਮਾਰਨੀ ਹੁੰਦੀ ਹੈ। ਮਿਸਤਰੀ ਦੇ ਪੁੱਤਰ ਨੇ ਇੰਜਨੀਅਰ ਬਣਨਾ ਹੁੰਦਾ ਹੈ ਤੇ ਨਰਸ ਦੀ ਧੀ ਨੇ ਡਾਕਟਰ ਬਣਨਾ ਹੀ ਹੁੰਦਾ ਹੈ। ਤਸਵੀਰ ਵਿਚਲੇ ਬੱਚਿਆਂ ਦੇ ਭਵਿੱਖ ਨੂੰ ਮਿੱਥਦੀ ਮੇਰੀ ਕਲਪਨਾ ਜਿਵੇਂ ਹੰਭ ਗਈ ਹੋਵੇ। ਮੇਰੀ ਕਲਪਨਾ ਨੂੰ ਅਜੇ ਮੰਜ਼ਿਲ ਨਹੀਂ ਸੀ ਮਿਲੀ ਕਿ ਮੇਰੇ ਬੂਹੇ 'ਤੇ ਖੜੋਤੇ ਬਾਲ ਦੀ ਆਵਾਜ਼ ਆਈ, "ਸਰਦਾਰ ਜੀ ਰੋ...ਟੀ।"

ਦੂਜੀ ਵੇਰ ਮੈਨੂੰ ਸਵਰਗ ਵਿਚੋਂ ਧੂਹ ਕੇ ਬਾਹਰ ਸੁੱਟਿਆ ਗਿਆ ਸੀ। ਪਰ ਇਸ ਵਾਰ ਯਤਨ ਕਰਨ 'ਤੇ ਵੀ ਮੈਂ ਆਪਣਾ ਧਿਆਨ ਜਾਦੂਈ ਸਵਰਗ ਵੱਲ ਨਾ ਲਿਜਾ ਸਕਿਆ।

ਸਵੇਰ ਤੋਂ ਹੀ ਬਹੁਤ ਸਾਰੇ, 'ਰੋਟੀ-ਲੱਸੀ ਮੰਗਦੇ' ਰਾਜਸਥਾਨੀ ਜੀਆਂ ਨੂੰ ਮੈਂ ਦੁਰਕਾਰ ਚੁੱਕਿਆ ਸਾਂ। ਕਈਆਂ ਨੂੰ ਵਿਹਲੜ ਮੰਗਤੇ ਆਖ ਦੁਰਕਾਰ ਚੁੱਕਿਆ ਸਾਂ। ਬਹੁਤਿਆਂ ਨੂੰ ਕੋਈ ਕੰਮ ਕਰ ਲੈਣ ਲਈ ਸਲਾਹ ਦੇ ਚੱਕਿਆ ਸਾਂ। ਜਦੋਂ ਉਹ, ਮੇਰੀ ਕੋਈ ਕੰਮ ਕਰ ਲੈਣ ਦੀ ਨੇਕ ਸਲਾਹ ਦਾ ਉੱਤਰ ਦਲੀਲ ਨਾਲ ਦਿੰਦਿਆਂ ਆਖਦੇ, "ਹਮੇ ਕਾਮ ਚਾਹੀਏ। ਦੋ ਨਾ ਕੋਈ ਕਾਮ ਫਿਰ। ਬਾਬੂ ਮਾਂਗਨ ਘਨਾ ਮੁਸ਼ਕਲ ਸੇ। ਭਗਵਾਨ ਐਸਾ ਨਾ ਕਰੇ। ਆਪਕੋ ਮਾਂਗਨਾ ਪੜੇ।" ਸੁਣਕੇ ਮੈਂ ਛਿੱਥਾ ਪਿਆ, ਆਪਣਾ ਖਹਿੜਾ ਛੁਡਾਉਣ ਲਈ ਆਖ, "ਅੱਗੋ ਮੰਗੋ ਭਾਈ" ਜਿਵੇਂ ਅੱਗੇ ਸਦਾ ਵਰਤ ਲੱਗਿਆ ਹੋਵੇ।

ਬਾਲਾਂ ਨੇ ਆਪਣੇ ਨੰਗੇ ਖਾਲੀ ਢਿੱਡਾਂ ਉੱਤੇ ਹੱਥ ਫੇਰਦਿਆਂ ਫਿਰ ਰੋਟੀ ਦੀ ਮੰਗ ਕੀਤੀ। ਰੋਟੀ ਮੰਗਦਿਆਂ ਉਨ੍ਹਾਂ ਦੇ ਤੁੱਕਿਆਂ ਵਰਗੇ ਗਾਟਿਆਂ ਦੀਆਂ ਨਾੜਾਂ ਉੱਭਰੀਆਂ ਤੇ ਉਨ੍ਹਾਂ ਦੀਆਂ ਨਿਗਾਹਾਂ, ਉਨ੍ਹਾਂ ਦਿਆਂ ਆਪਣੇ ਹੀ ਪੈਰਾਂ 'ਤੇ ਗੱਡੀਆਂ ਗਈਆਂ। ਉਨ੍ਹਾਂ ਵੱਲ



ਵੇਖ ਕੇ ਮੈਨੂੰ ਪਹਿਲੀ ਵੇਰ ਅਹਿਸਾਸ ਹੋਇਆ ਕਿ ਮੰਗਣਾ ਕਿੰਨਾ ਔਖਾ ਹੁੰਦਾ ਹੈ ਤੇ ਮੈਂ ਉਨ੍ਹਾਂ ਬਾਲਾਂ ਨੂੰ ਦੁਰਕਾਰ ਨਾ ਸਕਿਆ। "ਅੱਗੋ ਮੰਗੋ ਭਾਈ" ਨਾ ਆਖ ਸਕਿਆ।

ਤੇ ਮੈਨੂੰ ਜਾਪਿਆ ਜਿਵੇਂ ਮੰਜੀ ਤੇ ਪਈ ਕਿਤਾਬ, ਅਮਰੀਕਣ ਯੂਨੀਵਰਸਿਟੀਆਂ ਤੇ ਮੇਰੇ ਹੱਥਲੀਆਂ ਤਸਵੀਰਾਂ, ਭਾਰਤੀ ਬਾਲਾਂ ਦਾ ਮੂੰਹ ਚਿੜਾ ਰਹੀਆਂ ਹੋਣ।

ਮੈਂ ਉਨ੍ਹਾਂ ਦੋਹਾਂ ਬਾਲਾਂ ਵੱਲ ਵੇਖਿਆ। ਬਾਲਾਂ ਨੇ ਮੇਰੀਆਂ ਤੱਕਣੀਆਂ ਨੂੰ ਨਿਹਾਰਿਆ। ਉਨ੍ਹਾਂ ਨੂੰ ਲੱਗਿਆ ਹੋਣੈ, ਮੇਰੀਆਂ ਅੱਖਾਂ ਵਿਚ ਉਨ੍ਹਾਂ ਲਈ ਹੁਣ ਘਿਰਣਾ ਨਹੀਂ ਹੋਣੀ। ਉਹ ਦੋਵੇਂ ਬਾਹਰਲਾ ਬੂਹਾ ਲੰਘ ਕੇ, ਮੇਰੀ ਮੰਜੀ ਕੋਲ ਆਣ ਬੈਠੇ ਸਨ। ਉਨ੍ਹਾਂ ਲਈ ਰੋਟੀ ਅਤੇ ਲੱਸੀ ਆ ਗਈ ਸੀ। ਖਾਂਦੇ-ਪੀਂਦੇ ਉਹ ਮੇਰੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰਦੇ ਰਹੇ ਸਨ। ਲੱਸੀ ਵਾਲਾ ਭਾਂਡਾ ਸੁੱਚਾ ਕਰਨ ਲਈ ਭਰਾ ਨੇ ਮੈਥੋਂ ਪਾਣੀ ਮੰਗਿਆ ਸੀ। ਮੈਂ ਵਿਹੜੇ ਵਿਚ ਲੱਗੇ ਨਲਕੇ ਵੱਲ ਇਸ਼ਾਰਾ ਕਰ ਦਿੱਤਾ ਸੀ। ਉਹ ਨਲਕੇ ਵੱਲ ਤੁਰ ਗਿਆ ਸੀ ਤੇ ਉਹਦੀ ਭੈਣ ਦਰਵਾਜ਼ੇ ਵਿਚ ਫਿਰਦੇ ਵਲਾਇਤੀ ਨਸਲ ਦੇ ਚੂਚਿਆਂ ਮਗਰ ਭੱਜਣ ਲੱਗ ਪਈ ਸੀ। ਚੂਚਿਆਂ ਤੇ ਉਨ੍ਹਾਂ ਦੀ ਮਾਂ ਨੇ ਦਰਵਾਜ਼ੇ ਦੀ ਛੱਤ ਸਿਰ 'ਤੇ ਚੁੱਕ ਲਈ ਸੀ। ਭਰਾ ਨੇ ਆ ਕੇ ਕੁੜੀ ਨੂੰ ਮੋੜਿਆ। ਮੇਰਾ ਡਰਾਵਾ ਵੀ ਦਿੱਤਾ। ਉਸ ਮੇਰੇ ਵੱਲ ਵੇਖਿਆ ਤੇ ਫਿਰ ਚੂਚਿਆਂ ਵੱਲ ਭੱਜ ਤੁਰੀ। ਦੋਵੇਂ ਭੈਣ ਭਰਾ ਖ਼ੁਸ਼ ਸਨ-ਬਹੁਤ ਹੀ ਖ਼ੁਸ਼। ਜਿਵੇਂ ਉਨ੍ਹਾਂ ਨੂੰ 'ਰੋਟੀ-ਲੱਸੀ' ਨਹੀਂ ਕਾਰੂੰ ਦਾ ਖਜ਼ਾਨਾ ਮਿਲ ਗਿਆ ਸੀ।

ਹੁਣ ਉਹ ਮੇਰੇ ਨਾਲ ਗੱਲੀਂ ਪਿਆ ਹੋਇਆ ਸੀ। ਉਹਦੀਆਂ ਗੱਲਾਂ ਨਹੀਂ ਸਨ ਮੁੱਕ ਰਹੀਆਂ। ਉਹਦੇ ਦੇਸ਼ ਦੀਆਂ ਗੱਲਾਂ। ਪਏ ਸੋਕੇ ਦੀਆਂ ਗੱਲਾਂ। ਪਸ਼ੂਆਂ-ਡੰਗਰਾਂ ਦੀਆਂ ਗੱਲਾਂ। ਖੇਤਾਂ ਦੀ ਵੰਗਲੀ ਦੀਆਂ ਗੱਲਾਂ।ਭੈਣਾਂ-ਭਰਾਵਾਂ ਤੇ ਮਾਪਿਆਂ ਦੀਆਂ ਗੱਲਾਂ।

ਉਹਦੀ ਭੈਣ ਚੂਚਿਆਂ ਮਗਰ ਭੱਜਣੋਂ ਹੱਟ ਚੁੱਕੀ ਸੀ। ਦਰਵਾਜ਼ੇ ਦੀ ਖੱਬੀ ਨੁੱਕਰ ਵਿਚ ਪਈਆਂ, ਗੁਰਨਿਆਂ ਦੀਆਂ ਸੀਖਣੀਆਂ ਦੇ ਢੇਰ ਤੇ ਉਹ ਜਾ ਬੈਠੀ ਸੀ ਤੇ ਕਿੰਨਾ ਚਿਰ ਸੀਖਣੀਆਂ ਨਾਲ ਖੇਡਦੀ ਰਹੀ ਤੇ ਖੇਡਦੀ-ਖੇਡਦੀ ਸੀਖਣੀਆਂ ਦੇ ਢੇਰ 'ਤੇ ਹੀ ਸੌਂ ਗਈ ਸੀ।

ਤੇ ਭਰਾ ਮੈਨੂੰ ਦੱਸ ਰਿਹਾ ਸੀ ਕਿ ਉਹਨੇ ਕਦੇ ਕਣਕ ਦੀ ਰੋਟੀ ਨਹੀਂ ਸੀ ਖਾਧੀ। ਕਦੇ ਉਹਨੇ ਇਥੋਂ ਵਰਗਾ ਗੁੜ ਨਹੀਂ ਸੀ ਖਾਧਾ। ਆਪਣੇ ਪਿੰਡ ਗੁੜ ਉਹਨੇ ਖਾਧਾ ਜ਼ਰੂਰ ਸੀ ਪਰ ਉਹਦੇ ਵਿਚ ਰੇਤ ਰਲੀ ਹੁੰਦੀ ਸੀ। ਉਹਨੂੰ ਆਪਣੇ ਦੇਸ਼ ਦੇ ਜੰਡਾਂ ਦੇ ਖੋਖੇ, ਬਾਣੀਏ ਤੋਂ ਮੁੱਲ ਲਏ ਗੁੜ ਨਾਲੋਂ ਵੱਧ ਸੁਆਦ ਲੱਗਿਆ ਕਰਦੇ ਸਨ। ਸਾਡੇ ਨਲਕੇ ਦੇ ਪਾਣੀ ਨਾਲ, ਅਸੀਂ ਕੁਰਲੀ ਕਰਨੀ ਵੀ ਪਸੰਦ ਨਹੀਂ ਸਾਂ ਕਰਦੇ, ਉਹਦੇ ਲਈ ਇਹ ਪਾਣੀ ਸ਼ਹਿਦ ਦੀਆਂ ਘੁੱਟਾਂ ਸੀ। ਉਹ ਮੈਨੂੰ, ਆਪਣੀਆਂ ਭੁੱਖ ਤ੍ਰੇਹ ਨਾਲ ਪਿਛਲੇ ਦਿਨੀਂ ਮਰ ਚੁੱਕੀਆਂ ਗਊਆਂ ਬਾਰੇ ਦੱਸ ਰਿਹਾ ਸੀ ਕਿ ਦਰਵਾਜ਼ੇ ਦੇ ਬੂਹੇ ਅੱਗੋਂ ਜ਼ੈਲਦਾਰਾਂ ਦਾ ਟਰੈਕਟਰ ਦੁੱਗ-ਦੁੱਗ ਕਰਦਾ ਲੰਘ ਗਿਆ ਸੀ। ਸਾਡੇ ਪਿੰਡ ਵਿਚ ਜ਼ੈਲਦਾਰਾਂ ਦਾ ਇਹ ਪਹਿਲਾ ਟਰੈਕਟਰ ਸੀ।

ਨਰਮੇ ਲਈ ਰੌਣੀ ਵਾਹਕੇ ਸਾਡੇ ਹਾਲੀ ਘਰ ਪਰਤ ਆਏ ਸਨ। ਦਰਵਾਜ਼ੇ ਵਿਚਲੀ ਲੰਮੀ ਖੁਰਲੀ ਤੇ ਚਾਰਾਂ ਬਲਦਾਂ ਨੂੰ ਬੰਨ੍ਹਕੇ ਇਕ ਸੀਰੀ ਨੇ ਬਲਦਾਂ 'ਤੇ ਖਰਖਰਾ ਮਾਰਨਾ ਸ਼ੁਰੂ

ਕਰ ਦਿੱਤਾ ਸੀ। ਦੂਜਾ ਸੀਰੀ ਬਲਦਾਂ ਲਈ ਦਾਣਾ ਰਲਾਉਣ ਲੱਗ ਪਿਆ ਸੀ। ਤੇਰਾਂ ਕੁ ਸਾਲਾਂ ਦਾ ਬਾਲ ਉੱਠਿਆ ਤੇ ਬਲਦਾਂ ਕੋਲ ਹੋ ਲਿਆ। ਉਹ ਬਲਦਾਂ ਨੂੰ ਗੌਰ ਨਾਲ ਵੇਖ ਰਿਹਾ ਸੀ ਜਿਵੇਂ ਉਹ ਬਲਦ, ਉਨ੍ਹਾਂ ਦੀਆਂ ਮਰ ਚੁੱਕੀਆਂ ਗਊਆਂ ਦੇ ਹੀ ਜਾਏ ਹੋਣ। ਉਹਨੂੰ ਲੱਗ ਰਿਹਾ ਸੀ ਕਿ ਇਹ ਚਾਰੇ ਉਹਦੇ ਬਾਪੂ ਨੇ ਛੇ ਮਹੀਨੇ ਪਹਿਲਾਂ ਨਗੌਰ ਦੀ ਮੰਡੀ ਵਿਚ ਵੇਚੇ ਸਨ। ਸਾਡੇ ਪਿੰਡ ਦਾ ਹਰਨਾਮ ਸਿੰਘ ਨਗੌਰ ਤੋਂ ਬਲਦਾਂ ਦੀ ਹੇੜ ਲਿਆਇਆ ਕਰਦਾ ਸੀ। ਅਸੀਂ ਇਹ ਚਾਰੇ ਉਹਤੋਂ ਹੀ ਖਰੀਦੇ ਸਨ। ਮੈਨੂੰ ਲੱਗਿਆ ਬਲਦਾਂ ਨੂੰ ਨਿਹਾਰਦੀਆਂ ਉਹਦੀਆਂ ਅੱਖਾਂ ਵਿਚ ਸਿਲ੍ਹ ਆ ਗਈ ਸੀ ਜਿਵੇਂ ਇਹ ਚਾਰੇ, ਉਨ੍ਹਾਂ ਦੀਆਂ ਗਊਆਂ ਦੇ ਹੀ ਜਾਏ ਹੋਣ। ਹੋ ਵੀ ਸਕਦਾ ਸੀ, ਉਨ੍ਹਾਂ ਦੇ ਹੀ ਇਹ ਪਾਲੇ ਹੋਣ। ਉਹ ਖੁਸ਼ ਸੀ ਕਿ ਇਹ ਬਲਦ ਉਨ੍ਹਾਂ ਦੀਆਂ ਗਊਆਂ ਵਾਂਗੂੰ ਭੁੱਖੇ ਤਿਹਾਏ ਨਹੀਂ ਸਨ ਮਰੇ।

ਉਹ ਸਾਵੇ ਨਾਰੇ ਦਾ ਸਿਰ ਖੁਰਕ ਰਿਹਾ ਸੀ ਕਿ ਮੇਰਾ ਛੋਟਾ ਭਰਾ ਕਾਲਜ 'ਚੋਂ ਪੜ੍ਹਕੇ ਆ ਗਿਆ ਸੀ। ਤੇ ਆਉਂਦਿਆਂ ਹੀ ਉਹ ਬੈਠਕ ਵਿਚੋਂ ਟਰਾਂਜਿਸਟਰ ਚੁੱਕ ਲਿਆਇਆ ਸੀ। ਮੇਰੀ ਮੰਜੀ ਦੇ ਸਿਰਹਾਣੇ, ਉਹਨੇ ਰੇਡੀਓ ਨਿੱਕੇ ਮੇਜ਼ 'ਤੇ ਟਿੱਕਾ ਦਿੱਤਾ ਸੀ। ਸੁਰਿੰਦਰ ਕੌਰ ਦੀ ਆਵਾਜ਼ ਵਿਚ, ਲੋਕ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ' ਦੇ ਬੋਲ ਵਾਤਾਵਰਨ ਵਿਚ ਘੁਲ ਗਏ ਸਨ। ਉਹਨੇ ਚੀਖ ਕੇ ਮੈਥੋਂ ਪੁੱਛਿਆ, "ਕੌਣ ਗਾਤਾ ਹੈ ਇਸ ਡਿਬੀਆ ਮੇਂ?" ਮੈਂ ਉਹਦੇ ਸੁਆਲ ਦਾ ਉੱਤਰ ਦੇਣ ਦੀ ਥਾਂ, ਇਕ ਤੋਂ ਦੂਜਾ ਤੇ ਦੂਜੇ ਤੋਂ ਤੀਜਾ ਸਟੇਸ਼ਨ ਬਦਲਣ ਲੱਗਿਆ ਕਿ ਸ਼ਾਇਦ ਕਿਤੋਂ, "ਮਾਰੂ ਨੀਲੋ ਪੀਲੋ ਘਾਗਰੋ" ਕੋਈ ਉਹਦੇ ਪਸੰਦ ਦਾ ਗੀਤ ਮਿਲ ਜਾਵੇ।

ਮੈਂ ਵੇਖਿਆ ਤੇ ਮੈਨੂੰ ਲੱਗਿਆ, ਉਹ ਆਪਣੇ ਸੁਆਲ ਨੂੰ ਭੁੱਲ ਚੁੱਕਿਆ ਲੱਗਦਾ ਸੀ। ਉਹਦੇ ਹੱਥ ਵਿਚ ਮਹਿੰਦਰ ਦੀ ਭੇਜੀ ਇਕ ਵੱਡੇ ਸਾਈਜ਼ ਦੀ ਤਸਵੀਰ ਸੀ। ਇਸ ਤਸਵੀਰ ਵਿਚ ਪੰਡਿਤ ਨਹਿਰੂ ਦੁਆਲੇ ਲਪਕੇ, ਅਮਰੀਕਣ ਬੱਚੇ ਉਨ੍ਹਾਂ ਨਾਲ ਬਹੁਤ ਉੱਚੀ ਹੱਸਦੇ ਲੱਗ ਰਹੇ ਸਨ। ਉਨ੍ਹਾਂ ਤੇ ਪੰਡਿਤ ਜੀ ਦੇ ਕਹਿਕੇ ਜਿਵੇਂ ਆਸਮਾਨ ਨੂੰ ਛੂਹ ਰਹੇ ਸਨ। ਮੈਂ ਵੇਖਿਆ, ਉਹ ਬੜੇ ਮੋਹ ਨਾਲ ਤਸਵੀਰ ਵੱਲ ਤੱਕ ਰਿਹਾ ਸੀ। ਉਹਦੀਆਂ ਨਿਗਾਹਾਂ ਜਿਵੇਂ ਪੰਡਿਤ ਜੀ 'ਤੇ ਹੀ ਟਿਕੀਆਂ ਹੋਈਆਂ ਸਨ। ਉਹਨੇ ਪੰਡਿਤ ਜੀ ਵੱਲ ਸੰਕੇਤ ਕਰਦਿਆਂ, ਮੈਥੋਂ ਪੁੱਛਿਆ ਸੀ, "ਯਹ ਆਪਜੀ ਕੇ ਪਿਤਾ ਹੈਂ ਕਿਆ?" ਮੈਂ ਆਪਣੇ ਸਿਰ ਤੇ ਵਲੇਟਿਆ ਮੂਲਾ ਸੁਆਰਿਆ ਤੇ ਆਖਿਆ, "ਇਹ ਪੰਡਿਤ ਨਹਿਰੂ ਹਨ। ਭਾਰਤ ਦੇ ਬੱਚਿਆਂ ਦੇ ਹੀ ਨਹੀਂ, ਸਾਰੇ ਸੰਸਾਰ ਦੇ ਬੱਚਿਆਂ ਦੇ ਪਿਤਾ ਹਨ। ਸਾਡੇ ਬਾਲ ਉਨ੍ਹਾਂ ਨੂੰ ਚਾਚਾ ਨਹਿਰੂ ਆਖਦੇ ਹਨ। ਤੁਹਾਡੇ ਵਰਗੇ ਬਾਲਾਂ ਨਾਲ ਇਨ੍ਹਾਂ ਦਾ ਬੜਾ ਪਿਆਰ ਹੈ।" ਉਹਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ ਸੀ ਜਾਂ ਉਹਨੇ ਮੇਰੀ ਗੱਲ ਵੱਲ ਧਿਆਨ ਨਹੀਂ ਸੀ ਦਿੱਤਾ। ਉਹਨੇ ਆਪਣਾ ਮੱਥਾ ਘੁੱਟਿਆ ਹੋਇਆ ਸੀ। ਉਹਦੀਆਂ ਭਵਾਂ ਚੜ੍ਹੀਆਂ ਹੋਈਆਂ ਸਨ ਤੇ ਉਹ ਘੂਰ-ਘੂਰ ਤਸਵੀਰ ਵੱਲ ਵੇਖ ਰਿਹਾ ਸੀ। ਉਹ ਗੁੱਸੇ ਵਿਚ ਚੀਖਿਆ, "ਯਹ ਬੂੜ੍ਹਾ, ਮੁਝ ਪੇ ਕੈਸੇ ਹੰਸ ਰਹਾ ਸੂੰ? ਔਰ ਯਹ ਛੋਕਰੇ ਸਾਲੇ ਮੇਰੇ ਪੇ ਦਾਂਤ ਨਿਕਾਲ ਰਹੇ ਸੂੰ। ਕਿਆ ਮੈਂ ਮਨੁਸ਼ ਕਾ ਬੱਚਾ ਨਹੀਂ ਸੂੰ? ਸਾਲੇ ਬਾਂਦਰ।"



ਉਹ ਅਸੀਮ ਘਿਰਣਾ ਨਾਲ ਰੰਗੀਨ ਤਸਵੀਰ ਵੱਲ ਘੂਰਨ ਲੱਗਾ ਤੇ ਅਗਲੇ ਬਿੰਦ ਉਹਨੇ ਤਸਵੀਰ ਦੇ ਚਾਰ ਟੁਕੜੇ ਕਰ ਦਿੱਤੇ।

ਕਤਲ ਹੋਈ ਤਸਵੀਰ ਦੇ ਚਾਰ ਟੋਟੇ ਮੇਰੇ ਹੱਥ ਵਿਚ ਕੰਬ ਰਹੇ ਸਨ। ਮੈਂ ਤਸਵੀਰ ਦੇ ਕਾਤਲ ਵੱਲ ਨਿਗਾਹ ਮਾਰੀ ਤਾਂ ਉਦੋਂ ਆਪਣੀਆਂ ਨਿਗਾਹਾਂ ਆਪਣੇ ਹੀ ਪੈਰਾਂ 'ਤੇ ਗੱਡ ਲੈਣ ਦੀ ਮੇਰੀ ਵਾਰੀ ਆ ਗਈ ਸੀ। ਤੇ ਬਿਜਲੀ ਮੇਰੇ ਜ਼ਿਹਨ ਵਿਚ ਕੌਂਦ ਗਈ ਸੀ। ਭੁੱਖਿਆਂ ਨੰਗਿਆਂ ਦਾ ਹੜ੍ਹ ਸਾਡੇ ਬਰੂਹਾਂ 'ਤੇ ਗਰਜ ਰਿਹਾ ਸੀ। ਹੜ੍ਹ ਵਲੋਂ ਅੱਖਾਂ ਚੁਰਾਕੇ, ਮੈਂ ਮੰਜੀ 'ਤੇ ਮੂਧੀ ਮਾਰੀ ਪਈ, "ਅਮਰੀਕਨ ਯੂਨੀਵਰਸਿਟੀਆਂ" ਕਿਤਾਬ ਦੇ ਸੁੰਦਰ ਸੁਨਹਿਰੀ ਅੱਖਰਾਂ 'ਤੇ ਨਜ਼ਰਾਂ ਟਿਕਾਉਣ ਦਾ ਯਤਨ ਕਰਨ ਲੱਗਾ। ਪਰ ਨਜ਼ਰਾਂ ਟਿਕ ਨਹੀਂ ਸਨ ਸਕੀਆਂ। ਸੁਨਹਿਰੀ ਅੱਖਰ, ਮੇਰਾ ਤੇ ਭਾਰਤੀ ਬਾਲਾਂ ਦਾ ਮੂੰਹ ਚਿੜਾ ਰਹੇ ਸਨ। •

59, ਧੀਰਾ ਸਿੰਘ ਨਗਰ, ਕੋਟਕਪੂਰਾ

ਪ੍ਰਚਲਤ ਸਫ਼ਰਨਾਮਾ ਵਿਧਾ ਨੂੰ ਰੱਦ ਕਰਕੇ ਇੱਕ ਵੱਖਰੇ ਸਾਹਿਤਕ ਸਰੂਪ ਨੂੰ ਸਿਰਜਦੀ ਤੇ ਕੈਨੇਡਾ ਦੀ ਬਹੁ-ਪੱਖੀ ਜ਼ਿੰਦਗੀ ਨੂੰ ਪੇਸ਼ ਕਰਦੀ ਮਹੱਤਵਪੂਰਨ ਪੁਸਤਕ

**ਚਮਤਕਾਰੀ ਕੈਨੇਡਾ**

**ਲੇਖਕ ਖੋਜੀ ਕਾਫ਼ਰ**

ਪੰਨੇ 240, ਮੁੱਲ 200 ਰੁਪਏ

**ਸਿੰਘ ਬ੍ਰਦਰਜ਼ ਅੰਮ੍ਰਿਤਸਰ**

ਫ਼ਾਰਮ 4 ਨਿਯਮ 8

ਤਿਮਾਹੀ **ਚਿਰਾਗ** ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
   ਸ਼ਹੀਦ ਸਰਵਣ ਸਿੰਘ ਚੀਮਾ ਭਵਨ,
   ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
   ਪਿੰਡ ਫ਼ੱਤੂ ਚੱਕ, ਡਾਕ: ਢਿਲਵਾਂ
   ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-

(ਡਾ. ਅਨੂਪ ਸਿੰਘ)

# ਗੁਰੂ ਨਾਨਕ ਦਾ ਕਾਵਿ-ਬੋਧ

- ਡਾ. ਅਮਰਜੀਤ ਸਿੰਘ ਗੋਰਕੀ

ਗੁਰੂ ਨਾਨਕ ਦੀ ਸਾਰੀ ਕਵਿਤਾ ਉਸ ਕਵੀ ਦੀ ਰਚਨਾ ਨਹੀਂ ਜਿਹੜਾ ਵੇਗ ਵਿਚ ਆ ਕੇ ਕਵੀਸ਼ਰਾਂ ਵਾਂਗ ਤੁਕ ਬੰਦੀ ਕਰਦਾ ਹੈ। ਅਜਿਹੇ ਕਵੀਸ਼ਰ ਵੇਗ ਵਿਚ ਆ ਕੇ, ਕਿਸੇ ਪ੍ਰਚਲਿਤ ਕਾਵਿ ਮਰਿਯਾਦਾ ਦੇ ਪਰਵਾਹ ਪ੍ਰਭਾਵ ਅਧੀਨ, ਕਿਸੇ ਸਮਾਜਿਕ ਪਰਨਾਲੀ ਜਾਂ ਅਧਿਆਤਮਿਕ ਮੰਡਲੀ ਨਾਲ ਸੰਬੰਧਿਤ ਹੋਣ ਕਾਰਨ ਵੇਲੇ ਦੀ ਲੋੜ ਨੂੰ ਪੂਰਾ ਕਰਨ ਲਈ ਤੁਕਾਂ ਜੋੜ ਕੇ ਦਾਲ ਦਲੀਆ ਕਰ ਲੈਂਦੇ ਹਨ। ਅਜਿਹੇ ਕਵੀਸ਼ਰ ਕੁਦਰਤੀ ਕਵੀ ਤੇ ਜਮਾਂਦਰੂ ਕਵੀ (ਕਵੀਸ਼ਰ) ਵਰਗੇ ਨਾਵਾਂ ਨਾਲ ਜਾਣੇ ਜਾਂਦੇ ਹਨ। ਇਥੇ ਮੈਂ ਇਸ ਸੁਆਲ ਦਾ ਨਿਰਣਾ ਕਰਨ ਦਾ ਯਤਨ ਨਹੀਂ ਕਰਾਂਗਾ ਕਿ ਕੁਦਰਤੀ ਕਵੀ ਵਰਗੀ ਕੋਈ ਚੀਜ਼ ਹੁੰਦੀ ਹੈ ਜਾਂ ਹੋ ਸਕਦੀ ਹੈ ਕਿ ਨਹੀਂ। ਵੈਸੇ ਇਹ ਹਾਸੋ ਹੀਣੀ ਧਾਰਨਾ ਕਾਫੀ ਵੱਡੀ ਮਾਤਰਾ ਵਿਚ ਆਮ ਲੋਕਾਂ ਵਿਚ ਪ੍ਰਚਲਿਤ ਹੈ ਕਿ ਕਵੀ ਬਣਦੇ ਨਹੀਂ ਸਗੋਂ ਕੁਦਰਤ ਵਲੋਂ ਹੀ ਉਹਨਾਂ ਵਿਚ ਇਹ ਗੁਣ ਹੁੰਦਾ ਹੈ। ਸ਼ਾਇਦ ਇਹ ਲੋਕ ਬਹੁਤੀ ਹੱਦ ਤੱਕ ਮਨੁੱਖ ਮਨ ਨੂੰ ਸੋਧਣ-ਸਿਧਾਣ ਦੀ ਕਿਰਿਆ ਜਾਂ ਸਿਧਾਂਤ ਬਾਰੇ ਚੇਤਨ ਨਹੀਂ ਹੁੰਦੇ ਤੇ ਜੇ ਹੁੰਦੇ ਵੀ ਹਨ ਤਾਂ ਕਾਵਿ ਰਚਨਾ ਵਿਚ ਇਸ ਕਿਰਿਆ ਦਾ ਕੀ ਹੱਥ ਹੈ, ਇਹਨਾਂ ਦਾ ਸਾਂਝਾ ਗੁਣ ਜਾਂ ਤੱਤ-ਵਿਧਾਨ ਨਹੀਂ ਪਛਾਣ ਸਕਦੇ।

ਇਹ ਗੱਲ ਮੈਨੂੰ ਉਸੇ ਤਰ੍ਹਾਂ ਜਾਪਦੀ ਹੈ ਜਿਵੇਂ ਇਹ ਕਹਿਣਾ ਕਿ ਗੁਰੂ ਨਾਨਕ ਦਾ ਕੋਈ ਗੁਰੂ ਨਹੀਂ ਸਗੋਂ ਉਹ ਆਪ ਹੀ ਆਪਣੇ ਗੁਰੂ ਸਨ। ਇਹ ਗੱਲ ਇਕ ਪੱਖੋਂ ਠੀਕ ਹੈ ਤੇ ਇਕ ਪੱਖੋਂ ਗਲਤ। ਠੀਕ ਇਸ ਤਰ੍ਹਾਂ ਕਿ ਗੁਰੂ ਨਾਨਕ ਨੇ ਸਾਰੀ ਉਮਰ ਕਿਸੇ ਇਕ ਵਿਸ਼ੇਸ਼ ਵਿਅਕਤੀ ਕੋਲੋਂ ਜਾਂ ਵਿਚਾਰਧਾਰਾ ਕੋਲੋ ਸ਼ਾਇਦ ਉਹ ਕੁਝ ਪ੍ਰਾਪਤ ਨਾ ਕੀਤਾ ਹੋਵੇ ਜਿਹੜਾ ਕਿਸੇ ਗੁਰੂ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਪ੍ਰਾਪਤ ਹੋਣਾ ਚਾਹੀਦਾ ਹੈ। ਸਗੋਂ ਇਹਦੀ ਥਾਂ ਤੇ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਸਮੇਂ-ਸਮੇਂ ਵੱਖ-ਵੱਖ ਵਿਅਕਤੀਆਂ ਤੇ ਵਿਚਾਰਧਾਰਾ ਦੇ ਸੰਪਰਕ ਵਿਚ ਆ ਕੇ ਉਨ੍ਹਾਂ ਕੋਲੋਂ ਕੁਝ ਸਿੱਖਿਆ ਹੋਵੇ, ਕੁਝ ਗ੍ਰਹਿਣ ਕੀਤਾ ਹੋਵੇ ਤੇ ਫਿਰ ਆਪਣੇ ਮਾਨਸਿਕ ਵਿਕਾਸ ਦੇ ਅਗਲੇ ਪੜਾਅ ਤੇ ਉਹ ਵਿਚਾਰਧਾਰਾ ਜਾਂ ਵਿਅਕਤੀ ਕੋਲੋਂ ਸਿੱਖਿਆ ਸਿਖਾਇਆ ਤੇ ਗ੍ਰਹਿਣ ਕੀਤਾ, ਉਨ੍ਹਾਂ ਦੀ ਮਾਨਸਿਕ ਬਿਰਤੀ ਦਾ ਭਾਗ ਬਣ ਚੁੱਕਾ ਹੋਵੇ। ਪਿਛਲੀ ਗੱਲ ਇਸ ਵਿਚਾਰ ਨੂੰ ਗਲਤ ਸਿੱਧ ਕਰਦੀ ਹੈ ਕਿ ਉਨ੍ਹਾਂ ਦਾ ਕੋਈ ਗੁਰੂ ਨਹੀਂ ਸੀ। ਕਿਉਂਕਿ ਜਿਸ ਥੋੜ੍ਹੇ ਸਮੇਂ ਲਈ ਵੀ ਉਹ ਕਿਸੇ ਵਿਅਕਤੀ ਜਾਂ ਵਿਚਾਰਧਾਰਾ ਦੇ ਪ੍ਰਭਾਵ ਹੇਠਾਂ ਰਹੇ ਹੋਣਗੇ ਉਸ ਸਮੇਂ ਉਹ ਵਿਅਕਤੀ ਜਾਂ ਵਿਚਾਰਧਾਰਾ ਗੁਰੂ ਦੀ ਪਦਵੀ ਦੀ ਹੱਕਦਾਰ ਹੋਵੇਗੀ। ਸ਼ਰਧਾਲੂ ਇਸਨੂੰ ਜਿਵੇਂ ਜੀ ਚਾਹੁਣ ਸਮਝ ਸਕਦੇ ਹਨ।



ਕਵਿਤਾ ਬਾਰੇ ਗੁਰੂ ਨਾਨਕ ਨੇ ਵਿਸਤਾਰ ਰੂਪ ਵਿਚ ਕੋਈ ਚਰਚਾ ਨਹੀਂ ਕੀਤੀ। ਕਵਿਤਾ ਦਾ ਸੋਮਾ, ਰਚਨਾ-ਵਿਧੀ, ਵਿਸ਼ਾ-ਵਸਤੂ ਅਤੇ ਟੀਚਾ ਜਾਂ ਮੰਤਵ — ਇਹਨਾਂ ਸਾਰਿਆਂ ਵਿਸ਼ਿਆਂ ਬਾਰੇ ਗੁਰੂ ਨਾਨਕ ਦੀ ਕਵਿਤਾ ਵਿਚ ਕੁਝ ਇਕ ਸੰਕੇਤ ਹੀ ਮਿਲਦੇ ਹਨ। ਇਨ੍ਹਾਂ ਸੰਕੇਤਾਂ ਦੇ ਆਧਾਰ ਤੇ ਹੀ ਗੁਰੂ ਨਾਨਕ ਦੇ ਕਾਵਿ ਚਿੰਤਨ ਬਾਰੇ ਜਾਣਿਆ ਜਾ ਸਕਦਾ ਹੈ। ਇਸ ਪੱਖੋਂ ਵਿਚਾਰਿਆ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਗੁਰੂ ਸਾਹਿਬ ਇਹਨਾਂ ਸਮੱਸਿਆਵਾਂ ਬਾਰੇ ਸੁਚੇਤ ਨਹੀਂ ਸਨ। ਸਗੋਂ ਪ੍ਰਭਾਵ ਇਹੋ ਪੈਂਦਾ ਹੈ ਕਿ ਗੁਰੂ ਸਾਹਿਬ ਜੇ ਸਮਾਜਿਕ, ਰਾਜਨੀਤਿਕ, ਸਦਾਚਾਰਕ, ਦਾਰਸ਼ਨਿਕ ਸਮੱਸਿਆਵਾਂ ਬਾਰੇ ਸੁਚੇਤ ਸਨ ਤਾਂ ਉਹ ਕਾਵਿ ਰਚਨਾ ਦੀਆਂ ਸਮੱਸਿਆਵਾਂ ਬਾਰੇ ਇਕ ਨਿਜੀ ਧਾਰਨਾ ਰੱਖਦੇ ਹੋਣਗੇ। ਸਾਡਾ ਮੰਤਵ ਹੈ ਕਿ ਇਸ ਕਾਵਿ-ਧਾਰਨਾ ਦੀ ਨੁਹਾਰ ਨੂੰ ਚੰਗੀ ਤਰ੍ਹਾਂ ਪਛਾਨਣਾ।

ਅੱਜ ਤੱਕ ਗੁਰੂ ਨਾਨਕ ਬਾਣੀ ਦਾ ਜਿੰਨਾ ਵੀ ਮੁਲਾਂਕਣ ਹੋਇਆ ਹੈ ਉਹ ਗੁਰੂ ਨਾਨਕ ਦੀ ਕਾਵਿ-ਪ੍ਰਾਪਤੀ ਦਾ ਮੁਲਾਂਕਣ ਹੀ ਸੀ। ਸਾਹਿਤਕ ਉਤਪਤੀ, ਦਾਰਸ਼ਨਿਕ ਵਿਲੱਖਣਤਾ, ਸਦਾਚਾਰਕ ਤੇ ਸਮਾਜਿਕ ਸਿਰਜਣਾਤਮਿਕਤਾ ਨੂੰ ਗੁਰੂ ਨਾਨਕ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਲੇਖ ਵਿਚ ਅਸੀਂ ਉਸ ਮਨ ਦੀ ਨੁਹਾਰ ਨੂੰ ਪਛਾਣਨਾ ਹੈ ਜਿਸਨੇ ਸਾਨੂੰ ਇਹ ਸਾਰਾ ਕੁਝ ਦਿੱਤਾ। ਉਸ ਮਨ ਦੀ ਥਹੁ ਲਾਉਣੀ ਹੈ ਜਿਸਨੇ ਇਨ੍ਹਾਂ ਸਾਰਿਆਂ ਵਿਸ਼ਿਆਂ ਬਾਰੇ ਵਿਚਾਰ ਪ੍ਰਗਟਾਉਣ ਲੱਗਿਆਂ ਕਲਾ ਦਾ ਸਾਥ ਕਦੀਂ ਨਹੀਂ ਛੱਡਿਆ। ਸਗੋਂ ਦੀਰਘ ਤੋਂ ਦੀਰਘ ਵਿਸ਼ੇ ਨੂੰ ਵੀ ਕਲਾਤਮਿਕ ਉਤਮਤਾ ਪ੍ਰਦਾਨ ਕੀਤੀ। ਅਸੀਂ ਇਸ ਗੱਲ ਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਜਿਵੇਂ ਕੁਰਾਨ ਵਿਚ ਕੋਈ ਨੇਮ-ਬੱਧ ਦਰਸ਼ਨ ਦੀ ਵਿਆਖਿਆ ਨਹੀਂ ਕੀਤੀ ਹੋਈ ਸਗੋਂ ਉਹਦੇ ਤੇ ਆਧਾਰਿਤ ਦਰਸ਼ਨ ਪਿਛੋਂ ਹੀ ਵਿਚਾਰਵਾਨਾਂ ਨੇ ਕੱਢਿਆ ਹੈ ਜਾਂ ਹਜ਼ਰਤ ਮੁਹੰਮਦ ਦੇ ਵਿਚਾਰਾਂ ਨੂੰ ਉਹਨਾਂ ਦੀ ਕਵਿਤਾ ਵਿਚੋਂ ਨੇਮਬੱਧ ਕੀਤਾ ਗਿਆ। ਇਸੇ ਤਰ੍ਹਾਂ ਅਸੀਂ ਵੀ ਗੁਰੂ ਨਾਨਕ ਦੀ ਰਚਨਾ ਵਿਚੋਂ ਕਾਵਿ ਰਚਨਾ ਵਿਧੀ ਨੇਮਬੱਧ ਕਰਨਾ ਹੈ। ਸ਼ਾਇਦ ਗੁਰੂ ਨਾਨਕ ਦਾ ਮੂਲ ਮਨੋਰਥ ਕਾਵਿ-ਰਚਨਾ ਹੀ ਸੀ ਪਰ ਉਸ ਕਲਾ-ਰਚਨਾ ਅਤੇ ਕਲਾ ਪ੍ਰਾਪਤੀ ਪਿੱਛੇ ਜੋ ਵਿਚਾਰ ਕੰਮ ਕਰਦੇ ਸਨ, ਉਨ੍ਹਾਂ ਵਿਚਾਰਾਂ ਦਾ ਪ੍ਰਗਟਾ ਉਚੇਚੇ ਯਤਨ ਕਾਰਨ ਨਹੀਂ ਸੀ ਹੁੰਦਾ ਸਗੋਂ ਇਹ ਵਿਚਾਰ ਕਾਵਿ-ਰਚਤਾ ਦੀ ਮਨ-ਅਵਸਥਾ ਦੇ ਲਖਾਇਕ ਹੁੰਦੇ ਸਨ।

ਇਹ ਸਾਰੀ ਵਿਚਾਰ ਵਿਚ ਸਾਨੂੰ ਉਸ ਸਦਾਚਾਰਕ ਮਰਯਾਦਾ ਦਾ ਅਧਿਐਨ ਵੀ ਕਰਨਾ ਪਵੇਗਾ ਜਿਸਦੀ ਧਾਰਨਾ ਗੁਰੂ ਨਾਨਕ ਦੇ ਮਨ ਵਿਚ ਕਵਿਤਾ ਰਚਨ ਵੇਲੇ ਸੀ। ਭਾਵ ਸਾਨੂੰ ਉਸ ਵਿਚਾਰ ਪ੍ਰਬੰਧ ਨੂੰ ਅਧਿਐਨ ਖੇਤਰ ਵਿਚ ਸਹਾਇਕ ਅੰਗ ਦੇ ਪੱਖੋਂ ਵਰਤਣਾ ਪਵੇਗਾ - ਵਿਸ਼ੇਸ਼ ਕਰਕੇ ਗੁਰੂ ਨਾਨਕ ਦੇ ਕਾਵਿ-ਉਦੇਸ਼ ਨੂੰ ਸਮਝਣ ਲਈ।

ਅੱਜ ਅਸੀਂ ਨਿਰੋਲ ਕਵਿਤਾ ਜਾਂ ਸ਼ੁੱਧ ਕਵਿਤਾ ਉੱਤੇ ਵਧੇਰੇ ਜ਼ੋਰ ਦੇਣ ਲੱਗ ਪਏ ਹਾਂ ਕਿਉਂਕਿ ਉਦੇਸ਼ ਦੀ ਪ੍ਰਾਪਤੀ ਸਾਨੂੰ ਕਵਿਤਾ ਤੋਂ ਬਾਹਰੀ ਵਸਤੂ ਜਾਪਣ ਲੱਗ ਪਈ ਹੈ।

ਕਾਵਿ ਤੋਂ ਬਾਹਰੇ ਉਦੇਸ਼ ਹੋਰ ਸਮਾਜਿਕ, ਖੇਤਰ ਦੇ ਵਿਸ਼ੇ ਮਿੱਥੇ ਗਏ ਹਨ। ਸਾਡੀ ਸਮਝ ਵਿਚ ਉਨ੍ਹਾਂ ਉਦੇਸ਼ਾਂ ਲਈ ਵੱਖਰਾ ਖਾਨਾ ਹੈ ਤੇ ਕਵਿਤਾ ਲਈ ਵੱਖਰਾ। ਭਾਵੇਂ ਸਾਨੂੰ ਇਹ ਪਤਾ ਵੀ ਹੋਵੇ ਕਿ ਕਵਿਤਾ ਦੀ ਪਛਾਣ ਕਵਿਤਾ ਤੋਂ ਬਾਹਰ ਪ੍ਰਕਰਣ ਵਿਚ ਹੀ ਹੋਣੀ ਹੈ ਪਰ ਫਿਰ ਵੀ ਅਚੇਤ ਰੂਪ ਵਿਚ ਅੱਜ ਦਾ ਬੁੱਧੀਵਾਨ ਇਸ ਸਿਧਾਂਤਕ ਤੱਥ ਨੂੰ ਸਿੱਧੇ ਰੂਪ ਵਿਚ ਮੰਨਣ ਤੋਂ ਝਕਦਾ ਹੈ। ਸ਼ਾਇਦ ਇਹਦਾ ਇਕ ਕਾਰਨ ਇਹ ਵੀ ਹੈ ਕਿ ਸਾਡੇ ਵਿਚ ਵਿਚਾਰਾਂ ਦੀ ਤੇ ਧਾਰਨਾਵਾਂ ਦੀ ਸਿਧਾਂਤਕ ਸਾਂਝ ਨਹੀਂ ਰਹੀ। ਇਸ ਲਈ ਅਸੀਂ ਸਾਹਿਤ ਜਾਂ ਕਵਿਤਾ ਦੇ ਉਦੇਸ਼ ਨੂੰ ਇਕੋ ਦ੍ਰਿਸ਼ਟੀਕੋਣ ਤੋਂ ਨਹੀਂ ਵੇਖਦੇ। ਇਸ ਗੱਲ ਨੂੰ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਸਾਡੇ ਵਿਸ਼ਵਾਸ ਖੇਰੂੰ-ਖੇਰੂੰ ਹੋ ਗਏ ਹਨ। ਜਿਸ ਸਦਕਾ ਦ੍ਰਿਸ਼ਟੀਕੋਣ ਦੀ ਏਕਤਾ ਦੀ ਚੇਸ਼ਟਾ ਕਰਨੀ ਮ੍ਰਿਗ-ਤ੍ਰਿਸ਼ਨਾ ਦੀ ਨਿਆਈਂ ਹੈ। ਗੁਰੂ ਨਾਨਕ ਦੇ ਸਮੇਂ ਧਾਰਨਾਵਾਂ ਦੀ ਸਾਂਝ ਬਾਰੇ ਕੋਈ ਭੇਦ ਨਹੀਂ ਸੀ ਭਾਵੇਂ ਕੋਈ ਕਿਸੇ ਵੀ ਧਰਮ ਦਾ ਅਨੁਯਾਈ ਹੁੰਦਾ ਹੋਵੇ ਉਹਨਾਂ ਵਿਚ ਉਨ੍ਹਾਂ ਵਿਚਾਰਾਂ ਬਾਰੇ ਮਤ-ਭੇਦ ਨਹੀਂ ਸੀ ਹੋ ਸਕਦਾ ਜਿਨ੍ਹਾਂ ਦਾ ਪ੍ਰਚਾਰ ਗੁਰੂ ਨਾਨਕ ਕਰਦੇ ਸਨ। ਗੁਰੂ ਨਾਨਕ ਦਾ ਸਦਾਚਾਰ-ਪ੍ਰਬੰਧ ਜਗੀਰਦਾਰੀ ਸਮਾਜ ਪ੍ਰਬੰਧ ਦੇ ਚੌਖਟੇ ਵਿਚ ਸੀਮਤ ਰਹਿ ਕੇ ਹੀ ਸਮਾਜ ਕਲਿਆਨ ਦੀ ਚੇਸ਼ਟਾ ਕਰਦਾ ਸੀ। ਉਸ ਵੇਲੇ ਜਾਗੀਰਦਾਰੀ ਵਿਚਾਰ-ਪ੍ਰਬੰਧ ਤੋਂ ਉਪਰੰਤ ਹੋਰ ਕੋਈ ਵਿਚਾਰ-ਪ੍ਰਬੰਧ ਸਾਹਮਣੇ ਨਹੀਂ ਸੀ ਆਇਆ ਜਾਂ ਆ ਸਕਦਾ। ਇਸ ਲਈ ਉਨ੍ਹਾਂ ਵਲੋਂ ਸਦਾਚਾਰ ਪ੍ਰਬੰਧ ਆਧਾਰਿਤ ਕਾਵਿ-ਉਦੇਸ਼ ਪ੍ਰਤੀ ਕਿਸੇ ਨੂੰ ਸੰਸਾ ਨਹੀਂ ਸੀ ਹੋ ਸਕਦਾ। ਉਹ ਸਰਬ ਪ੍ਰਵਾਨਿਤ ਵਸਤਾਂ ਸਨ।

ਗੁਰੂ ਨਾਨਕ ਦਾ ਕਾਵਿ ਉਦੇਸ਼ ਕਾਵਿ-ਰਚਨਾ ਵਿਧੀ ਜਾਂ ਕਾਵਿ ਸਰੋਤ ਨਾਲ ਬੜਾ ਨੇੜੇ ਦਾ ਸੰਬੰਧ ਰੱਖਦਾ ਹੈ। ਅੱਜ ਅਸੀਂ ਕਾਵਿ ਰਚਨਾ ਵਿਧੀ ਬਾਰੇ ਇਕ ਦੂਜੇ ਨਾਲ ਸਹਿਮਤ ਹੋ ਜਾਂਦੇ ਹਾਂ, ਪਰ ਕਾਵਿ ਉਦੇਸ਼ ਬਾਰੇ ਨਹੀਂ। ਕਾਵਿ ਰਚਨਾ ਦੇ ਮਨੋ-ਵਿਗਿਆਨਕ ਪੱਖ ਨੂੰ ਅਸੀਂ ਨਹੀਂ ਝੁਠਲਾ ਸਕਦੇ ਕਿਉਂਕਿ ਇਹ ਮਨੁੱਖੀ ਮਨ ਦੇ ਉਨ੍ਹਾਂ ਗੁਣਾਂ ਨਾਲ ਸੰਬੰਧਤ ਹੈ ਜਿਨ੍ਹਾਂ ਦਾ ਕਾਰਜ ਸੋਧਿਆ ਤਾਂ ਜਾ ਸਕਦਾ ਹੈ ਪਰ ਜਿਨ੍ਹਾਂ ਦੀ ਕਾਰਜ ਵਿਧੀ ਨੂੰ ਬਦਲਿਆ ਨਹੀਂ ਜਾ ਸਕਦਾ। ਕਾਵਿ-ਰਚਨਾ ਵਿਧੀ ਹਰ ਇਕ ਵਿਅਕਤੀ ਲਈ ਵੱਖਰੀ-ਵੱਖਰੀ ਜਾਪਦੀ ਹੈ ਕਿਉਂਕਿ ਮਨੋ-ਵਿਰਤੀਆਂ ਦੀ ਸੋਧਨਾ ਹਰ ਇਕ ਦੀ ਵੱਖਰੀ-ਵੱਖਰੀ ਹੋਈ ਹੁੰਦੀ ਹੈ।

ਗੁਰੂ ਨਾਨਕ ਕਾਵਿ-ਬੋਧ ਅਨੁਸਾਰ ਕਾਵਿ-ਰਚਨਾ ਮਨੁੱਖੀ ਕਰਮ ਹੈ ਪਰ ਇਸ ਰਚਨਾ ਦੀ ਪ੍ਰੇਰਨਾ ਦੈਵੀ ਹੈ। ਇਹ ਮਨੁੱਖੀ ਕਰਮ ਵੀ ਮਾਨਵ ਦੇ ਆਪਣੇ ਵੱਸ ਨਹੀਂ। ਇਹਦੀ ਸੰਚਾਲਕ ਸ਼ਕਤੀਆਂ ਵਾਹਿਗੁਰੂ ਜਾਂ ਪ੍ਰਭੂ ਹੀ ਹੈ। ਮਨ ਦੀ ਇੱਛਾ ਕਰਮ ਕਰਨ ਦੀ ਪ੍ਰੇਰਨਾ ਦੇ ਸਕਦੀ ਹੈ ਪਰ ਇਹ ਇੱਛਾ ਵੀ ਦੈਵੀ ਪ੍ਰੇਰਨਾ ਨਾਲ ਉਤਪੰਨ ਹੁੰਦੀ ਹੈ। ਇਸ ਲਈ ਮੂਲ ਰੂਪ ਵਿਚ ਕਾਵਿ ਰਚਨਾ ਦੈਵੀ ਕਰਮ ਹੈ ਤੇ ਕਵੀ ਇਸ ਕਰਮ ਦਾ ਮਾਧਿਅਮ ਹੈ।

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨ ਵੇ ਲਾਲੋ।**

(ਰਾਗ ਤਿਲੰਗ - ਪਦੇ ਨੰਬਰ 5).



**ਅਖਰ ਲਿਖੇ ਸੋਈ ਗਾਵਾ**
**ਅਵਰ ਨਾ ਜਾਣਾ ਬਾਣੀ।**

(ਬਸੰਤ ਰਾਗ ਪਦੇ 10/1)

ਵੇਖਣ ਵਾਲੀ ਗੱਲ ਇਹ ਹੈ ਕਿ 'ਖਸਮ ਦੀ ਬਾਣੀ' ਕਿੱਥੋਂ ਆਉਂਦੀ ਹੈ। ਇਹਦੇ ਬਾਰੇ ਗੁਰੂ ਸਾਹਿਬ ਨੇ ਆਪਣੀ ਸਾਰੀ ਰਚਨਾ ਵਿਚ ਅਤਿਅੰਤ ਸੰਕੇਤ ਦਿੱਤੇ ਹਨ। ਇਹ ਸੰਕੇਤ ਨਿਰੋਲ 'ਬਾਣੀ' ਦੇ ਆਵਣ ਬਾਰੇ ਨਹੀਂ ਹਨ ਸਗੋਂ ਦੂਜੇ ਮਨੁੱਖੀ ਕਰਮ ਦੀ ਸੰਚਾਲਨ ਸ਼ਕਤੀ ਬਾਰੇ ਹਨ ਪਰ ਉਹਨਾਂ ਉਦਾਹਰਣਾਂ ਨੂੰ ਸਹਿਜੇ ਹੀ ਗੁਰੂ ਨਾਨਕ ਦੇ 'ਬਾਣੀ ਆਵਣ' ਦੇ ਸੰਕਲਪ ਤੇ ਢੁਕਾਇਆ ਜਾ ਸਕਦਾ ਹੈ।

**ਏਨਾ ਜੰਤਾ ਕੈ ਵਸਿ ਕਿਛੁ ਨਾਹੀ।**

ਰਾਗ ਆਸ (ਵਾਰ) ਪਉੜੀ ੧੧

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ**
**ਤਾ ਸਾਈ ਕਾਰ ਕਰਾਇਸੀ।**
**ਸੋ ਸੇਵਕੁ ਸੇਵਾ ਕਰੇ**
**ਜਿਸ ਨੋ ਹੁਕਮੁ ਮਨਾਇਸੀ।**
**ਹੁਕਮਿ ਮੰਨਿਐ ਹੋਵੈ ਪਰਵਾਣੁ**
**ਤਾ ਖਸਮੈ ਕਾ ਮਹਲੁ ਪਾਇਸੀ।**
**ਖਸਮੈ ਭਾਵੈ ਸੋ ਕਰੇ**
**ਮਨਹੁ ਚਿੰਦਿਆ ਸੋ ਫ਼ਲੁ ਪਾਇਸੀ।**
**ਤਾ ਦਰਗਹ ਪੈਧਾ ਜਾਇਸੀ।**

(ਓਹੀ ਪਉੜੀ ੧੫)

ਇਹ ਸਾਰੀ ਧਾਰਨਾ ਅਧਿਆਤਮਕ ਦ੍ਰਿਸ਼ਟੀ ਤੋਂ ਸਹੀ ਹੈ। ਅੱਜ ਦੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਅਧਿਆਤਮਕ ਦ੍ਰਿਸ਼ਟੀਕੋਣ ਮਾਨਸਿਕ ਬਿਰਤੀਆਂ ਦੇ ਵਿਹਾਰ ਦੀ ਅਣ-ਵਿਗਿਆਨਕ ਵਿਆਖਿਆ ਹੈ। ਇਸ ਵਿਆਖਿਆ ਪਿੱਛੇ ਅਧਿਆਤਮਿਕ ਵਿਸ਼ਵਾਸ ਕੰਮ ਕਰ ਰਿਹਾ ਹੈ। ਇਸ ਦ੍ਰਿਸ਼ਟੀਕੋਣ ਤੋਂ ਹਰ ਮਨੁੱਖੀ ਕਰਮ ਕਿਸੇ ਅਦਿੱਖ ਸ਼ਕਤੀ ਦੇ ਹੁਕਮ ਅਨੁਸਾਰ ਚੱਲ ਰਿਹਾ ਹੈ ਤੇ ਇਹ ਹੁਕਮ ਹੋਰ ਕੁਝ ਨਹੀਂ ਸਰਬ ਵਿਆਪਕ ਕੁਦਰਤੀ ਨੇਮ ਹੈ। ਇਸ ਪ੍ਰਕਾਰ ਇਹ ਅਧਿਆਤਮਿਕ ਦਲੀਲ ਚੱਕਰ ਕੱਟ ਕੇ ਵਿਗਿਆਨਕ ਨੇਮ ਤੇ ਆ ਟਿਕ ਜਾਂਦੀ ਹੈ। ਜਿਸ ਤਰ੍ਹਾਂ ਮਨੁੱਖੀ ਮਨੋ-ਬਿਰਤੀਆਂ ਵੀ ਇਸੇ ਹੁਕਮ ਅਨਸਾਰ ਵਿਹਾਰ ਕਰਦੀਆਂ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਬਾਣੀ ਆਵਣ ਦੀ ਕਿਰਿਆ ਵਿਗਿਆਨਕ ਨੇਮ ਅਨੁਸਾਰ ਹੀ ਹੁੰਦੀ ਹੈ। ਪਰ ਇਹ ਨੇਮ, ਵਿਧੀ ਜਾਂ ਕਿਰਿਆ ਕਿਵੇਂ ਵਾਪਰਦੀ ਹੈ, ਹੋਂਦ ਵਿਚ ਆਉਂਦੀ ਹੈ ਜਾਂ ਵਿਹਾਰ ਕਰਦੀ ਹੈ ਇਸ ਬਾਰੇ

ਗੁਰੂ ਸਾਹਿਬ ਨੇ ਕੋਈ ਸੰਕੇਤ ਨਹੀਂ ਦਿੱਤਾ। ਪਰ ਇਕ ਗੱਲ ਸਪੱਸ਼ਟ ਹੈ ਕਿ ਜੋ ਕੁਝ ਗੁਰੂ ਸਾਹਿਬ ਦੇ ਮਨ ਵਿਚ ਉਤਪੰਨ ਹੁੰਦਾ ਹੈ ਉਸੇ ਨੂੰ ਹੀ ਉਹ ਸ਼ਬਦ ਰੂਪ ਦੇ ਕੇ ਵਿਅਕਤ ਕਰਦੇ ਹਨ।

ਤੈਸੜੇ ਗਿਆਨ ਦੇ 'ਕਰਨ' ਦਾ ਭਾਵ ਇਹ ਨਹੀਂ ਕਿ ਅਭੀਵਿਅੰਜਣਾ ਪ੍ਰਕਿਰਤਿਕ ਰੂਪ ਵਿਚ ਹੀ ਹੁੰਦੀ ਹੈ। ਸ਼ੀਸ਼ੇ ਵਿਚਲੇ ਪਰਛਾਵੇਂ ਦੀ ਨਿਆਈਂ ਇਹ ਅਭੀਵਿਅੰਜਣਾ ਗੁਰੂ ਨਾਨਕ ਦੇ ਕਾਵਿ-ਸੰਕਲਪ ਦੀ ਲਖਾਇਕ ਨਹੀਂ। ਸਗੋਂ ਇਸ ਅਭੀ-ਵਿਅੰਜਣਾ ਪਿੱਛੇ ਉਸ ਸ਼ਕਦੀ ਦੀ ਹੋਂਦ ਨੂੰ ਵਾਰ-ਵਾਰ ਦ੍ਰਿੜ ਕਰਵਾਇਆ ਹੈ ਜਿਹੜੀ ਸ਼ਕਤੀ 'ਢਾਢੀ ਨੂੰ ਕਾਰੇ' ਲਾਉਂਦੀ ਹੈ ਅਤੇ ਇਹ ਸ਼ਕਤੀ ਹੈ ਉਸ ਉਦੇਸ਼ ਦੀ, ਉਸ ਮਨੋਰਥ ਦੀ ਜਿਸਨੂੰ ਪ੍ਰਾਪਤ ਕਰਨ ਲਈ ਜਾਂ ਸਿੱਧ ਕਰਨ ਲਈ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਦ੍ਰਿੜ ਸੰਕੇਤ ਦਿੱਤੇ ਹਨ।

ਪ੍ਰਭੂ-ਪ੍ਰੀਤਮ ਨਾਲ ਮੇਲ ਰਹੱਸਵਾਦੀਆਂ ਦਾ ਮੂਲ ਮਨੋਰਥ ਹੈ ਪਰ ਇਸ ਮੇਲ ਲਈ ਅਨੇਕਾਂ ਗੁਣਾਂ ਦੀ ਪ੍ਰਾਪਤੀ ਜ਼ਰੂਰੀ ਹੈ। ਜਿਵੇਂ ਇਸਤਰੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਅੰਦਰ ਅਜਿਹੇ ਗੁਣ ਪੈਦਾ ਕਰੇ ਕਿ ਉਹ ਸ਼ਹੁ ਨੂੰ ਪ੍ਰਵਾਨ ਹੋਵੇ। ਇਸੇ ਤਰ੍ਹਾਂ ਕਵੀ ਲਈ 'ਸ਼ਾਇਰ' ਲਈ ਜਾਂ 'ਢਾਢੀ' ਲਈ ਵੀ ਕੁਝ ਵਿਸ਼ੇਸ਼ ਕਾਰਜ ਮਿੱਥੇ ਗਏ ਹਨ ਜਿਨ੍ਹਾਂ ਦਾ ਨਿਭਾਉਣਾ ਉਹਦੇ ਲਈ ਜ਼ਰੂਰੀ ਹੈ –

**ਸਾਹਿਬ ਕੇ ਗੁਣ ਨਾਨਕੁ ਗਾਵੈ**
**ਮਾਸ ਪੁਰੀ ਵਿਚ ਆਖ ਮਸੋਲਾ।**

ਰਾਗ ਤਿਲੰਗ, ਪਦੇ ਨੰਬਰ 5

**ਖਾਲਕ ਕਉ ਆਦੇਸ ਢਾਢੀ ਗਾਵਣਾ**

ਰਾਗ ਮਾਝ, ਵਾਰ, ਪਉੜੀ ੨੧

ਪਰ ਇਹ 'ਗਾਵਣ' ਜਾਂ 'ਆਖਣ' ਦੀ ਸ਼ਕਤੀ ਮਨੁੱਖ ਦੀ ਇੱਛਾ ਜਾਂ ਮਰਜ਼ੀ ਵਿਚ ਨਹੀਂ ਸਗੋਂ ਪ੍ਰਭੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ –

**ਹਉ ਢਾਢੀ ਵੇਕਾਰ ਕਾਰੇ ਲਾਇਆ।**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।**
**ਢਾਢੀ ਸਚੈ ਮਹਿਲ ਖਸਮ ਬੁਲਾਇਆ।**
**ਸਚੀ ਸਿਫਤ ਸਾਲਾਹ ਕੱਪੜਾ ਪਾਇਆ।**
**ਸਚਾ ਅੰਮ੍ਰਿਤ ਨਾਮੁ ਭੋਜਨ ਆਇਆ।**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।**
**ਢਾਢੀ ਕਰੇ ਪਸਾਉ ਸ਼ਬਦੁ ਵਜਾਇਆ।**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥**

ਰਾਗ ਮਾਝ, ਵਾਰ ਪਉੜੀ ੨੭



ਢਾਢੀ ਨੂੰ 'ਕਾਰੇ ਲਾਣ ਵਾਲਾ' ਪ੍ਰਭੂ ਹੈ ਤੇ ਢਾਢੀ ਨੂੰ ਜਿਹੜਾ ਕੰਮ ਸੌਂਪਿਆ ਗਿਆ ਹੈ ਉਹ ਹੈ, ਸਚੀ ਸਿਫ਼ਤ ਸਾਲਾਹ ਕਰਨਾ। ਇਥੇ ਗੁਰੂ ਸਾਹਿਬ ਭੂਪਸ਼ਾਹੀ ਰਾਜ ਪ੍ਰਬੰਧ ਵਿਚ ਜੋ ਢਾਢੀ ਨੂੰ ਸਥਾਨ ਪ੍ਰਾਪਤ ਸੀ ਉਸ ਵੱਲ ਸੰਕੇਤ ਹਨ। ਰਾਜੇ ਦੇ ਦਰਬਾਰ ਜਾ ਕੇ ਉਹਦੀ ਕੁੱਲ ਜਾਂ ਵੰਸ਼ ਦੀ ਉਸਤਤ ਕਰਨੀ, ਜੋਧਿਆਂ ਦਾ ਜਸ ਗਾਉਣਾ ਇਹ ਉਹਦੇ ਕਰਤੱਵ ਕਰਦੇ ਸਨ।

**ਖਸਮੈ ਕੈ ਦਰਬਾਰ ਢਾਢੀ ਵਸਿਆ।**
**ਸਚਾ ਖਸਮੁ ਕਲਾਣਿ ਕਮਲ ਵਿਗਸਿਆ।**
**ਖਸਮਹੁ ਪੂਰਾ ਪਾਈ ਮਨਹੁ ਰਹਸਿਆ।**
**ਦੁਸ਼ਮਨ ਕਢੇ ਮਾਰਿ ਸਜਣ ਸਰਸਿਆ।**
**ਸਚਾ ਸਤਿਗੁਰੂ ਸੇਵਨਿ ਸਚਾ ਮਾਰਗੁ ਦਸਿਆ।**

ਰਾਗ ਮਾਝ ਵਾਰ ਪਹਿਲੀ ੨੩

ਇਹ ਸਿਫ਼ਤ ਸਾਲਾਹ ਢਾਢੀ ਲਈ ਸਚੁ ਮਾਰਗ ਹੈ, ਪਰ ਸੱਚੀ ਸਿਫ਼ਤ ਸਾਲਾਹ ਕਰਨ ਦੀ ਸਮਰੱਥਾ ਢਾਢੀ ਵਿਚ ਕਿੰਨੀ ਕੁ ਮਾਤਰਾ ਵਿਚ ਪ੍ਰਾਪਤ ਹੈ। ਜਦੋਂ ਗੁਰੂ ਸਾਹਿਬ ਕਹਿੰਦੇ ਹਨ ਕਿ ਉਸਦੀ ਸਿਫ਼ਤ ਸਾਲਾਹ ਕਰਨੀ ਜਾਂ ਉਹਦਾ ਗੁਣ ਗਾਇਣ ਕਰਨਾ ਅਸੰਭਵ ਨੂੰ ਸੰਭਵ ਬਣਾਉਣ ਦਾ ਜਤਨ ਕਰਨਾ ਹੈ।

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ,**
**ਨਾਨਕੁ ਕਿਆ ਵੀਚਾਰੇ।**

ਜਪੁਜੀ ਪਉੜੀ ੨੭

**ਇਕਦੂ ਜੀ ਭੌਂ ਲਖ ਹੋਹਿ**
**ਲਖ ਹੋਵਹਿ ਲਖ ਵੀਸ।**
**ਲਖੁ ਲਖੁ ਗੇੜਾ ਆਖੀਅਹਿ**
**ਏਕ ਨਾਮ ਜਗਦੀਸ।**

ਓਹੀ ਪਉੜੀ ੩੨

**ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।**

ਰਾਗੁ ਸਿਰੀ ਰਾਗੁ, ਪਦੇ ਨੰ. 4:2

**ਅਕਥੇ ਕਾ ਕਿਆ ਕਥੀਐ ਭਾਈ**
**ਚਾਲਉ ਸਦਾ ਰਜਾਈ।**

ਰਾਗੁ ਸੋਰਠਿ, ਅਸ਼ਟਪਦੀਆਂ, ਚਉ ਤੁਕੀ ਨੰਬਰ ੬

ਜੇ ਉਹਦਾ ਗਾਇਣ ਕਰਨਾ, ਉਹਦੀ ਸਿਫ਼ਤ ਸਾਲਾਹ ਕਰਨੀ ਅਸੰਭਵ ਨੂੰ ਸੰਭਵ ਬਣਾਉਣ ਦਾ ਯਤਨ ਕਰਨਾ ਹੈ ਤੇ ਇਹ ਅਪਾਰ ਇੱਛਾ ਅਣਹੋਣੀ ਜਿਹੀ ਲੱਗੀ ਹੈ ਤਾਂ ਵੀ

ਗੁਰੂ ਨਾਨਕ ਨੇ ਢਾਢੀ ਲਈ ਕੁਝ ਨੇਮ ਨੀਯਤ ਕੀਤੇ ਹਨ ਅਤੇ ਜੇ ਉਸ 'ਅਕਥ' ਨੂੰ 'ਕਥਿਆ' ਜਾ ਸਕੇ ਤਾਂ ਉਹਦਾ ਫਲ ਬੜਾ ਉੱਤਮ ਮੰਨਿਆ ਹੈ। ਮਨੋ-ਸਥਿਤੀ ਨੂੰ ਸ਼ਬਦਾਂ ਦਾ ਰੂਪ ਦੇਣਾ 'ਢਾਢੀ' ਦਾ ਕੰਮ ਹੈ, 'ਸ਼ਾਇਰ' ਦਾ ਕੰਮ ਹੈ। ਇਸੇ ਵਿਚ ਉਸਦੀ ਉਤਮਤਾ ਹੈ। ਬਾਕੀ ਸ਼ਰਧਾਲੂ ਜਨ ਸਾਧਾਰਨ ਲਈ ਇਸ 'ਕਥਨ' ਦਾ ਜਾਪ ਕਰਨਾ ਹੀ ਕਾਫੀ ਹੈ। ਮਨ ਵਿਚ ਅਨੇਕ ਭਾਵਨਾਵਾਂ ਹਨ, ਉਨ੍ਹਾਂ ਦੀ ਨੁਹਾਰ ਪਛਾਨਣੀ ਜਨ-ਸਾਧਾਰਨ ਲਈ ਸੰਭਵ ਨਹੀਂ। ਉਹ ਤਾਂ ਮਨੋਬਿਰਤੀਆਂ ਦੀ ਪ੍ਰਕ੍ਰਿਤਕ ਪੱਧਰ ਤੇ ਤ੍ਰਿਪਤੀ ਕਰਦਾ ਹੈ ਇਸੇ ਲਈ ਸਮਾਜਕ ਨੇਮਾਂ ਦੇ ਹੁੰਦਿਆਂ ਹੋਇਆ ਵੀ ਉਹਦਾ ਵਿਹਾਰ ਕਈ ਵਾਰੀ ਪਸ਼ੂਆਂ ਵਰਗਾ ਹੋ ਜਾਂਦਾ ਹੈ। ਉਹਦੇ ਲਈ ਸੂਖਮ ਭਾਵਨਾਵਾਂ ਨੂੰ ਸ਼ਬਦਕ ਰੂਪ ਦੇਣਾ ਅਸੰਭਵ ਵਰਗੀ ਗੱਲ ਹੁੰਦੀ ਹੈ। ਪਰ 'ਢਾਢੀ' ਤੇ 'ਸ਼ਾਇਰ' ਦੀ ਵਿਲੱਖਣਤਾ ਇਸੇ ਗੱਲ ਵਿਚ ਹੈ ਕਿ ਉਹ ਇਨ੍ਹਾਂ ਅਮੁਕ ਭਾਵਨਾਵਾਂ ਦਾ ਕੋਨ ਸ਼ਬਦਾਂ ਦੀ ਸੰਨ ਲਾਹ ਕੇ ਆਪਣੇ ਵਸ ਕਰ ਲੈਂਦਾ ਹੈ। ਟੀ. ਐਸ. ਈਲੀਅਟ ਨੇ ਵੀ ਕਵਿਤਾ ਨੂੰ 'ਰੇਡ ਆਨ ਦੀ ਇਨਆਰਟੀਕੁਲੇਟ' ਆਖਿਆ ਹੈ। ਗੁਰੂ ਨਾਨਕ ਨੇ ਭਾਵੇਂ ਅਧਿਆਤਮਿਕ ਪੱਖ ਨੂੰ ਹੀ ਪਹਿਲ ਦਿੱਤੀ ਹੈ ਪਰ ਇਸ ਅਧਿਆਤਮਿਕ ਪੱਖ ਪਿੱਛੇ ਮਾਨਵੀ ਪੱਖ ਸਪੱਸ਼ਟ ਭਾਂਤ ਨਜ਼ਰੀਂ ਪੈਂਦਾ ਹੈ। ਢਾਢੀ ਦੇ ਨੇਮ ਇਸ ਮਾਨਵੀ ਕਰਮ ਨੂੰ ਸਪੱਸ਼ਟ ਕਰਦੇ ਹਨ -

**ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ।**

ਮਾਰੂ ਰਾਗੁ, ਸੋਲਹੇ, ੧੨/੬

**ਢਾਢੀ ਕਥੇ ਅਕਥੁ ਸ਼ਬਦ ਸਵਾਰਿਆ।**

ਰਾਗੁ ਮਾਝ, ਵਾਰ ਪਉੜੀ ੨੩

ਅਕਥੁ ਨੂੰ ਕਥਨਾ ਮੁਸ਼ਕਿਲ ਕਾਰਜ ਹੈ। ਇਹ ਕਾਰਜ ਭਾਵਾਂ ਨੂੰ ਸਿਰਫ਼ ਸ਼ਬਦਾਂ ਦਾ ਜਾਮਾ ਪੁਆਉਣ ਤੱਕ ਹੀ ਸੀਮਿਤ ਨਹੀਂ। ਜੇ ਅਜਿਹੀ ਗੱਲ ਹੁੰਦੀ ਤਾਂ ਚੰਗੇ ਜਾਂ ਮਾੜੇ ਕਲਾਕਾਰ ਦਾ ਵਿਤਕਰਾ ਕਰਨ ਦੀ ਲੋੜ ਹੀ ਨਾ ਪੈਂਦੀ। ਉੱਤਮ ਜਾਂ ਮੱਧਮ ਕਲਾਕਾਰ ਦਾ ਵਿਤਕਰਾ ਏਸੇ ਅਕਥ ਨੂੰ ਕਥਨ ਸਮਰੱਥਾ ਕਰਕੇ ਹੀ ਪੈਂਦਾ ਹੈ। ਕਲਾ-ਖੇਤਰ ਵਿਚ ਪ੍ਰਸਿੱਧੀ ਕਲਾਕਾਰ ਦੀ ਪ੍ਰਾਪਤੀ ਉੱਤੇ ਨਿਰਭਰ ਹੈ। ਇਸ ਪ੍ਰਾਪਤੀ ਦੀ ਪੱਧਰ ਕਲਾਕਾਰ ਦੀ ਸਿਧਾਈ, ਬੌਧਿਕ ਪ੍ਰਾਪਤੀ ਤੇ ਅਭੀ-ਵਿਅੰਜਣ ਸਮਰੱਥਾ ਉੱਤੇ ਨਿਰਭਰ ਹੈ। ਇਸੇ ਗੱਲ ਨੂੰ ਟੀ. ਐਸ. ਈਲੀਅਟ ਨੇ 'ਮਾਧਿਅਮ' ਦੀ ਅਭਿ-ਵਿਅੰਜਣਾ ਕਿਹਾ ਹੈ। ਇਹ 'ਮਾਧਿਅਮ' ਹੀ ਕਲਾ-ਕਿਰਤ ਦੀ ਵਿਉਂਤ ਘੜਦਾ ਹੈ ਅਤੇ ਮਨੋਭਾਵਾਂ ਦੀ ਨੁਹਾਰ ਨੂੰ ਮਿੱਥਦਾ ਹੈ। ਜਿਸ ਤਰ੍ਹਾਂ ਪ੍ਰਿਜ਼ਮ ਵਿਚੋਂ ਲੰਘ ਕੇ ਬਾਹਰ ਆਈਆਂ ਚਾਨਣ ਰਿਸ਼ਮਾਂ ਪ੍ਰਕ੍ਰਿਤਕ ਸੇਧ ਵਿਚ ਬਾਹਰ ਨਹੀਂ ਹੁੰਦੀਆਂ ਸਗੋਂ ਮਾਧਿਅਮ ਰਾਹੀਂ ਉਨ੍ਹਾਂ ਦੀ ਸੇਧ ਵਿਚ ਤੇ ਪ੍ਰਕ੍ਰਿਤਕ ਸੇਧ ਵਿਚ ਇੱਕ ਅੰਤਰ ਆ ਜਾਂਦਾ ਹੈ, ਉਸੇ ਤਰ੍ਹਾਂ ਮਨੋਭਾਵ ਕਲਾਕਾਰ ਭਾਵ 'ਮਾਧਿਅਮ' ਰਾਹੀ ਅਭੀ-ਵਿਅਕਤ ਹੁੰਦੇ ਹੋਏ ਨਵੀਂ ਸੇਧ ਪਕੜਦੇ ਹਨ। ਭਾਵਾਂ ਦੀ ਗੁੰਝਲ ਅਕਥ ਹੈ ਪਰ ਕਲਾਕਾਰ ਇਸ ਅਕਥ



ਨੂੰ ਕਥਦਾ ਹੈ। ਗੁਰੂ ਸਾਹਿਬ ਦਾ ਹੋਰ ਪੰਕਤੀਆਂ ਵਿਚ 'ਅਕਥ' ਸੰਕੇਤ ਪ੍ਰਭੂ ਵੱਲ ਹੈ ਪਰ ਇਥੇ ਉਨ੍ਹਾਂ ਨੇ ਨਿਰੋਲ ਸਾਹਿਤਕ ਦ੍ਰਿਸ਼ਟੀ ਨੂੰ ਹੀ ਮਨ ਵਿਚ ਰੱਖਕੇ ਇਸ ਤੁਕ ਦਾ ਉਚਾਰਨ ਕੀਤਾ ਹੈ ਜਿਵੇਂ ਕਿ 'ਸ਼ਬਦ' ਤੋਂ ਸਪੱਸ਼ਟ ਹੁੰਦਾ ਹੈ। ਇਹ 'ਕਥਨ' 'ਸ਼ਬਦ' ਰਾਹੀਂ ਹੀ ਹੋਣਾ ਹੈ, ਉਹ ਸ਼ਬਦ ਜਿਸ ਨੂੰ ਢਾਢੀ ਸੰਵਾਰਿਆ ਹੈ, ਮਾਂਜਿਆ ਹੈ, ਲਿਸ਼ਕਾਇਆ ਹੈ, ਸਚੀ ਟਕਸਾਲ ਵਿਚੋਂ ਘੜਿਆ ਹੈ। (ਜਪੁਜੀ)

'ਸ਼ਬਦ' ਦੀ ਮਹੱਤਤਾ ਅਧਿਆਤਮਿਕ ਸਾਹਿਤ ਵਿਚ ਬੜੀ ਮਹਾਨ ਹੈ। ਇਹਦੇ ਪਿੱਛੇ ਭਗਤ ਦੀ, ਅਧਿਆਤਮਵਾਦ ਦੀ ਉਹ ਸੂਝ ਕੰਮ ਕਰ ਰਹੀ ਹੈ ਜਿਹੜੀ ਉਸਨੂੰ ਇਹ ਜਤਾਉਂਦੀ ਹੈ ਕਿ 'ਰਹੱਸ' ਨੂੰ ਜਾਣਨ ਦਾ ਸਾਧਨ ਬੁੱਧੀ ਅਤੇ ਬਿਰਤੀਆਂ ਹੀ ਹਨ ਪਰ ਇਸਦਾ ਵਰਣਨ ਕਰਨ ਦਾ ਸਾਧਨ 'ਸ਼ਬਦ' ਹੀ ਹੈ। 'ਸ਼ਬਦ' ਰਾਹੀਂ ਇਹ ਅਕਥ ਰਹੱਸ ਕਥਿਆ ਜਾ ਸਕਦਾ ਹੈ। ਅਕਥ ਨੂੰ ਕਥਨ ਦੀ ਚੇਸ਼ਟਾ ਕਵੀ ਦੀ ਸਭ ਤੋਂ ਵੱਧ ਪ੍ਰਬਲ ਚੇਸ਼ਟਾ ਹੁੰਦੀ ਹੈ ਤੇ ਜਿਹੜੀ ਨੁਹਾਰ ਅਕਥ ਦੀ ਉਹਦੇ ਮਨ ਵਿਚ ਬਣਦੀ ਹੈ ਜੇ ਉਹ ਸ਼ਬਦ ਰੂਪ ਧਾਰਨ ਕਰਕੇ ਅਭੀਵਿਅਕਤ ਹੋ ਸਕੇ ਤਾਂ ਕਵੀ ਲਈ ਤ੍ਰਿਪਤੀ ਦੀ ਸੀਮਾ ਨਹੀਂ ਰਹਿੰਦੀ। ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਨਿਰੇ ਸ਼ਬਦਾਂ ਦਾ ਜਾਮਾ ਪੁਆਉਣ ਵਿਚ ਹੀ 'ਕਥਨ' ਨਹੀਂ ਮੰਨਾਂਗੇ ਸਗੋਂ 'ਸ਼ਬਦ ਸਵਾਰਿਆ' ਹੀ ਅਜਿਹਾ ਸਾਧਨ ਹੋ ਸਕਦਾ ਹੈ ਜਿਸ ਵਿਚ ਕਥਨ ਹੋ ਸਕਦਾ ਹੈ ਨਹੀਂ ਤੇ 'ਕਥਨ' ਸ਼ਬਦਾਂ ਦਾ ਰੂਪ ਧਾਰ ਕੇ 'ਅਕਥ' ਰਹਿ ਸਕਦਾ ਹੈ। ਇਸੇ ਲਈ ਅਕਥ ਨੂੰ ਕਥਨ ਦਾ ਆਨੰਦ ਅੰਮ੍ਰਿਤ ਰਸ ਪੀਣ ਬਰਾਬਰ ਹੈ।

**ਅਪਿਉ ਪੀਅਉ ਅਕਥੁ ਕਥਿ ਰਹੀਐ।**

ਗਉੜੀ ਰਾਗ, ਅਸ਼ਟਪਦੀਆਂ, ੧੫/੧

**ਜਿਨ ਅਕਥ ਕਹਾਇਆ, ਅਪਿਓ ਪੀਆਇਆ।**

ਗਉੜੀ ਰਾਗ, ਪਦੈ 11

ਗੁਰੂ ਸਾਹਿਬ ਦੇ ਕਾਵਿ ਵਿਚ ਪ੍ਰਭੂ ਲਈ 'ਅਕਥ' ਸ਼ਬਦ ਦੀ ਵਰਤੋਂ ਹੋਈ ਹੈ ਪਰ ਇਸੇ ਨੂੰ ਕਥਨ ਵਿਚ ਲਿਆਉਣਾ ਢਾਢੀ ਦੀ 'ਕਾਰ' ਹੈ ਇਸੇ ਲਈ ਉਸ 'ਅਕਥ' ਨੂੰ, ਜਿਸਦੇ ਕਥਨ ਦੀ ਕੋਈ 'ਓੜਕ' ਨਹੀਂ, ਜੇ ਕੋਈ ਕਥਿ ਸਕੇ ਤਾਂ ਗੁਰਮਤਿ ਦੀ ਉੱਤਮ ਵਿਚਾਰ ਦੀ ਸਥਿਤੀ ਪ੍ਰਾਪਤ ਕਰਦਾ ਹੈ-

**ਅਕਥੁ ਦੀ ਬੇਓੜਕਤਾ-**
**ਕੇਤੇ ਕਹਿ ਕਹਿ ਉਠਿ ਉਠਿ ਜਾਹਿ।**

(ਜਪੁਜੀ)

**ਕਥਨਾ ਕਥੀ ਨ ਅਵੈ ਤੋਟਿ।**

(ਓਹੀ)

ਕਥਨੀ ਕਥਉ ਨ ਆਵੈ ਓਰੁ।

(ਗਉੜੀ ਰਾਗੁ, ਅਸ਼ਟਪਦੀਆਂ ੪/੮

ਅਕਥ ਕਥਉ ਨਾ ਕੀਮਤ ਪਾਈ।

ਆਸਾ ਰਾਗੁ, ਅਸ਼ਟਪਦੀਆਂ ੨/੩

ਨਾਨਕ ਕਾਰ ਨ ਕਥਨੀ ਜਾਇ।

ਆਸਾ ਰਾਗੁ, ਵਾਰ, ਸਲੋਕ ੪

ਅਕਥੈ ਕਾ ਕਿਆ ਕਥੀਐ ਭਾਈ
ਚਾਲਉ ਸਦਾ ਰਜਾਈ।

ਸੋਰਠਿ ਰਾਗ, ਅਸ਼ਟਪਦੀਆਂ, ੧/੬

ਕਿਆ ਕਹੀਐ ਕਿਛੁ ਕਹੀ ਨ ਜਾਇ।
ਜੋ ਕਿਛੁ ਅਹੈ ਸਭ ਤੇਰੀ ਰਜਾਇ।

ਰਾਗੁ ਭੈਰਉ, ਚਉਪਦੇ, ਵਾਰ ੧/੧

ਗੁਰਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ।

ਰਾਗੁ ਸਾਰੰਗ, ਅਸ਼ਟਪਦੀਆਂ, ੨/੮

ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ।

ਰਾਗੁ ਸਾਰੰਗ, ਸਲੋਕ ੬

ਅਕਥੌ ਕਥਉ ਕਿਆ ਮੈਂ ਜੋਰੁ।

ਪਰਭਾਤੀ ਰਾਗੁ, ਪਦੇ ੧੪/੪

ਇਹ ਬੇਬਸੀ ਗੁਰੂ ਸਾਹਿਬ ਦੇ ਅਧਿਆਤਮਿਕ ਵਿਚਾਰਾਂ ਦੇ ਅਨੁਕੂਲ ਹੈ, ਪਰ ਇਸ ਅਕਥ ਨੂੰ ਕਥਨ ਦਾ ਜਤਨ ਕਰਨਾ ਵੀ ਗੁਰਮੁਖ ਦਾ ਫਰਜ਼ ਹੈ। ਗੁਰਮਤਿ ਇਸੇ ਕਥਨ ਦੇ, ਜਤਨ ਵਿਚ ਹੈ -

ਅਕਥੁ ਕਥਉ ਗੁਰਮਤਿ ਵੀਚਾਰ।
ਮਿਲਿ ਗੁਰ ਸੰਗਤ ਪਾਵਉ ਪਾਰੁ।

ਆਸਾ ਰਾਗੁ, ਪਦੈ ੧੫/੩

ਪਰ ਇਹ ਸਮਰੱਥਾ ਵੀ ਤਾਂ ਹੀ ਪ੍ਰਾਪਤ ਹੁੰਦੀ ਹੈ ਜੇ ਪ੍ਰਭੂ ਆਪ ਕਿਰਪਾ ਕਰੇ।?

ਗੁਰੂ ਭਰਮ ਚੁਕਾਏ ਅਕਥ ਕਹਾਏ
ਸਚ ਮਹਿ ਸਾਚੁ ਸਮਾਣਾ।

ਧਨਾਸਰੀ ਰਾਗੁ, ਛਤੁੰ ੨/੨



ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ।
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੁਝਾਏ।

ਬਿਲਾਵਲ ਰਾਗੁ, ਛਤੁੰ ੨/੩

ਗੁਰਪਰਸਾਦੀ ਅਕਥਉ ਕਥੀਐ
ਕਹਉ ਕਹਾਵੈ ਸੋਈ।
ਨਾਨਕ ਦੀਨ ਦਇਆਲ ਹਮਾਰਾ।
ਅਵਰੁ ਨ ਜਾਨਿਆ ਕੋਈ।

ਸਾਰੰਗ ਰਾਗੁ, ਅਸ਼ਟਪਦੀਆਂ ੨/੮

ਜਾ ਕਉ ਅਲਖ ਲਖਾਏ ਆਪੇ
ਅਕਥ ਕਥਾ ਬੁਧਿ ਤਾਹਾ ਏ।

ਮਾਰੂ ਰਾਗੁ ਸੋਲਹੇ, ੧੨/੬

ਪਰ ਢਾਢੀ ਦੀ ਪਦਵੀ ਗੁਰਮੁਖ ਬਰਾਬਰ ਹੁੰਦਿਆਂ ਹੋਇਆ ਵੀ ਉਸ ਨੂੰ 'ਵੇਕਾਰ' ਕਿਉਂ ਆਖਿਆ ਗਿਆ ਹੈ। ਜੇ ਢਾਢੀ ਦੀ ਏਨੀ ਮਹੱਤਵਪੂਰਨ ਕਰਤੱਵ ਕਰਨ ਵਾਲੀ ਸਥਿਤੀ ਹੈ ਤਾਂ ਗੁਰੂ ਸਾਹਿਬ ਨੇ ਢਾਢੀ ਨੂੰ ਨੀਚ ਜਾਤਿ ਕਿਉਂ ਆਖਿਆ ਹੈ?

ਹਉ ਢਾਢੀ ਕਾ ਨੀਚ ਜਾਤਿ
ਹੋਰ ਉਤਮ ਜਾਤਿ ਸਦਾਇੰਦੇ।

ਆਸਾ ਰਾਗੁ, ਵਾਰ ਪਉੜੀ ੯

ਜਿਥੇ ਕਿ ਦੂਜੇ ਪਾਸੇ ਉਹ ਇਸੇ ਲਿਖਾਰੀ ਨੂੰ 'ਧਨੁ' ਆਖਦੇ ਹਨ।

ਧੰਨੁ ਸੁ ਕਾਗਦ ਕਲਮ ਧਨੁ
ਧਨੁ ਭਾਂਡਾ ਧਨੁ ਮਸੁ।
ਧਨੁ ਲਿਖਾਰੀ ਨਾਨਕਾ
ਜਿਨ ਨਾਮੁ ਲਿਖਾਇਆ ਸਚੁ।

ਮਲਾਰ ਰਾਗੁ, ਵਾਰ, ਸਲੋਕ - ੨੩

ਇਹਦਾ ਭਾਵ ਤਾਂ ਇਹੋ ਹੋ ਸਕਦਾ ਹੈ ਕਿ ਗੁਰੂ ਸਾਹਿਬ ਦੇ ਆਪਣੇ ਮਨ ਵਿਚ ਉਸ ਢਾਢੀ ਦੀ, ਉਸ 'ਲਿਖਾਰੀ' ਲਈ ਉੱਚਾ ਸਥਾਨ ਸੀ ਜਿਹੜਾ 'ਨਾਮੁ' ਲਿਖਦਾ ਸੀ, ਅਕਥ ਪ੍ਰਭੂ ਨੂੰ ਕਥਨ ਦੀ ਚੇਸ਼ਟਾ ਕਰਦਾ ਸੀ। ਇਥੇ ਇਹ ਨਹੀਂ ਕਹਿ ਸਕਦੇ ਕਿ ਗੁਰੂ ਸਾਹਿਬ ਦੇ ਮਨ ਵਿਚ ਉਨ੍ਹਾਂ ਕਵੀਆਂ ਜਾਂ ਲੇਖਕਾਂ ਲਈ ਸਤਿਕਾਰ ਸੀ ਜਿਹੜੇ ਅਧਿਆਤਮਿਕ ਰਚਨਾ ਨਹੀਂ ਸੀ ਕਰਦੇ ਤੇ ਦੁਨਿਆਵੀਂ ਰੰਗਣ ਵਾਲੀਆਂ ਕਥਾ ਕਹਾਣੀਆਂ ਕਰਦੇ ਸਨ। ਆਪਣੇ ਵਲੋਂ ਅਸੀਂ ਗੁਰੂ ਸਾਹਿਬ ਕੋਲੋਂ ਇਸ ਗੱਲ ਦੀ ਆਸਾ ਰੱਖਦੇ ਹਾਂ ਕਿ ਉਹ ਦੁਨਿਆਵੀਂ ਰਚਨਾ

ਕਰਨ ਵਾਲੇ ਕਵੀਆਂ ਨੂੰ ਉੱਚਾ ਥਾਂ ਦਿੰਦੇ ਪਰ ਸਾਡੀ ਇਹ ਇੱਛਾ ਅੱਜ ਦੀ ਸਾਹਿਤ ਸੂਝ ਤੇ ਸਾਹਿਤ ਸੰਕਲਪ ਦਾ ਝਾਉਲਾ ਹੈ ਨਹੀਂ ਤੇ ਗੁਰੂ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚੋਂ ਇਸ ਵਿਤਕਰੇ ਨੂੰ ਕਥਿਆ ਹੈ –

**ਊਚੈ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰ।**

ਆਸਾ ਰਾਗੁ, ਵਾਰ, ਸਲੋਕ ੨੧

**ਜਨਮੇ ਕਉ ਵਾਜਹਿ ਵਧਾਏ।**
**ਸਹਿਲੜੇ ਅਗਿਆਨੀ ਗਾਏ।**

ਮਾਰੂ ਰਾਗੁ, ਸੋਲਹੇ ੧੨ ੧੦

ਦੂਜੀ ਤੁਕ ਵਿਚ ਜਨਮ ਉੱਤੇ ਖੁਸ਼ੀ ਦੇ ਗੀਤਾਂ ਨੂੰ ਨਿਰਾਰਥਕ ਦੱਸਿਆ ਹੈ ਪਰ ਇਸ ਪਿੱਛੇ ਕੰਮ ਕਰ ਰਿਹਾ ਮਨ ਦੁਨਿਆਵੀ ਰੰਗਣ ਵਾਲੇ ਸਾਹਿਤ ਨੂੰ ਵੀ ਪ੍ਰਸ਼ੰਸਾ ਦੀ ਨਜ਼ਰ ਨਾਲ ਨਹੀਂ ਵੇਖ ਸਕਦਾ। ਪਹਿਲੀ ਤੁਕ ਸਪੱਸ਼ਟ ਰੂਪ ਵਿਚ ਯੋਧਿਆਂ ਦੀਆਂ ਵਾਰਾਂ ਗਾਉਣ ਤੋਂ ਵਰਜਦੀ ਹੈ।

ਢਾਢੀ ਨੂੰ 'ਨੀਚ ਜਾਤਿ' ਉਨ੍ਹਾਂ ਨੇ ਸਿਰਫ਼ ਇਸੇ ਲਈ ਕਿਹਾ ਹੈ ਕਿ ਉਨ੍ਹਾਂ ਦੇ ਸਾਹਮਣੇ ਪ੍ਰਚਲਿਤ ਰਾਏ ਸੀ ਜਿਸ ਅਨੁਸਾਰ 'ਢਾਢੀ' ਨੂੰ 'ਵੇਕਾਰ' ਸਮਝਿਆ ਜਾਂਦਾ ਸੀ ਤੇ ਜਾਂ ਫਿਰ ਢਾਢੀ ਉਹ ਵਿਅਕਤੀ ਸੀ ਜਿਹੜਾ ਅਮੀਰਾਂ, ਭੂਪਤੀਆਂ ਦੀ ਵੰਸ਼ ਦੇ ਗੁਣ ਗਾਇਨ ਕਰਕੇ ਉਨ੍ਹਾਂ ਦੇ ਟੁਕੜਿਆਂ ਤੇ ਪਲਦਾ ਸੀ। ਉਹਨੂੰ ਹੋਰਨਾਂ ਕੰਮੀਆਂ ਵਾਂਗ ਹੀ ਸਮਝਿਆ ਜਾਂਦਾ ਸੀ। ਇਹ ਰੁਚੀ ਮਧ-ਕਾਲੀਨ ਜਾਗੀਰਦਾਰੀ ਸਮਾਜ ਵੇਲੇ ਭਾਰਤ ਦੇ ਕਵੀ ਦੀ ਜਾਂ ਢਾਢੀ ਦੀ ਸੀ। ਆਦਿ ਕਾਲ ਵਿਚ ਸਥਿਤੀ ਇਸ ਤੋਂ ਚੰਗੇਰੀ ਸੀ।

**ਹਉ ਢਾਢੀ ਕੀ ਨੀਚ ਜਾਤਿ**
**ਹੋਰਿ ਉਤਮ ਜਾਤਿ ਸਦਾਇਦੇ।**

ਆਸਾ ਰਾਗੁ, ਵਾਰ ਪਉੜੀ ੯

ਲੇਖ ਦੇ ਸ਼ੁਰੂ ਵਿਚ ਮੈਂ ਕਿਹਾ ਹੈ ਕਿ ਗੁਰੂ ਨਾਨਕ ਇਕ ਸੁਚੇਤ ਕਵੀ ਸਨ। ਸੁਚੇਤ ਕਵੀ ਹੋਣ ਦਾ ਪ੍ਰਮਾਣ ਸਾਨੂੰ ਉਨ੍ਹਾਂ ਦੀ ਪ੍ਰਾਪਤੀ ਤੋਂ ਹੀ ਨਹੀਂ ਮਿਲਦਾ ਸਗੋਂ ਉਨ੍ਹਾਂ ਦੀ ਬਾਣੀ ਵਿਚ ਕਈ ਅਜਿਹੇ ਸੰਕੇਤ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਕਵੀ ਦੀ ਆਮ ਨਾਲੋਂ ਉਚੇਰੀ ਸੂਝ ਨੂੰ ਸਵੀਕਾਰ ਕਰਦੇ ਸਨ –

**ਅਕਥ ਕਹਾਣੀ ਪਦੁ ਨਿਰਬਾਣੀ**
**ਕੋ ਵਿਰਲਾ ਗੁਰਮੁਖਿ ਬੂਝਏ।**
**ਓਹ ਸ਼ਬਦਿ ਸਮਾਏ, ਆਪ ਗਵਾਏ**
**ਤ੍ਰਿਭਵਨ ਸੋਝੀ ਸੂਝਏ।**

ਬਿਲਾਵਲ ਰਾਗੁ, ਛੰਤ, ਦਖਣੀ, ੨/੨)



ਇਹ 'ਤ੍ਰਿਭਵਨ ਸੋਝੀ' ਵਾਲਾ ਵਿਅਕਤੀ ਅਕਥ ਨੂੰ ਕਥਦਾ ਹੈ ਤੇ ਜਿਹੜੀ ਬਾਣੀ ਉਚਾਰਦਾ ਹੈ ਉਹ 'ਸਚ ਕੀ ਬਾਣੀ' ਹੁੰਦੀ ਹੈ –

**ਸਚ ਕੀ ਬਾਣੀ ਨਾਨਕੁ ਆਖ**
**ਸਚੁ ਸੁਣਾਇਸੀ ਸਚ ਕੀ ਬੇਲਾ।**

ਤਿਲੰਗ ਰਾਗੁ, ਪਦੇ ੫

'ਸੱਚ ਕੀ ਬਾਣੀ' ਕਿਹੜੀ ਹੈ? ਇਹ ਉੱਤਰ ਗੁਰੂ ਸਾਹਿਬ ਦੀ ਇਸੇ ਕਵਿਤਾ ਵਿਚੋਂ ਲੱਗ ਸਕਦਾ ਹੈ, ਜਦੋਂ ਉਹ ਬਾਬਰ ਹਮਲੇ ਪਿੱਛੋਂ ਦੀ ਸਾਰੀ ਸਥਿਤੀ ਨੂੰ ਰੋਹ ਭਰੀ ਪਰ ਵਿਸ਼ਵਾਸ ਭਰਪੂਰ ਸੁਰ ਵਿਚ ਵਿਅਕਤ ਕਰਕੇ ਵਿਦਰੋਹ ਦੀ ਆਵਾਜ਼ ਉਠਾਉਂਦੇ ਹਨ।

ਦੂਜੇ ਥਾਂ ਤੇ ਉਹ ਸੱਚ ਦੀ ਬਾਣੀ ਦਾ ਉਹ ਵਰਣਨ ਦਿੰਦੇ ਹਨ ਜਿਹੜਾ ਕਾਵਿ-ਰਚਨਾ-ਵਿਧੀ ਨਾਲ ਸੰਬੰਧ ਰੱਖਦਾ ਹੈ। ਅੱਜ ਸਾਹਿਤ ਲਈ ਸੱਚ ਸਦਾਚਾਰਕ ਅਰਥ ਨਹੀਂ ਰੱਖਦਾ। ਪਰ ਗੁਰੂ ਨਾਨਕ ਦੀ ਬਾਣੀ ਵਿਚ ਇਹਦੇ ਅਧਿਆਤਮਿਕ ਅਰਥ ਹਨ। ਇਨ੍ਹਾਂ ਪਿੱਛੇ ਸਦਾਚਾਰ ਦਾ ਅੰਸ਼ ਓਨਾ ਕੁ ਹੀ ਹੈ ਜਿਹੜਾ ਇਸ ਅਧਿਆਤਮਿਕ ਵਿਚਾਰ ਪ੍ਰਬੰਧ ਨਾਲ ਮੇਲ ਖਾਂਦਾ ਹੈ। ਪਰ ਮੈਂ ਜਿਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਹੈ – ਇਸ ਸੱਚ ਦੀ ਅਭੀਵਿਅੰਜਣਾ ਵਿਧੀ। ਅਕਥ ਨੂੰ ਕਥਣਾ, ਪ੍ਰਭੂ ਦਾ ਗੁਣ ਗਾਇਣ ਕਰਨਾ ਨਿਰੋਲ 'ਸ਼ਬਦ ਸੰਵਾਰਨ' ਨਾਲ ਨਹੀਂ ਹੋ ਸਕਦਾ। ਇਹ ਗੱਲਾਂ ਵੀ ਜ਼ਰੂਰੀ ਹਨ ਪਰ ਇਹ ਗੱਲਾਂ ਆਪਣੀ ਮਹੱਤਤਾ ਰੱਖਦੀਆਂ ਹੋਈਆਂ ਵੀ ਪੂਰਾ ਸੱਚ ਨਹੀਂ ਕਥ ਸਕਦੀਆਂ ਜਾਂ ਬਣ ਸਕਦੀਆਂ। ਇਨ੍ਹਾਂ ਨਾਲ ਜਿਸ ਅੰਸ਼ ਨੂੰ, ਤਤ ਨੂੰ ਜਾਂ ਗੁਣ ਸਮਲਿਤ ਕਰਨਾ ਜ਼ਰੂਰੀ ਹੈ, ਉਹ ਹੈ ਇਨ੍ਹਾਂ ਸਭ ਜਤਨਾਂ ਦੇ ਪਿਛੋਕੜਲੇ ਗਿਆਨ ਦੀ, ਅਨੁਭਵ ਦੀ ਸੁਹਿਰਦਤਾ। ਉਹ ਗੱਲ ਜਿਹੜੀ ਨਿਰੀ ਸਾਹਿਤਕ ਸਿਖਲਾਈ ਦੁਆਰਾ, ਨਿਰੋਲ ਕਾਵਿ-ਰਚਨਾ ਦੀ ਵਿਧੀ ਦੇ ਗਿਆਨ ਦੁਆਰਾ, ਸ਼ਬਦ ਭੰਡਾਰ ਅਤੇ ਛੰਦ ਗਿਆਨ ਦੁਆਰਾ ਪ੍ਰਾਪਤ ਨਹੀਂ ਹੋ ਸਕਦੀ ਸਗੋਂ ਭੋਗੇ ਹੋਏ ਜੀਵਨ ਦੀ ਲਖਾਇਕ ਹੋ ਸਕਦੀ ਹੈ। ਗੁਰੂ ਨਾਨਕ ਨੇ ਇਸ ਗੱਲ ਨੂੰ ਦਿਲੋਂ ਨਿਕਲੀ ਗੱਲ ਕਿਹਾ ਹੈ –

**ਧਨੁ ਲੇਖਾਰੀ ਨਾਨਕਾ ਪਿਆਰੇ**
**ਸਾਚੁ ਲਿਖੇ ਉਰਿ ਧਾਰਿ।**

ਸੋਰਠ ਰਾਗੁ, ਅਸ਼ਟਪਦੀਆਂ ੩/੮

ਇਸ ਸੁਹਿਰਦਤਾ ਨੂੰ ਉਨ੍ਹਾਂ ਨੇ ਕਵੀ ਲਈ ਮੂਲ ਤੱਤ ਕਿਹਾ ਹੈ। ਇਹ ਮੂਲ ਤੱਤ, ਕਲਾ ਸਮਰੱਥਾ ਨਾਲ ਰਲਕੇ ਉੱਤਮ ਸ਼ਾਇਰ ਦੀ ਅਕਥ ਨੂੰ ਕਥਨ ਦੀ ਸ਼ਕਤੀ ਬਣਦਾ ਹੈ। •

242 ਸੀ, ਮਾਡਲ ਟਾਊਨ ਐਕਸਟੈਂਸ਼ਨ, ਲੁਧਿਆਣਾ

# ਅਨੂ ਬਾਲਾ

1.

ਸਿਖ਼ਰਾਂ 'ਤੇ ਕਿੱਸਾ ਪਹੁੰਚਿਆ ਖ਼ੁਸ਼ਬੂ ਦੇ ਖ਼ਾਬ ਦਾ,
ਖਿੜਨਾ ਜ਼ਰੂਰੀ ਹੋ ਗਿਆ ਦਿਲ ਦੇ ਗੁਲਾਬ ਦਾ।

'ਨ੍ਹੇਰੇ' ਨੂੰ ਦੂਰ ਕਰਨ ਲਈ ਜਾਗੇਗਾ ਕੋਈ ਨੂਰ,
ਬਿਖਰੇਗਾ ਬਣਕੇ ਰੌਸ਼ਨੀ ਹਰ ਸੁਰ ਰਬਾਬ ਦਾ।

ਮੇਰਾ ਸਵਾਲ ਸੁਣਕੇ ਇਹ ਐਵੇਂ ਹੀ ਮਹਿਕੀਆਂ,
ਪੌਣਾਂ ਨੂੰ ਹਾਲੇ ਕੀ ਪਤਾ ਤੇਰੇ ਜਵਾਬ ਦਾ।

ਗੀਤਾਂ 'ਚ ਬਦਲ ਕੀਰਨੇ ਸਤਲੁਜ ਬਿਆਸ ਦੇ,
ਖੁਸ਼ੀਆਂ 'ਚ ਬਦਲ ਦੇ ਖ਼ੁਦਾ ਦੁਖੜਾ ਚਨਾਬ ਦਾ।

ਇਉਂ ਰਾਤ ਦੇ ਵਰਕੇ ਤੇ ਲਿਖ ਉੱਜਲ ਸ਼ਫ਼ਾਫ ਦਿਨ,
ਹਰ ਲਫਜ਼ ਰੌਸ਼ਨ ਹੋ ਜਾਏ ਤੇਰੀ ਕਿਤਾਬ ਦਾ।

ਚਾਨਣ ਦੇ ਰੰਗ ਵਿਚ ਰੰਗੀਏ ਛੀਲੇ ਨੀ ਸੋਹਣੀਏ,
ਚੰਨ ਵੀ ਦੀਵਾਨਾ ਹੋ ਗਿਆ ਤੇਰੇ ਸ਼ਬਾਬ ਦਾ।

ਖ਼ਬਰੇ ਕੀ ਉਸਨੇ ਸੰਝ ਦੇ ਨੈਣਾਂ 'ਚੋਂ ਪੜ੍ਹ ਲਿਆ,
ਰੰਗ ਹੋਰ ਸੂਹਾ ਹੋ ਗਿਆ ਹੈ ਆਫਤਾਬ ਦਾ।

ਪਿਆਰੀ ਹੈ ਜਾਨ ਤੋਂ ਜਿਦ੍ਹੇ ਕੰਢਿਆਂ ਦੀ ਚੋਭ ਵੀ,
ਇਹ ਦਿਲ ਸੁਦਾਈ ਹੋ ਗਿਆ ਐਸੇ ਗੁਲਾਬ ਦਾ।



2.

ਰੋਜ਼ ਮੈਨੂੰ ਸੁਪਨਿਆਂ ਵਿਚ ਬਲ ਰਿਹਾ ਜੰਗਲ ਦਿਖੇ,
ਧਰਤ ਦੇ ਸਿਰ ਦਹਿਕਦੀ ਹੋਈ ਅਗਨ ਦਾ ਆਂਚਲ ਦਿਖੇ।

ਕਿੰਝ ਸਾਂਭੇ ਕੰਕਰਾਂ ਨੂੰ, ਪਾਣੀਆਂ ਨੂੰ ਕੀ ਕਹੇ,
ਹੋਂਦ ਆਪਣੀ ਦਾ ਨਦੀ ਨੂੰ ਲੜਖੜਾਉਂਦਾ ਤਲ ਦਿਖੇ।

ਲਫਜ਼ ਵੀ ਨੇ ਧੜਕਦੇ, ਕਾਗਜ਼ ਨੂੰ ਕਾਫ਼ੀ ਉਡੀਕ,
ਪੀੜ ਦੇ ਸਰਵਰ 'ਚ ਐਪਰ ਨਾ ਕੋਈ ਹਲਚਲ ਦਿਖੇ।

ਆਪਣੀ ਤੇਹ ਦੀ ਕਹਾਣੀ ਦੀ ਕਰੇ ਕੋਈ ਬਿਆਨ,
ਇਥੇ ਥਲ ਦੀ ਪਿਆਸ ਤੇ ਵੀ ਦੋਸ਼ ਲਾਉਂਦੇ ਜਲ ਦਿਖੇ।

ਪਿਆਰ ਦੀ ਤਾਸੀਰ ਕੀ ਹੈ ਸਮਝ ਸਕਿਆ ਨਾ ਕੋਈ,
ਖ਼ਾਰ ਬਣ ਚੁੱਭਦਾ ਕਦੇ ਫੁੱਲਾਂ ਜਿਹਾ ਕੋਮਲ ਦਿਖੇ।

ਹੁਣ ਬੇਗ਼ਾਨੇ ਰਸਤਿਆਂ ਵਿਚ ਪੈਰ ਧਰ ਹੋਣਾ ਨਹੀਂ,
ਹਰ ਘੜੀ ਹੀ ਦਿਲ 'ਚ ਫੈਲੀ ਖੌਫ਼ ਦੀ ਦਲਦਲ ਦਿਖੇ।

ਚਲ ਗਿਆ ਸਾਵਣ ਦਾ ਮੌਸਮ ਵੀ ਅਸਾਡੇ ਸ਼ਹਿਰ 'ਚੋਂ,
ਦਰਦ ਦੇ ਅੰਗਿਆਰਿਆਂ ਦਾ ਨਾ ਕਿਤੇ ਵੀ ਹਲ ਦਿਖੇ।

ਪਲਕ ਝਪਕੇ ਬਿਨ ਉਡੀਕੇ ਤੈਨੂੰ ਹੀ ਇਹ ਰਾਤ ਦਿਨ,
ਮੁੰਤਜਿਰ ਜਨਮਾਂ ਤੋਂ ਮੇਰੇ ਪਿਆਰ ਦੀ ਸਰਦਲ ਦਿਖੇ।

ਉਪਰੋਂ ਪਾਣੀ ਜਿਹੇ ਇਹ ਲੋਕ ਤੇਹਾਂ ਵੰਡਦੇ,
ਮੈਨੂੰ ਤਾਂ ਹਰ ਸ਼ਖਸ ਜਿਵੇਂ ਰੇਤ ਦਾ ਹੀ ਛਲ ਦਿਖੇ।

ਅਨੂ ਬਾਲਾ ਸੁਪਤਨੀ ਸ੍ਰੀ ਰਾਕੇਸ਼ ਕੁਮਾਰ
(ਮੁਹੱਲਾ ਅਟਾਰੀਵਾਲਾ, ਆਨੰਦਪੁਰ ਸਾਹਿਬ, ਰੋਪੜ)

# ਦਸੰਬਰਵਾਦੀਆਂ ਦੀ ਬਗ਼ਾਵਤ ਅਤੇ ਪੁਸ਼ਕਿਨ

- **ਇੰਦਰ ਸਿੰਘ ਖਾਮੋਸ਼**

ਪੁਸ਼ਚਿਨ ਦੇ ਜਾਣ ਪਿਛੋਂ ਪੁਸ਼ਕਿਨ ਆਪਣੇ ਹੋਰ ਦੋਸਤਾਂ ਨੂੰ ਮਿਲਣ ਲਈ ਬੇਕਰਾਰ ਹੋ ਜਾਂਦਾ ਹੈ। ਪਰ ਬਾਦਸ਼ਾਹ ਅਲੈਗਜੈਂਡਰ ਦੀ ਮੌਤ ਦੀ ਖ਼ਬਰ ਸੁਣਕੇ ਉਸਦੇ ਪੀਟਰਜ਼ਬਰਗ ਜਾਣ ਦੀਆਂ ਸਭ ਆਸਾਂ ਖ਼ਤਮ ਹੋ ਜਾਂਦੀਆਂ ਹਨ। ਬਾਦਸ਼ਾਹ ਦੀ ਮੌਤ ਦੀ ਖ਼ਬਰ ਉਸ ਕੋਲ ਨਵੰਬਰ ਵਿਚ ਪਹੁੰਚਦੀ ਹੈ। ਉਸਨੂੰ ਜਲਾਵਤਨ ਕਰਨ ਵਾਲੇ ਬਾਦਸ਼ਾਹ ਦੀ ਮੌਤ ਦੀ ਖ਼ਬਰ ਪੁਸ਼ਕਿਨ ਦੇ ਅੰਦਰ ਜਬਰਦਸਤ ਹਲਚਲ ਪੈਦਾ ਕਰ ਦਿੰਦੀ ਹੈ। ਆਪਣੀ ਜਲਾਵਤਨੀ ਖ਼ਤਮ ਹੋਣ ਦੀ ਆਸ ਉਸਦੇ ਅੰਦਰ ਉਸਲ-ਵੱਟੇ ਲੈਣ ਲੱਗ ਜਾਂਦੀ ਹੈ।

ਅਖ਼ੀਰ 11 ਦਸੰਬਰ ਨੂੰ ਆਪਣਾ ਨਾਂ ਬਦਲਕੇ ਇਕ ਨੌਕਰ ਨੂੰ ਆਪਣੇ ਨਾਲ ਚੱਲਣ ਲਈ ਰਜ਼ਾਮੰਦ ਕਰਕੇ ਉਹ ਪੀਟਰਜ਼ਬਰਗ ਜਾਣ ਲਈ ਤਿਆਰ ਹੋ ਜਾਂਦਾ ਹੈ। ਪਰ ਜਦ ਉਹ ਦੋ ਮੀਲ ਦੀ ਵਿੱਥ ਤੇ ਰਹਿ ਰਹੇ ਆਪਣੇ ਇਕ ਪਰਿਵਾਰ ਨੂੰ ਅਲਵਿਦਾ ਕਹਿਣ ਜਾਂਦਾ ਹੈ ਤਾਂ ਇਕ ਖਰਗੋਸ਼ ਉਸਦਾ ਰਸਤਾ ਕੱਟ ਜਾਂਦਾ ਹੈ। ਮਨ ਵਿਚ ਬਦਸ਼ਗਨੀ ਦਾ ਡਰ ਜਾਗਦਾ ਹੈ। ਫੇਰ ਜਿਸ ਸਮੇਂ ਉਹ ਪਰਿਵਾਰ ਤੋਂ ਵਿਦਾ ਹੋ ਕੇ ਵਾਪਿਸ ਆ ਰਿਹਾ ਹੈ, ਲੰਬੀਆਂ ਟੰਗਾਂ ਵਾਲਾ ਇਕ ਖਰਗੋਸ਼ ਛਾਲ ਮਾਰਕੇ ਉਸਦੇ ਅੱਗੇ ਆ ਕੇ ਖੜ੍ਹ ਜਾਂਦਾ ਹੈ। ਇਕ ਹੋਰ ਬਦਸ਼ਗਨੀ ਦੇਖਕੇ ਪੁਸ਼ਕਿਨ ਭੈ-ਭੀਤ ਹੋ ਜਾਂਦਾ ਹੈ। ਘਰ ਵਾਪਸ ਆ ਕੇ ਉਸਨੂੰ ਪਤਾ ਲੱਗਦਾ ਹੈ ਕਿ ਜਿਸ ਨੌਕਰ ਨੇ ਉਸਦੇ ਨਾਲ ਜਾਣਾ ਸੀ, ਉਹ ਅਚਾਨਕ ਬਿਮਾਰ ਹੋ ਗਿਆ ਹੈ ਅਤੇ ਇਕ ਹੋਰ ਨੌਕਰ ਨੂੰ ਤਿਆਰ ਕਰਨਾ ਪੈਂਦਾ ਹੈ। ਇਨ੍ਹਾਂ ਬਦਸ਼ਗਨੀਆਂ ਕਾਰਨ ਉਹ ਡਾਵਾਂਡੋਲ ਹੋ ਜਾਂਦਾ ਹੈ ਅਤੇ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਕਿਸਮਤ ਨੂੰ ਉਸਦਾ ਪੀਟਰਜ਼ਬਰਗ ਜਾਣਾ ਸ਼ਾਇਦ ਮਨਜ਼ੂਰ ਨਹੀਂ। ਪਰ ਗੱਡੀ ਤਿਆਰ ਖੜ੍ਹੀ ਹੈ, ਉਸਨੂੰ ਤੁਰਨਾ ਚਾਹੀਦਾ ਹੈ। ਪਰ ਜਦ ਉਹ ਮਾਇਖਲੋਵਸਕੋਈ ਪਿੰਡ ਵਿਚੋਂ ਨਿਕਲਦਾ ਹੈ ਕਾਲੇ ਕੱਪੜਿਆਂ ਵਾਲਾ ਪਾਦਰੀ ਉਸਦੇ ਮੱਥੇ ਲੱਗਦਾ ਹੈ। ਉਸਦਾ ਵਹਿਮੀ ਮਨ ਪੂਰੀ ਤਰ੍ਹਾਂ ਡੋਲ ਜਾਂਦਾ ਹੈ ਅਤੇ ਉਹ ਚਾਲਕ ਨੂੰ ਗੱਡੀ ਵਾਪਸ ਮੋੜਨ ਦਾ ਹੁਕਮ ਦਿੰਦਾ ਹੈ। ਗੁੱਸੇ ਅਤੇ ਪ੍ਰੇਸ਼ਾਨੀ ਨਾਲ ਭਰਿਆ ਉਹ ਘਰ ਅੰਦਰ ਦਾਖਲ ਹੁੰਦਾ ਹੈ। ਉਹ ਪੜ੍ਹਨ ਬੈਠਦਾ ਹੈ ਪਰ ਉਸਦਾ ਮਨ ਸਥਿਰ ਨਹੀਂ। ਉਸਨੂੰ ਕੁਝ ਵੀ ਸਮਝ ਨਹੀਂ ਆਉਂਦਾ। ਹੁਣ ਉਸਦੀ ਮਾਨਸਿਕ ਸਥਿਤੀ ਐਸੀ ਹੈ ਕਿ ਉਹ ਨਾ ਪੜ੍ਹ ਸਕਦਾ ਹੈ ਅਤੇ ਨਾ ਹੀ ਕੁ ਲਿਖ ਸਕਦਾ ਹੈ। ਓਧਰ ਪੀਟਰਜ਼ਬਰਗ ਵਿਚ ਉਸਦੇ ਦੋਸਤ ਬਹੁਤ ਵੱਡੀ ਬਗਾਵਤ ਲਈ ਤਿਆਰੀ ਕਰ ਰਹੇ ਹਨ। ਪਰ ਹੋਣ ਵਾਲੀ ਬਗਾਵਤ ਬਾਰੇ ਉਸਨੂੰ ਕੁਝ ਵੀ ਪਤਾ ਨਹੀਂ।

ਪੁਸ਼ਕਿਨ ਜੇਕਰ ਬਦਸ਼ਗਨੀਆਂ ਦੀ ਪ੍ਰਵਾਹ ਕੀਤੇ ਬਿਨਾਂ ਸਫ਼ਰ ਜਾਰੀ ਰੱਖਦਾ ਤਾਂ ਉਹ 13 ਦਸੰਬਰ ਨੂੰ ਪੀਟਰਜ਼ਬਰਗ ਪਹੁੰਚਦਾ ਅਤੇ ਸਿੱਧਾ ਆਪਣੇ ਦੋਸਤ ਰਾਈਲੀਵ ਦੇ



ਘਰ ਜਾਂਦਾ, ਜਿੱਥੇ ਦਸੰਬਰਵਾਦੀ ਅਸਥਾਈ ਸਰਕਾਰ ਕਾਇਮ ਕਰਨ ਲਈ ਬਗ਼ਾਵਤ ਕਰਨ ਦੀ ਆਖ਼ਰੀ ਮੀਟਿੰਗ ਕਰ ਰਹੇ ਸਨ। ਪੁਸ਼ਕਿਨ ਨੂੰ ਮਾਇਖਲੋਵਸਕੋਈ ਵਿਖੇ ਹੀ ਬਗ਼ਾਵਤ ਦੀ ਖ਼ਬਰ ਮਿਲਦੀ ਹੈ।

ਅਲੈਗਜੈਂਡਰ ਦੀ ਮੌਤ ਪਿੱਛੋਂ ਸਪੱਸ਼ਟ ਨਹੀਂ ਸੀ ਕਿ ਗੱਦੀ ਦਾ ਵਾਰਿਸ ਕੌਣ ਬਣੇਗਾ। ਅਲੈਗਜੈਂਡਰ ਦਾ ਕੋਈ ਪੁੱਤਰ ਨਹੀਂ ਸੀ, ਉਸਦੇ ਦੋ ਛੋਟੇ ਭਰਾ ਸਨ। ਵੱਡਾ ਕਾਸਟੈਂਟੀਨ ਪੋਲੈਂਡ ਦੀ ਰੋਮਨ ਕੈਥੋਲਿਕ ਸ਼ਹਿਜ਼ਾਦੀ ਨਾਲ ਵਿਆਹਿਆ ਹੋਇਆ ਸੀ ਅਤੇ ਉਸਨੇ ਗੱਦੀ ਦਾ ਅਧਿਕਾਰ ਆਪਣੇ ਛੋਟੇ ਭਰਾ ਨਿਕੋਲਸ ਦੇ ਹੱਕ ਵਿਚ ਤਿਆਗ ਦਿੱਤਾ ਸੀ। ਪਰ ਇਸ ਗੱਲ ਦਾ ਕਿਸੇ ਨੂੰ ਪਤਾ ਨਹੀਂ ਸੀ। ਦੋਵੇਂ ਹੀ ਭਰਾ ਲੋਕਾਂ ਵਿਚ ਬਦਨਾਮ ਸਨ। ਪਰ ਨਿਕੋਲਸ ਨੂੰ ਲੋਕ ਜ਼ਿਆਦਾ ਖ਼ਤਰਨਾਕ ਸਮਝਦੇ ਸਨ।

ਗੱਦੀ ਦੇ ਵਾਰਸ ਬਾਰੇ ਅਜਿਹੀ ਘੜਮੱਸ ਤੋਂ ਇਲਾਵਾ ਬਾਗ਼ੀਆਂ ਨੇ ਬਗ਼ਾਵਤ ਦੀ ਕੋਈ ਸਪੱਸ਼ਟ ਯੋਜਨਾ ਨਹੀਂ ਸੀ ਬਣਾਈ। ਰਾਈਲੀਵ ਵਲੋਂ ਲਿਖਿਆ ਇਹ ਵਾਕ ਕਿ "ਫੇਰ ਵੀ ਸਾਨੂੰ ਆਰੰਭ ਕਰਨਾ ਚਾਹੀਦੈ, ਇਸ ਵਿਚੋਂ ਕੁਝ ਨਾ ਕੁਝ ਜ਼ਰੂਰ ਨਿਕਲੇਗਾ।" ਸਪੱਸ਼ਟ ਕਰਦਾ ਹੈ ਕਿ ਉਨ੍ਹਾਂ ਨੂੰ ਵਿਸ਼ਵਾਸ ਹੀ ਨਹੀਂ ਸੀ ਕਿ ਉਹ ਕਾਮਯਾਬ ਹੋ ਜਾਣਗੇ।

ਬਗਾਵਤ ਸ਼ੁਰੂ ਕਰਨ ਤੋਂ ਪਹਿਲਾਂ ਬਗ਼ਾਵਤ ਵਿਚ ਭਾਗ ਲੈਣ ਵਾਲੀਆਂ ਸਾਰੀਆਂ ਫੌਜੀ ਰਜਮੈਂਟਾਂ ਵਿਚ ਵਿਉਂਤਬੰਦ ਤਰੀਕੇ ਨਾਲ ਤਾਲਮੇਲ ਨਹੀਂ ਸੀ ਕੀਤਾ ਗਿਆ। ਸਭ ਤੋਂ ਵੱਡੀ ਅਣਗਹਿਲੀ ਬਾਗ਼ੀਆਂ ਵੱਲੋਂ ਇਹ ਹੋਈ ਕਿ ਉਨ੍ਹਾਂ ਨੇ ਆਪਣੇ ਵਿਚੋਂ ਸਭ ਨਾਲੋਂ ਸੀਨੀਅਰ ਫੌਜੀ ਅਫਸਰ ਪ੍ਰਿੰਸ ਤਰੂਬਟਕੋਟੀ ਨੂੰ, ਆਗੂ ਬਣਨ ਦੀ ਇਸਦੀ ਯੋਗਤਾ ਅਤੇ ਉਸਦੀਆਂ ਵਫ਼ਾਦਾਰੀਆਂ ਦੀ ਠੀਕ ਜਾਣਕਾਰੀ ਬਿਨਾਂ, ਆਪਣਾ ਕਮਾਂਡਰ ਚੁਣ ਲਿਆ। ਨਿਕੋਲਸ ਦੇ ਫੌਜੀ ਕਮਾਂਡਰਾਂ ਨੇ 14 ਦਸੰਬਰ ਦਾ ਦਿਨ ਨਵੇਂ ਬਾਦਸ਼ਾਹ ਦੀ ਵਫ਼ਾਦਾਰੀ ਦੀ ਸਹੁੰ ਖਾਣ ਲਈ ਨਿਸ਼ਚਿਤ ਕਰ ਲਿਆ ਸੀ ਕਿਉਂਕਿ ਉਸੇ ਦਿਨ ਨਿਕੋਲਸ ਦੀ ਤਾਜਪੋਸ਼ੀ ਦੀ ਰਸਮ ਹੋਣੀ ਸੀ।

ਬਗ਼ਾਵਤ ਤੋਂ ਪਹਿਲਾਂ ਦੇ ਹਾਲਾਤ ਇਸ ਤਰ੍ਹਾਂ ਸਨ। ਬਗ਼ਾਵਤ ਲਈ ਜਿਹੜੀ ਮਿਤੀ ਚੁਣੀ ਗਈ ਸੀ, ਉਸ ਦਿਨ ਰੂਸ ਦਾ ਬਾਦਸ਼ਾਹ ਕੋਈ ਨਹੀਂ ਸੀ। ਤਖ਼ਤ ਖਾਲੀ ਸੀ।

ਜਿਸ ਦਿਨ ਅਲੈਗਜੈਂਡਰ ਦੀ ਮੌਤ ਦਾ ਐਲਾਨ ਹੋਇਆ, ਨਿਕੋਲਸ ਨੇ ਆਪਣੇ ਵੱਡੇ ਭਰਾ ਕਾਂਸਟੈਂਟੀਨ ਪ੍ਰਤੀ ਵਫ਼ਾਦਾਰੀ ਦੀ ਸਹੁੰ ਖਾ ਲਈ। ਕਾਂਸਟੈਂਟੀਨ ਉਸ ਸਮੇਂ ਵਾਰਸਾਂ ਦਾ ਵਾਇਸਰਾਇ ਸੀ। ਨਿਕੋਲਸ ਸਮਝਦਾ ਸੀ ਕਿ ਅਲੈਗਜੈਂਡਰ ਦੀ ਮੌਤ ਪਿੱਛੋਂ ਗੱਦੀ ਦਾ ਹੱਕ ਕਾਂਸਟੈਂਟੀਨ ਦਾ ਸੀ ਕਿਉਂਕਿ ਉਹ ਉਸ ਨਾਲੋਂ ਵੱਡਾ ਸੀ। ਪਰ ਦੋ ਸਾਲ ਪਹਿਲਾਂ ਕਾਂਸਟੈਂਟੀਨ ਨੇ ਇਕ ਹੋਰ ਪੋਲਿਸ਼ ਔਰਤ ਨਾਲ ਸ਼ਾਦੀ ਕਰਵਾ ਲਈ ਸੀ ਅਤੇ ਅਲੈਗਜੈਂਡਰ ਬਾਦਸ਼ਾਹ ਨੂੰ ਚਿੱਠੀ ਲਿਖੀ ਸੀ ਜਿਸ ਵਿਚ ਉਸਨੇ ਰੂਸ ਦਾ ਬਾਦਸ਼ਾਹ ਬਣਨ ਦਾ ਆਪਣਾ ਹੱਕ ਤਿਆਗ

ਦਿੱਤਾ ਸੀ। ਅਲੈਗਜੈਂਡਰ ਉਸਦੀ ਬੇਨਤੀ ਸਵੀਕਰ ਕਰਕੇ ਇਕ ਮੈਨੀਫੈਸਟੋ ਰਾਹੀਂ ਇਸ ਉੱਪਰ ਸਰਕਾਰੀ ਮੋਹਰ ਲਗਾ ਦਿੰਦਾ ਹੈ। ਪਰ ਉਹ ਆਪਣਾ ਫੈਸਲਾ ਗੁਪਤ ਰੱਖਦਾ ਹੈ ਅਤੇ ਇਸ ਫੈਸਲੇ ਰਾਹੀਂ ਉਹ ਨਿਕੋਲਸ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੰਦਾ ਹੈ। ਇਹ ਮੈਨੀਫੈਸਟੋ ਉਹ ਮਾਸਕੋ ਦੇ ਵੱਡੇ ਪਾਦਰੀ ਨੂੰ ਸੌਂਪ ਦਿੰਦਾ ਹੈ ਅਤੇ ਇਸ ਦੀਆਂ ਨਕਲਾਂ ਇੰਪੀਰੀਅਲ ਕੌਂਸਲ, ਸੈਨੇਟ ਅਤੇ ਸਾਈਨੌਡ (ਧਰਮ ਸੰਸਦ) ਨੂੰ ਭੇਜਕੇ ਹਦਾਇਤ ਕਰਦਾ ਹੈ ਕਿ "ਇਹ ਫੈਸਲਾ ਉਦੋਂ ਤੱਕ ਗੁਪਤ ਰੱਖਿਆ ਜਾਵੇ ਜਦ ਤੱਕ ਦੁਬਾਰਾ ਮੈਂ ਇਸ ਦੀ ਪ੍ਰਵਾਨਗੀ ਨਾ ਦੇ ਦਿਆਂ। ਆਪਣੀ ਮੌਤ ਤੋਂ ਪਹਿਲਾਂ ਜੇਕਰ ਮੇਰੇ ਵਲੋਂ ਕੋਈ ਐਲਾਨ ਨਹੀਂ ਹੁੰਦਾ ਤਾਂ ਮੇਰੀ ਮੌਤ ਪਿੱਛੋਂ ਲਿਫਾਫਾ ਫੌਰਨ ਖੋਲ੍ਹਿਆ ਜਾਵੇ।"

ਅਲੈਗਜ਼ੈਂਡਰ ਦੀ ਮੌਤ ਪਿਛੋਂ ਕਾਂਸਟੈਂਟੀਨ ਆਪਣੇ ਛੋਟੇ ਭਰਾ ਨਿਕੋਲਸ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੰਦਾ ਹੈ। ਪਰ ਮਾਸਕੋ ਅਤੇ ਪੀਟਰਜ਼ਬਰਗ ਦੋ ਰਾਜਧਾਨੀਆਂ ਦੇ ਦਰਬਾਰ ਨਾਲ ਸਬੰਧਤ ਉੱਚ-ਅਧਿਕਾਰੀ ਕਾਂਸਟੈਂਟੀਨ ਦੀ ਵਫਾਦਾਰੀ ਦੀ ਸਹੁੰ ਚੁੱਕ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਅਲੈਗਜੈਂਡਰ ਦੇ ਗੁਪਤ ਫੈਸਲੇ ਬਾਰੇ ਕੁਝ ਪਤਾ ਨਹੀਂ। ਨਿਕੋਲਸ ਵੀ ਕਿਉਂਕਿ ਕਾਂਸਟੈਂਟੀਨ ਦੀ ਵਫਾਦਾਰੀ ਦੀ ਸਹੁੰ ਚੁੱਕ ਚੁੱਕਿਆ ਹੈ, ਉਹ ਗੱਦੀ ਉਪਰ ਬੈਠਣਾ ਉੱਚਿਤ ਨਹੀਂ ਸਮਝਦਾ। ਉਧਰ ਕਾਂਸਟੈਂਟੀਨ ਜਿਸਨੇ ਨਿਕੋਲਸ ਪ੍ਰਤੀ ਵਫਾਦਾਰੀ ਦੀ ਸਹੁੰ ਖਾਧੀ ਹੈ, ਤਖ਼ਤ ਉਪਰ ਬੈਠਣ ਤੋਂ ਇਨਕਾਰ ਕਰ ਦਿੰਦਾ ਹੈ।

ਨਿਕੋਲਸ ਆਪਣੇ ਭਰਾ ਨਾਲ ਗੱਲਬਾਤ ਕਰਨੀ ਚਾਹੁੰਦਾ ਹੈ। ਦੋਹਾਂ ਭਰਾਵਾਂ ਵਿਚਕਾਰ ਵਾਰਤਾਲਾਪ ਹਰਕਾਰਿਆਂ ਰਾਹੀਂ ਹੋ ਰਹੀ ਹੈ। ਹਰਕਾਰੇ ਪੀਟਰਜ਼ਬਰਗ ਅਤੇ ਵਾਰਸਾ ਵਿਚਕਾਰ ਗੇੜੇ ਕੱਢ ਰਹੇ ਹਨ। ਲੋਕਾਂ ਦੀ ਬੇਚੈਨੀ ਵੱਧ ਰਹੀ ਹੈ ਅਤੇ ਉਹ ਦੋ ਧੜਿਆਂ ਵਿਚ ਵੰਡੇ ਜਾ ਚੁੱਕੇ ਹਨ। ਉਹ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦਾ ਬਾਦਸ਼ਾਹ ਕੋਈ ਨਹੀਂ। ਰੂਸ ਦਾ ਤਖ਼ਤ ਖਾਲੀ ਹੈ। ਆਖ਼ਰ 12 ਦਸੰਬਰ ਵਾਲੇ ਦਿਨ ਸਰਕਾਰੀ ਤੌਰ ਤੇ ਇਹ ਐਲਾਨ ਹੁੰਦਾ ਹੈ ਕਿ ਕਾਂਸਟੈਂਟੀਨ ਨੇ ਰੂਸ ਦਾ ਬਾਦਸ਼ਾਹ ਬਣਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਨਿਕੋਲਸ ਨੇ ਫੌਜ ਅਤੇ ਲੋਕਾਂ ਨੂੰ ਆਖਿਆ ਹੈ ਕਿ ਉਹ ਕਾਂਸਟੈਂਟੀਨ ਪ੍ਰਤੀ ਖਾਧੀ ਵਫਾਦਾਰੀ ਦੀ ਸਹੁੰ ਵਾਪਸ ਲੈ ਲੈਣ। ਪਰ ਧਾਰਮਿਕ ਵਿਸ਼ਵਾਸਾਂ ਵਾਲੇ ਅਨੁਸ਼ਾਸਤ ਲੋਕਾਂ ਲਈ ਇਹ ਬਹੁਤ ਹੀ ਸੂਖਮ ਮਸਲਾ ਹੈ। ਉਨ੍ਹਾਂ ਲਈ ਇਕ ਤਰ੍ਹਾਂ ਨਾਲ ਧਰਮ ਸੰਕਟ ਵਰਗੀ ਗੱਲ ਹੈ। ਇਸ ਤੋਂ ਇਲਾਵਾ ਫੌਜ ਨਿਕੋਲਸ ਨੂੰ ਪਸੰਦ ਨਹੀਂ ਕਰਦੀ ਕਿਉਂਕਿ ਉਹ ਜ਼ਾਲਮ ਅਤੇ ਨਿਰਦਈ ਕਿਸਮ ਦਾ ਆਦਮੀ ਹੈ। ਬਾਗ਼ੀ ਬਗ਼ਾਵਤ ਕਰਨ ਲਈ ਤਿਆਰ ਹੋ ਜਾਂਦੇ ਹਨ।

ਨਿਕੋਲਸ ਨੇ 14 ਦਸੰਬਰ ਦਾ ਦਿਨ ਆਪਣੀ ਤਾਜਪੋਸ਼ੀ ਲਈ ਮੁਕੱਰਰ ਕਰ ਲਿਆ ਹੈ। 12 ਦਸੰਬਰ ਨੂੰ ਮਹੱਤਵਪੂਰਨ ਰਾਜ ਦਰਬਾਰੀਆਂ ਦੀ ਮੀਟਿੰਗ ਵਿਚ ਉਹ ਆਖਦਾ ਹੈ, "ਪਰਸੋਂ ਜਾਂ ਤਾਂ ਮੈਂ ਸਾਰੇ ਰੂਸ ਦਾ ਬਾਦਸ਼ਾਹ ਬਣ ਜਾਵਾਂਗਾ ਜਾਂ ਫੇਰ ਇਕ ਲਾਸ਼ ਬਣ



ਜਾਵਾਂਗਾ। ਜੇਕਰ ਮੈਨੂੰ ਇਕ ਘੰਟੇ ਲਈ ਵੀ ਬਾਦਸ਼ਾਹ ਬਣਨ ਦਾ ਮੌਕਾ ਮਿਲ ਗਿਆ, ਮੈਂ ਸਾਬਤ ਕਰ ਦਿਆਂਗਾ ਕਿ ਮੈਂ ਬਾਦਸ਼ਾਹ ਬਣਨ ਦੇ ਸਮਰੱਥ ਹਾਂ।"

ਲੋਕਾਂ ਨਾਲੋਂ ਟੁੱਟਿਆ ਨਿਕੋਲਸ ਬਿਲਕੁਲ ਇਕੱਲਾ ਮਹਿਸੂਸ ਕਰ ਰਿਹਾ ਹੈ ਅਤੇ ਉਸਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਫੌਜੀ ਜਰਨੈਲ ਉਸਦੇ ਬੁਲਾਵੇ ਦਾ ਕੋਈ ਹੁੰਗਾਰਾ ਨਹੀਂ ਭਰਦੇ। ਰਾਜ ਦਰਬਾਰੀਆਂ ਵਿਚ ਵੀ ਉਸਦੀ ਤਾਜਪੋਸ਼ੀ ਲਈ ਕੋਈ ਉਤਸ਼ਾਹ ਨਜ਼ਰ ਨਹੀਂ ਆਉਂਦਾ। ਸਰਕਾਰੀ ਐਲਾਨ ਨਾਲ ਉਹ ਭਾਵੇਂ ਆਪਣੇ ਆਪ ਨੂੰ ਬਾਦਸ਼ਾਹ ਆਖਣ ਦਾ ਹੱਕਦਾਰ ਤਾਂ ਬਣ ਗਿਆ ਹੈ ਪਰ ਨਾ ਉਸਦੀ ਕੋਈ ਬਾਦਸ਼ਾਹਤ ਹੈ, ਨਾ ਹੀ ਕੋਈ ਸਲਤਨਤ, ਨਾ ਵਜ਼ੀਰ, ਨਾ ਹੀ ਉਸਦੀ ਕੋਈ ਫੌਜ ਹੈ। ਵਿਰਸੇ ਵਿਚ ਉਸਨੂੰ ਕੁਝ ਵੀ ਨਹੀਂ ਮਿਲਿਆ, ਪਰ ਜਿੱਤਣ ਵਾਸਤੇ ਉਸਦੇ ਸਾਹਮਣੇ ਸਭ ਕੁਝ ਹੈ।

ਇਸੇ ਦੌਰਾਨ ਉੱਤਰੀ ਅਤੇ ਦੱਖਣੀ ਯੂਨੀਅਨ ਦੇ ਸਾਜ਼ਸੀ 14 ਦਸੰਬਰ ਵਾਲੇ ਦਿਨ ਬਗ਼ਾਵਤ ਦਾ ਝੰਡਾ ਚੁੱਕਣ ਦੀਆਂ ਤਿਆਰੀਆਂ ਵਿਚ ਜੁਟੇ ਹੋਏ ਹਨ। ਰਾਈਲੀਵ ਦੇ ਘਰ ਦੋਹਾਂ ਯੂਨੀਅਨਾਂ ਦੇ ਨੇਤਾਵਾਂ ਦੀ ਮੀਟਿੰਗ ਇਸੇ ਬਗ਼ਾਵਤ ਦੀ ਤਿਆਰੀ ਲਈ ਹੋ ਰਹੀ ਹੈ। ਇਸ ਮੀਟਿੰਗ ਵਿਚ ਪੁਸ਼ਕਿਨ ਦੇ ਬਹੁਤ ਸਾਰੇ ਦੋਸਤ, ਸਿਵਲੀਅਨ ਲੋਕ, ਫੌਜੀ ਅਫਸਰ, ਕਵੀ, ਕੁਲੀਨ ਵਰਗ ਦੇ ਵਿਹਲੇ ਬੰਦੇ ਸ਼ਾਮਿਲ ਹਨ। ਹਰ ਕੋਈ ਖਾ ਪੀ ਰਿਹਾ ਹੈ, ਰੌਲਾ ਪਾ ਰਿਹਾ ਹੈ ਅਤੇ ਬਹਿਸ ਕਰ ਰਿਹਾ ਹੈ। ਹਰ ਕਿਸੇ ਨੇ ਆਪਣਾ-ਆਪਣਾ ਵਿਧਾਨ ਤਿਆਰ ਕਰ ਰੱਖਿਆ ਹੈ। ਪਰ ਕੋਈ ਵੀ ਹੋਰ ਕਿਸੇ ਦੇ ਵਿਚਾਰ ਸਵੀਕਾਰ ਕਰਨ ਲਈ ਤਿਆਰ ਨਹੀਂ। ਬਾਗ਼ੀ ਸਿਰਫ਼ ਇਕ ਨੁਕਤੇ ਤੇ ਸਹਿਮਤ ਹਨ – ਨਿਕੋਲਸ ਨੂੰ ਗੱਦੀ ਤੋਂ ਲਾਹਿਆ ਜਾਵੇ ਜਾਂ ਅਜਿਹਾ ਕਰਦੇ ਕਰਦੇ ਮਰਿਆ ਜਾਵੇ, ਪਰ ਤਿੰਨ ਪ੍ਰਸ਼ਨਾਂ ਦਾ ਕਿਸੇ ਕੋਲ ਸਪੱਸ਼ਟ ਉੱਤਰ ਨਹੀਂ

– ਉਹ ਕਿਹੜੀ ਬਟਾਲੀਅਨ ਉੱਪਰ ਨਿਰਭਰ ਕਰਦੇ ਹਨ?
– ਉਹ ਬਾਦਸ਼ਾਹ ਨੂੰ ਆਤਮ-ਸਮਰਪਣ ਕਰਨ ਲਈ ਕਿਵੇਂ ਮਜ਼ਬੂਰ ਕਰਨਗੇ?
– ਉਸ ਪਿੱਛੋਂ ਬਾਦਸ਼ਾਹ ਕਿਸਨੂੰ ਬਣਾਇਆ ਜਾਵੇ?

ਸਫ਼ਲ ਹੋਣ ਦੀ ਭਾਵੇਂ ਬਹੁਤ ਘੱਟ ਸੰਭਾਵਨਾ ਹੈ ਫਿਰ ਵੀ ਰਾਈਲੀਵ ਐਲਾਨ ਕਰਦਾ ਹੈ, "ਪਰ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਇਹ ਇਕ ਉਦਾਹਰਨ ਬਣ ਜਾਵੇਗੀ ਅਤੇ ਬਾਅਦ ਵਿਚ ਇਸਦੇ ਨਤੀਜੇ ਵਧੀਆ ਨਿਕਲਣਗੇ।"

ਮੀਟਿੰਗ ਰਾਤ ਦੇ ਦੋ ਵਜੇ ਖ਼ਤਮ ਹੁੰਦੀ ਹੈ। ਸਾਰੇ ਬਾਗੀ ਜੋਸ਼ ਅਤੇ ਉਤਸ਼ਾਹ ਨਾਲ ਉੱਬਲ ਰਹੇ ਹਨ।

ਅਗਲੇ ਦਿਨ 14 ਦਸੰਬਰ ਨੂੰ ਨਿਕੋਲਸ ਸੈਨੇਟ ਅਤੇ ਸਾਈਨੌਡ ਦੇ ਮੈਂਬਰਾਂ ਤੋਂ ਵਫਾਦਾਰੀ ਦਾ ਹਲਫ ਪ੍ਰਾਪਤ ਕਰਦਾ ਹੈ। ਪਰ ਮਹਿਲ ਵਿਚ ਉਸ ਕੋਲ ਡਰਾਉਣੀਆਂ ਖਬਰਾਂ ਆਉਣ

ਲੱਗ ਜਾਂਦੀਆਂ ਹਨ ਕਿ ਮਾਸਕੋ ਰਜਮੈਂਟ ਦੇ ਅਫ਼ਸਰਾਂ ਨੇ ਆਪਣੇ ਸਿਪਾਹੀਆਂ ਨੂੰ ਨਿਕੋਲਸ ਦੇ ਹੱਕ ਵਿਚ ਵਫ਼ਾਦਾਰੀ ਦਾ ਹਲਫ ਲੈਣ ਤੋਂ ਇਹ ਕਹਿਕੇ ਮਨ੍ਹਾ ਕਰ ਦਿੱਤਾ ਹੈ ਕਿ ਨਿਕੋਲਸ ਨੇ ਕਾਂਸਟੈਂਟੀਨ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਹੈ। ਆਪਣੇ ਅਫਸਰਾਂ ਦੀ ਅਗਵਾਈ ਵਿਚ ਇਹ ਰਜਮੈਂਟ ਸੈਨੇਟ ਚੌਂਕ ਵੱਲ ਮਾਰਚ ਕਰਦੀ ਹੈ ਅਤੇ ਉਥੇ ਉਨ੍ਹਾਂ ਨਾਲ ਦੂਜੀਆਂ ਬਾਗੀ ਰਜਮੈਂਟਾਂ ਆ ਰਲਦੀਆਂ ਹਨ। ਨਾਅਰੇ ਲੱਗ ਰਹੇ ਹਨ, "ਕਾਂਸਟੈਂਟੀਨ ਜ਼ਿੰਦਾਬਾਦ! ਸੰਵਿਧਾਨ ਜ਼ਿੰਦਾਬਾਦ! ਨਿਕੋਲਸ ਮੁਰਦਾਬਾਦ!"

ਪੀਟਰ ਮਹਾਨ ਦੇ ਬੁੱਤ ਕੋਲ ਚੌਂਕ ਵਿਚ ਬਹੁਤ ਸਾਰੇ ਲੋਕ ਇਕੱਠੇ ਹੋ ਜਾਂਦੇ ਹਨ। ਨਿਕੋਲਸ ਦਾ ਵਿਸ਼ਵਾਸਪਾਤਰ ਕਾਊਂਟ ਮਿਲੋਰਾਡਾ ਵਿਚ ਬਾਗ਼ੀਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਇਕ ਬਾਗੀ ਆਪਣਾ ਪਿਸਤੌਲ ਕੱਢਦਾ ਹੈ ਅਤੇ ਕਾਊਂਟ ਨੂੰ ਗੋਲੀ ਮਾਰ ਦਿੰਦਾ ਹੈ। ਬੁਰੀ ਤਰ੍ਹਾਂ ਜਖ਼ਮੀ ਹੋਇਆ ਮਿਲੋਰਾਡਵਿਚ ਘੋੜੇ ਤੋਂ ਡਿੱਗ ਪੈਂਦਾ ਹੈ। ਨਿਕੋਲਸ ਦਾ ਛੋਟਾ ਭਰਾ ਮਾਈਕਲ ਕੁਝ ਵਫ਼ਾਦਾਰ ਫੌਜੀ ਯੂਨਿਟਾਂ ਨੂੰ ਇਕੱਠਾ ਕਰਨ ਵਿਚ ਸਫਲ ਹੋ ਜਾਂਦਾ ਹੈ। ਬਾਗੀ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ ਉੱਪਰ ਡਟੇ ਖੜ੍ਹੇ ਹਨ, ਪਰ ਉਨ੍ਹਾਂ ਨੂੰ ਕੁਝ ਪਤਾ ਨਹੀ ਕਿ ਅੱਗੋਂ ਕੀ ਕਰਨਾ ਹੈ? ਬਾਗ਼ੀਆਂ ਵਲੋਂ ਚੁਣਿਆ ਕਮਾਂਡਰ ਪ੍ਰਿੰਸ ਤਰੂਬਟਕੋਟੀ ਬਾਗੀਆਂ ਦੀ ਅਗਵਾਈ ਕਰਨ ਲਈ ਪਹੁੰਚਦਾ ਹੀ ਨਹੀਂ। ਸਿਪਾਹੀ ਭੁੱਖੇ ਹਨ। ਬਰੈਂਡ ਅਤੇ ਵੋਦਕਾ ਮੰਗਵਾਈ ਜਾਂਦੀ ਹੈ। ਇਹ ਸਾਰਾ ਕੁਝ ਕਾਫੀ ਮਾਤਰਾ ਵਿਚ ਨਹੀਂ। ਦਸੰਬਰ ਦੀ ਠੰਡ ਵਿਚ ਖੜ੍ਹੇ ਫੌਜੀ ਠੰਡ ਨਾਲ ਕੰਬ ਰਹੇ ਹਨ। ਆਪਣੇ ਪੈਰ ਜ਼ਮੀਨ ਉੱਪਰ ਮਾਰਕੇ ਉਹ ਆਪਣੇ ਆਪ ਨੂੰ ਗਰਮ ਰੱਖਣ ਦੀ ਕੋਸ਼ਿਸ਼ ਕਰ ਰਹੇ ਬੁੜਬੁੜ ਕਰਦੇ ਹਨ ਅਤੇ ਵਿਰੋਧੀ ਫੌਜਾਂ ਉਪਰ ਗੋਲੀਆਂ ਚਲਾ ਰਹੇ ਹਨ। ਦੁਪਹਿਰ ਤੋਂ ਬਾਅਦ ਤਿੰਨ ਵਜੇ ਨਿਕੋਲਸ ਜਨਰਲ ਓਰਲੋਵ ਦੇ ਘੋੜਸਵਾਰਾਂ ਨੂੰ ਬਾਗੀਆਂ ਵਿਰੁੱਧ ਲੜਨ ਲਈ ਭੇਜਦਾ ਹੈ। ਘੋੜੇ ਸੜਕਾਂ ਉੱਪਰ ਤਿਲਕ ਰਹੇ ਹਨ। ਬਾਗੀ ਪੱਥਰਾਂ ਅਤੇ ਲਾਠੀਆਂ ਨਾਲ ਆਪਣੇ ਆਪ ਦਾ ਬਚਾਅ ਕਰ ਰਹੇ ਹਨ। ਹਮਲਾ ਫੇਲ੍ਹ ਹੋ ਜਾਂਦਾ ਹੈ। ਬਹੁਤ ਸਾਰੇ ਬੰਦੇ ਜਖ਼ਮੀ ਹੋ ਜਾਂਦੇ ਹਨ।ਫੇਰ ਨਿਕੋਲਸ ਆਪਣੇ ਆਦਮੀਆਂ ਨੂੰ ਹੁਕਮ ਦਿੰਦਾ ਹੈ, "ਫਾਇਰ ਖੋਲ੍ਹੋ!" ਪਹਿਲਾ ਗੋਲਾ ਸੈਨੇਟ ਦੀ ਬਿਲਡਿੰਗ ਦੇ ਬਨੇਰੇ ਉੱਪਰ ਡਿੱਗਦਾ ਹੈ। ਦੂਜਾ ਚੌਂਕ ਵਿਚ ਇਕੱਠੇ ਹੋਏ ਬਾਗ਼ੀਆਂ ਵਿਚਕਾਰ ਫਟਦਾ ਹੈ। ਹਫੜਾ-ਦਫੜੀ ਮੱਚ ਜਾਂਦੀ ਹੈ। ਕਤਲੋਗਾਰਤ ਸ਼ੁਰੂ ਹੋ ਜਾਂਦੀ ਹੈ। ਸਿਪਾਹੀ ਆਪਣੇ ਕਮਾਂਡਰਾਂ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਭੱਜ ਨਿਕਲਦੇ ਹਨ। ਆਪਣੇ ਬਚਾਉ ਲਈ ਉਹ ਨੇਵਾ ਦਰਿਆ ਵੱਲ ਜਾ ਨਿਕਲਦੇ ਹਨ। ਦਰਿਆ ਦਾ ਪਾਣੀ ਬਰਫ ਬਣ ਚੁੱਕਿਆ ਹੈ। ਪਰਲੇ ਪਾਰ ਜਾਣ ਲਈ ਸਿਪਾਹੀ ਬਰਫ ਉੱਪਰ ਭੱਜਣ ਲੱਗਦੇ ਹਨ। ਸਿਪਾਹੀਆਂ ਦੇ ਭਾਰ ਨਾਲ ਬਰਫ ਟੁੱਟ ਜਾਂਦੀ ਹੈ। ਬਹੁਤ ਸਾਰੇ ਆਦਮੀ ਪਾਣੀ ਵਿਚ ਡੁੱਬ ਜਾਂਦੇ ਹਨ। ਸੈਨੇਟ ਚੌਂਕ ਵਿਚ ਲਾਸ਼ਾਂ ਹੀ ਲਾਸ਼ਾਂ ਪਈਆਂ ਹਨ। ਲਾਸ਼ਾਂ ਦੇ ਢੇਰ ਉਪਰੋਂ ਮਹਿਲ



ਦੀਆਂ ਰੌਸ਼ਨੀਆਂ ਨਜ਼ਰ ਆ ਰਹੀਆਂ ਹਨ। ਬਾਦਸ਼ਾਹ ਨੇ ਲੜਾਈ ਜਿੱਤ ਲਈ ਹੈ।

ਨਿਕੋਲਸ ਆਪਣੇ ਭਰਾ ਨੂੰ ਲਿਖਦਾ ਹੈ - "ਤੁਹਾਡੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ। ਮੈਂ ਬਾਦਸ਼ਾਹ ਬਣ ਗਿਆ ਹਾਂ। ਪਰ ਮੈਨੂੰ ਇਸਦੀ ਬਹੁਤ ਭਾਰੀ ਕੀਮਤ ਤਾਰਨੀ ਪਈ ਹੈ। ਆਪਣੀ ਪਰਜਾ ਦੇ ਖ਼ੂਨ ਦੀ ਕੀਮਤ ਨਾਲ ਮੈਂ ਬਾਦਸ਼ਾਹ ਬਣਿਆ ਹਾਂ। ਮੈਨੂੰ ਆਸ ਹੈ ਕਿ ਇਸ ਬਗ਼ਾਵਤ ਵਿਚੋਂ ਬਹੁਤ ਹੀ ਭੈਭੀਤ ਕਰਨ ਵਾਲੀਆਂ ਸਾਜਿਸ਼ਾਂ ਨਸ਼ਰ ਹੋਣਗੀਆਂ।"

14 ਦਸੰਬਰ ਦੀ ਰਾਤ ਨੂੰ ਨਿਕੋਲਸ ਗ੍ਰਿਫਤਾਰ ਕੀਤੇ ਗਏ ਬਾਗੀਆਂ ਦੇ ਇਕੱਲੇ ਇਕੱਲੇ ਨੇਤਾ ਤੋਂ ਪੁੱਛ-ਪੜਤਾਲ ਕਰਦਾ ਹੈ। ਕਿਸੇ ਨਾਲ ਉਹ ਛਲ-ਕਪਟ ਵਰਤਦਾ ਹੈ, ਕਿਸੇ ਉੱਪਰ ਤਸ਼ੱਦਦ ਦੀ ਵਰਤੋਂ ਕਰਦਾ ਹੈ, ਕਿਸੇ ਨਾਲ ਨਰਮੀ ਅਤੇ ਕਿਸੇ ਨਾਲ ਸਖ਼ਤੀ ਵਰਤ ਕੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਿਸੇ ਸਮੇਂ ਇਕ ਸਫਲ ਅਭਿਨੇਤਾ ਵਾਂਗ ਆਪਣੇ ਮਨਪਸੰਦ ਰੋਲ ਵਿਚ ਪ੍ਰਗਟ ਹੁੰਦਾ ਹੈ। ਰਾਈਲੀਵ ਦੇ ਪਰਿਵਾਰ ਨੂੰ ਉਹ ਦੋ ਹਜ਼ਾਰ ਰੂਬਲ ਦੇਣ ਦਾ ਵਾਅਦਾ ਕਰਦਾ ਹੈ ਅਤੇ ਉਸਤੋਂ ਇਕਬਾਲ ਕਰਵਾਉਂਦਾ ਹੈ ਕਿ ਉਸਨੇ ਸਾਜਿਸ਼ ਘੜਨ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਕੈਖੋਵਸਕੀ ਨਾਲ ਗੱਲਬਾਤ ਸਮੇਂ ਉਹ ਰੂਸ ਦੀਆਂ ਬਦਨਸੀਬੀਆਂ ਉੱਪਰ ਰੋਂਦਾ ਹੈ। ਓਬਲੈਂਸਕੀ ਦਾ ਉਹ ਇਹ ਆਖਕੇ ਬੁੱਧੂ ਬਣਾਉਂਦਾ ਹੈ ਕਿ ਉਹ ਉਸਦੇ ਬਾਪ ਨੂੰ ਚਿੱਠੀ ਲਿਖੇਗਾ। ਬੈਸਤੂਜੇਵ ਨਾਲ ਵਾਅਦਾ ਕਰਦਾ ਹੈ ਕਿ ਜੇਕਰ ਉਹ ਉਸਦੀ ਵਫਾਦਾਰੀ ਦੀ ਕਸਮ ਖਾ ਲਵੇ, ਉਹ ਉਸਨੂੰ ਮੁਆਫ ਕਰ ਦੇਵੇਗਾ। ਪਰ ਬੈਸਤੂਜੇਵ ਉੱਤਰ ਦਿੰਦਾ ਹੈ, "ਜਨਾਬ! ਬਿਲਕੁਲ ਇਹੀ ਗੱਲ ਹੈ ਜਿਸ ਬਾਰੇ ਸਾਨੂੰ ਸ਼ਿਕਾਇਤ ਹੈ। ਇਸੇ ਕਾਰਨ ਹੀ ਸਾਨੂੰ ਸਾਜਿਸ਼ ਰਚਣੀ ਪਈ। ਬਾਦਸ਼ਾਹ ਜਿਵੇਂ ਚਾਹੇ ਸਾਡੀ ਵਰਤੋਂ ਕਰ ਸਕਦਾ ਹੈ ਕਿਉਂਕਿ ਉਸਨੂੰ ਮਨਮਰਜ਼ੀ ਕਰਨ ਦਾ ਅਧਿਕਾਰ ਹੈ। ਹੁਣ ਕਾਨੂੰਨ ਨੂੰ ਆਪਣਾ ਕੰਮ ਕਰਨ ਦਿਓ।"

ਜਾਂਚ-ਪੜਤਾਲ ਬਹੁਤ ਵੱਡੇ ਮੁਕੱਦਮੇ ਦਾ ਰੂਪ ਧਾਰ ਲੈਂਦੀ ਹੈ। ਜਿਹੜੇ ਇਕ ਸੌ ਇੱਕੀ ਬੰਦਿਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ, ਉਹ ਸਾਰੇ ਹੀ ਕੁਲੀਨ ਵਰਗ ਨਾਲ ਸੰਬੰਧਿਤ ਹਨ। ਉਨ੍ਹਾਂ ਵਿਚੋਂ ਪੰਦਰਾਂ ਕਰਨਲ ਹਨ। ਪੰਜ ਸਿਰਕੱਢ ਲੀਡਰਾਂ ਨੂੰ ਫਾਂਸੀ ਦਿੱਤੀ ਜਾਂਦੀ ਹੈ। ਪੈਸਟਲ ਅਤੇ ਕਵੀ ਰਾਈਲੀਵ ਦੀਆਂ ਫਾਂਸੀਆਂ ਕਾਰਨ ਰੂਸ ਵਿਚ ਹਾਹਾਕਾਰ ਮੱਚ ਜਾਂਦੀ ਹੈ। ਜਦ ਇਨ੍ਹਾਂ ਦੋਹਾਂ ਨੂੰ ਫਾਂਸੀ ਦਿੱਤੀ ਜਾ ਰਹੀ ਹੈ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਫੱਟੇ ਹਟਾਉਣ ਸਾਰ ਰੱਸੇ ਟੁੱਟ ਜਾਂਦੇ ਹਨ। ਜ਼ਮੀਨ ਉੱਪਰ ਡਿੱਗਣ ਨਾਲ ਉਨ੍ਹਾਂ ਦੀਆਂ ਟੰਗਾਂ ਬਾਹਾਂ ਟੁੱਟ ਜਾਂਦੀਆਂ ਹਨ। ਪਰ ਅਜਿਹੀ ਤਰਸਯੋਗ ਹਾਲਤ ਵਿਚ ਵੀ ਉਨ੍ਹਾਂ ਉੱਪਰ ਕਿਸੇ ਨੂੰ ਤਰਸ ਨਹੀਂ ਆਉਂਦਾ। ਉਨ੍ਹਾਂ ਦੇ ਗਲਾਂ ਵਿਚ ਦੁਬਾਰਾ ਰੱਸੇ ਪਾਏ ਜਾਂਦੇ ਹਨ ਅਤੇ ਉਨ੍ਹਾਂ ਲੂਲੇ-ਲੰਗੜਿਆਂ ਨੂੰ ਦੁਬਾਰਾ ਫਾਂਸੀ ਦਿੱਤੀ ਜਾਂਦੀ ਹੈ। ਬਾਕੀ ਦੋਸ਼ੀਆਂ ਨੂੰ ਸਾਈਬੇਰੀਆ ਵਿਚ ਜਲਾਵਤਨ ਕਰ ਦਿੱਤਾ ਜਾਂਦਾ ਹੈ।

ਇਸ ਬਗ਼ਾਵਤ ਤੋਂ ਕੁਝ ਦਿਨ ਬਾਅਦ ਪੁਸ਼ਕਿਨ ਸ਼ਾਮ ਵੇਲੇ ਆਪਣੇ ਮਿੱਤਰ ਪਰਿਵਾਰ ਦੀ ਮੁਖੀ ਮੈਡਮ ਓਸੀਪੋਵਾ ਦੇ ਘਰ ਜਾਂਦਾ ਹੈ। ਮੈਡਮ ਓਸੀਪੋਵਾ ਅਤੇ ਉਸਦੀਆਂ ਧੀਆਂ ਚਾਹ ਪੀਣ ਸਮੇਂ ਪੁਸ਼ਕਿਨ ਨਾਲ ਗੱਪ-ਸ਼ੱਪ ਕਰ ਰਹੀਆਂ ਹਨ। ਅਚਾਨਕ ਨੌਕਰ ਅੰਦਰ ਆਉਂਦਾ ਹੈ ਅਤੇ ਮੈਡਮ ਓਸੀਪੋਵਾ ਦੇ ਕੰਨ ਵਿਚ ਆਖਦਾ ਹੈ ਕਿ ਅਰਸੀਨ ਬ਼ਾਵਰਚੀ ਜੋ ਪੀਟਰਜ਼ਬਰਗ ਕੁਝ ਸਾਮਾਨ ਲੈਣ ਭੇਜਿਆ ਸੀ, ਵਾਪਸ ਆ ਗਿਆ ਹੈ ਅਤੇ ਮੈਡਮ ਓਸੀਪੋਵਾ ਨਾਲ ਕੋਈ ਖ਼ਾਸ ਗੱਲ ਕਰਨੀ ਚਾਹੁੰਦਾ ਹੈ।

ਮੈਡਮ ਓਸੀਪੋਵਾ ਉਠਕੇ ਡਰਾਇੰਗ ਰੂਮ ਵਿਚ ਚਲੀ ਜਾਂਦੀ ਹੈ। ਲਾਲ ਚਿਹਰਾ, ਸਾਹੋ-ਸਾਹ ਹੋਇਆ ਕੁੱਕ ਡਰਾਇੰਗ ਰੂਮ ਵਿਚ ਆਉਂਦਾ ਹੈ ਅਤੇ ਦੱਸਦਾ ਹੈ ਕਿ ਪੀਟਰਜ਼ਬਰਗ ਵਿਚ ਕਿਵੇਂ ਗੋਲੀਆਂ ਚੱਲੀਆਂ, ਕਿਵੇਂ ਲੋਕ ਮਾਰੇ ਗਏ, ਬਹੁਤ ਸਾਰੇ ਗ੍ਰਿਫਤਾਰ ਕਰ ਲਏ ਗਏ ਹਨ। ਕੁੱਕ ਏਨੀ ਉੱਚੀ ਬੋਲਦਾ ਹੈ ਕਿ ਚਾਹ ਪੀ ਰਹੇ ਪੁਸ਼ਕਿਨ ਨੂੰ ਵੀ ਉਸਦੀ ਸਾਰੀ ਗੱਲ ਸੁਣ ਜਾਂਦੀ ਹੈ। ਪੁਸ਼ਕਿਨ ਭੈਭੀਤ ਹੋ ਜਾਂਦਾ ਹੈ। ਸੋਚਦਾ ਹੈ ਉਸਦੇ ਸਾਰੇ ਦੋਸਤ ਫੜੇ ਜਾ ਚੁੱਕੇ ਹਨ। ਮੈਡਮ ਓਸੀਪੋਵਾ ਦੇ ਪਰਿਵਾਰ ਤੋਂ ਵਿਦਾਇਗੀ ਲੈ ਕੇ ਉਹ ਉਸੇ ਵੇਲੇ ਮਾਇਖਲੋਵਸਕੋਈ ਵਾਪਸ ਆ ਜਾਂਦਾ ਹੈ। ਆਪਣੇ ਜੀਵਨ ਨਾਲ ਸੰਬੰਧਤ ਸਾਰੇ ਕਾਗਜ਼-ਪੱਤਰ ਜਿਹੜੇ ਸਰਕਾਰੀ ਜਾਂਚ-ਅਧਿਕਾਰੀਆਂ ਲਈ ਲਾਭਕਾਰੀ ਸਾਬਤ ਹੋ ਸਕਦੇ ਹਨ, ਜਲਾ ਦਿੰਦਾ ਹੈ।

ਬੂਹਿਆਂ ਅੱਗੇ ਪਈ ਬਰਫ ਕਾਰਨ ਬੂਹੇ ਖੁੱਲ੍ਹਣੇ ਮੁਸ਼ਕਿਲ ਹਨ। ਬੰਦ ਖਿੜਕੀਆਂ ਉਪਰ ਕੋਹਰਾ ਜੰਮਿਆ ਹੋਇਆ ਹੈ। ਸਟੋਵ ਬਲ ਰਿਹਾ ਹੈ। ਖ਼ਾਮੋਸ਼ ਇਕਾਂਤ ਵਿਚ ਦਿਨ ਬੀਤ ਰਹੇ ਹਨ। ਪੁਸ਼ਕਿਨ ਮਹਿਸੂਸ ਕਰਦਾ ਹੈ ਜਿਵੇਂ ਉਹ ਜਿਉਂਦੇ ਹੀ ਕਬਰ ਵਿਚ ਦਫਨ ਹੋ ਗਿਆ ਹੋਵੇ। ਆਖ਼ਰ ਉਹ ਆਪਣੀ ਨਿਸ਼ਕ੍ਰਿਆ, ਆਪਣੀ ਝਿਜਕ, ਆਪਣੀ ਸ਼ਰਮ ਉੱਪਰ ਕਾਬੂ ਪਾ ਕੇ ਰਾਜਧਾਨੀ ਜਾਣ ਦੀ ਆਗਿਆ ਪ੍ਰਾਪਤ ਕਰਨ ਦਾ ਫੈਸਲਾ ਕਰਦਾ ਹੈ। ਜਨਵਰੀ ਵਿਚ ਉਹ ਜ਼ੂਕੋਵਸਕੀ ਨੂੰ ਲਿਖਦਾ ਹੈ —

ਇਸ ਤੋਂ ਪਹਿਲਾਂ ਮੈਂ ਚਿੱਠੀ ਨਹੀਂ ਲਿਖ ਸਕਿਆ ਕਿਉਂਕਿ ਆਪਣੇ ਨਾਲੋਂ ਵੱਧ ਮੈਨੂੰ ਦੂਜਿਆਂ ਦੀ ਚਿੰਤਾ ਸੀ। ਆਪਣੀ ਚਿੱਠੀ ਭੇਜਣ ਲਈ ਮੈਂ ਉੱਚਿਤ ਸਮੇਂ ਦੀ ਉਡੀਕ ਕਰ ਰਿਹਾ ਸੀ। ਮੇਰੇ ਖ਼ਿਆਲ ਅਨੁਸਾਰ ਸਥਿਤੀ ਇਹ ਹੈ ਕਿ ਸਰਕਾਰ ਨੂੰ ਯਕੀਨ ਹੋ ਗਿਆ ਹੋਵਗਾ ਕਿ 14 ਦਸੰਬਰ ਵਾਲੇ ਬਾਗ਼ੀਆਂ ਨਾਲ ਮੇਰੇ ਕੋਈ ਰਾਜਨੀਤਿਕ ਸਬੰਧ ਨਹੀਂ ਸਨ। ਫਿਰ ਵੀ ਸਰਕਾਰ ਨੇ ਅਖ਼ਬਾਰਾਂ ਰਾਹੀਂ ਐਲਾਨ ਕੀਤਾ ਹੈ ਕਿ ਉਨ੍ਹਾਂ ਸਾਰਿਆਂ ਨੂੰ ਸਜ਼ਾ ਮਿਲੇਗੀ ਜਿਨ੍ਹਾਂ ਕੋਲ ਸਾਜ਼ਸ਼ੀਆਂ ਨਾਲ ਸਬੰਧਤ ਕਿਸੇ ਕਿਸਮ ਦੀ ਕੋਈ ਜਾਣਕਾਰੀ ਹੈ ਅਤੇ ਇਹ ਜਾਣਕਾਰੀ ਉਨ੍ਹਾਂ ਨੇ ਪੁਲਿਸ ਨੂੰ ਨਹੀਂ ਦਿੱਤੀ। ਪਰ ਪੁਲਿਸ ਅਤੇ ਸਰਕਾਰ ਬਿਨਾਂ ਹੋਰ ਅਜਿਹਾ ਕੌਣ ਸੀ ਜਿਹੜਾ ਸਾਜਿਸ਼ ਬਾਰੇ ਨਹੀਂ ਸੀ ਜਾਣਦਾ? ਹਰ ਗਲੀ ਦੇ ਮੋੜ ਉੱਪਰ



ਖੜ੍ਹੇ ਲੋਕ ਇਸ ਬਾਰੇ ਗੱਲਾਂ ਕਰਦੇ ਸਨ। ਮੇਰੀ ਬੇਗੁਨਾਹੀ ਦੇ ਅਨੇਕਾਂ ਸਬੂਤਾਂ ਵਿਚੋਂ ਇਹ ਵੀ ਇੱਕ ਸਬੂਤ ਹੈ। ਪਰ ਪੁਲਿਸ ਫਿਰ ਵੀ ਅੱਜ ਤੱਕ ਮੇਰੀ ਨਿਗਰਾਨੀ ਕਰ ਰਹੀ ਹੈ। ਇਹ ਸਾਬਤ ਕਰਨਾ ਕੋਈ ਮੁਸ਼ਕਿਲ ਨਹੀਂ ਹੋਵੇਗਾ ਕਿ ਮੈਂ ਕੁਝ ਦੋਸ਼ੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਮੇਰੇ ਦੋਸਤ ਸਨ। ਫਰਜ਼ ਕਰੋ, ਸਰਕਾਰ ਮੇਰੀ ਜਲਾਵਤਨੀ ਸਮਾਪਤ ਕਰਨ ਦਾ ਇਰਾਦਾ ਰੱਖਦੀ ਹੈ, (ਜੇ ਲੋੜ ਪਈ) ਮੈਂ ਕੋਈ ਸਮਝੌਤਾ ਕਰਨ ਲਈ ਵੀ ਤਿਆਰ ਹਾਂ। ਪਰ ਮੇਰੀ ਤੁਹਾਨੂੰ ਬੇਨਤੀ ਹੈ ਕਿ ਕਿਸੇ ਤਰ੍ਹਾਂ ਵੀ ਮੇਰੀ ਜ਼ਾਮਨੀ ਨਾ ਭਰਨਾ। ਮੇਰਾ ਭਵਿੱਖੀ ਵਿਵਹਾਰ ਮੌਜੂਦਾ ਹਾਲਾਤ ਅਤੇ ਮੇਰੇ ਵੱਲ ਸਰਕਾਰ ਦੇ ਰਵੱਈਏ ਉੱਪਰ ਨਿਰਭਰ ਕਰੇਗਾ। ਮੇਰੇ ਖ਼ਿਆਲ ਅਨੁਸਾਰ ਇਹ ਗੱਲ ਤਾਂ ਸੰਭਵ ਹੈ ਕਿ ਕੋਈ ਬੰਦਾ ਬਾਦਸ਼ਾਹ ਨੂੰ ਆਖੇ : "ਬਾਦਸ਼ਾਹ ਸਲਾਮਤ! ਜੇਕਰ ਪੁਸ਼ਕਿਨ ਕਿਸੇ ਤਰ੍ਹਾਂ ਵੀ ਇਸ ਮਾਮਲੇ ਨਾਲ ਸਬੰਧਤ ਨਹੀਂ, ਕੀ ਉਸਨੂੰ ਵਾਪਸ ਆਉਣ ਦੀ ਆਗਿਆ ਨਹੀਂ ਮਿਲ ਸਕਦੀ?

ਉਸੇ ਦਿਨ ਉਹ ਕਵੀ ਪਲੀਟਨੇਵ ਨੂੰ ਲਿਖਦਾ ਹੈ :

ਕੀ ਜ਼ੂਕੋਵਸਕੀ ਇਸ ਗੱਲ ਦਾ ਪਤਾ ਨਹੀਂ ਕਰ ਸਕਦਾ ਕਿ ਕੀ ਮੈਨੂੰ ਬਾਦਸ਼ਾਹ ਤੋਂ ਮੁਆਫ਼ੀ ਮਿਲਣ ਦੀ ਆਸ ਕਰਨੀ ਚਾਹੀਦੀ ਹੈ? ਛੇ ਸਾਲ ਤੋਂ ਮੈਂ ਜਲਾਵਤਨੀ ਭੁਗਤ ਰਿਹਾ ਹਾਂ। ਮੇਰੀ ਉਮਰ ਅਜੇ ਮਸਾਂ ਛੱਬੀ ਸਾਲ ਹੈ, ਸਵਰਗਵਾਸੀ ਬਾਦਸ਼ਾਹ ਨੇ ਧਰਮ ਵਿਰੁੱਧ ਲਿਖੀਆਂ ਮੇਰੀਆਂ ਦੋ ਸਤਰਾਂ ਲਈ ਮੈਨੂੰ ਜਲਾਵਤਨ ਕੀਤਾ ਸੀ। ਮੈਨੂੰ ਸਮਝ ਨਹੀਂ ਆਉਂਦੀ ਹੋਰ ਕਿਹੜੀ ਗੱਲ ਲਈ ਮੈਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਹੋ ਸਕਦੈ, ਨਵਾਂ ਬਾਦਸ਼ਾਹ ਮੈਨੂੰ ਕਿਸੇ ਨਿੱਘੇ ਪੌਣ-ਪਾਣੀ ਵਾਲੇ ਬਾਹਰਲੇ ਦੇਸ਼ ਦੀ ਆਗਿਆ ਨਾ ਦੇਵੇ। ਕੀ ਅਜਿਹੀ ਹਾਲਤ ਵਿਚ ਮੇਰੇ ਪੀਟਰਜ਼ਬਰਗ ਵਾਪਸ ਆਉਣ ਦਾ ਪ੍ਰਬੰਧ ਨਹੀਂ ਹੋ ਸਕਦਾ? ਗੱਲ ਅਸਲ ਇਹ ਹੈ ਕਿ ਮੇਰੇ ਦੋਸਤ ਕਿ ਹੁਣ ਮੈਂ ਅੱਕ ਗਿਆ ਹਾਂ, ਥੱਕ ਗਿਆ ਹਾਂ।

ਅੱਕਣ ਥੱਕਣ ਅਤੇ ਅਲੱਗ-ਥਲੱਗ ਹੋਣ ਦੀਆਂ ਭਾਵਨਾਵਾਂ ਦੇ ਉੱਤਰ ਵਿਚ – ਪਲੀਟਨੇਵ ਉਸਨੂੰ ਲਿਖਦਾ ਹੈ :

ਜ਼ੂਕੋਵਸਕੀ ਦਾ ਸੁਝਾਅ ਹੈ ਕਿ ਤੁਸੀਂ ਉਸਨੂੰ ਸਮਝਦਾਰੀ ਵਾਲੀ ਕੋਈ ਅਜਿਹੀ ਚਿੱਠੀ ਲਿਖੋ ਜਿਸ ਵਿਚ ਤੁਸੀਂ ਸਪੱਸ਼ਟ ਤੌਰ ਤੇ ਲਿਖੋ ਕਿ ਤੁਹਾਡੇ ਨਿਜੀ ਵਿਚਾਰ ਜਿਹੜੇ ਸਿਰਫ਼ ਤੁਹਾਡੇ ਤੱਕ ਹੀ ਸੀਮਿਤ ਹਨ, ਜਿਨ੍ਹਾਂ ਨੂੰ ਨਿਰਖਣ-ਪਰਖਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਪਰ ਤੁਹਾਡਾ ਅਜਿਹੀ ਕੋਈ ਗੱਲ ਕਹਿਣ ਜਾਂ ਕਰਨ ਦਾ ਕੋਈ ਇਰਾਦਾ ਨਹੀਂ ਜਿਹੜੀ ਵਰਤਮਾਨ ਹੁਕਮ ਦੇ ਵਿਰੁੱਧ ਹੋਵੇ। ਇਸ ਕਿਸਮ ਦੀ ਚਿੱਠੀ ਮਿਲਣ ਪਿੱਛੋਂ, ਉਸਨੂੰ ਆਸ ਹੈ ਕਿ ਉਹ ਛੇਤੀ ਹੀ ਤੁਹਾਨੂੰ ਆਪਣੇ ਘਰ ਬੁਲਾਏਗਾ।

ਪੁਸ਼ਕਿਨ ਇਕ ਵਾਰ ਫਿਰ ਦੁਬਿਧਾ ਵਿਚ ਫਸ ਜਾਂਦਾ ਹੈ। ਮੁਆਫ਼ੀ ਮੰਗਣ ਦਾ ਮਤਲਬ ਹੋਵੇਗਾ ਆਪਣੇ ਮਿੱਤਰਾਂ ਨਾਲ ਗੱਦਾਰੀ। ਪਰ ਇਸ ਮੌਕੇ ਦੀ ਵਰਤੋਂ ਨਾ ਕਰਨ ਦਾ ਮਤਲਬ

ਹੋਵਗਾ – ਹੋਰ ਕਈ ਸਾਲਾਂ ਦੀ ਜਲਾਵਤਨੀ ਦੀ ਸਜ਼ਾ। ਪਰ ਹੁਣ ਉਹ ਹੋਰ ਬਹੁਤਾ ਚਿਰ ਇਕੱਲਾ ਰਹਿਣਾ ਬਰਦਾਸ਼ਤ ਨਹੀਂ ਕਰ ਸਕਦਾ। ਮਾਰਚ ਵਿਚ ਉਹ ਜ਼ੂਕੋਵਸਕੀ ਨੂੰ ਚਿੱਠੀ ਲਿਖਦਾ ਹੈ –

ਮੈਨੂੰ ਤੁਹਾਡੀ ਦੋਸਤੀ ਤੇ ਵਿਸ਼ਵਾਸ ਹੈ। ਇਸ ਲਈ ਮੈਂ ਤੁਹਾਨੂੰ ਆਪਣੀ ਨਿਰਾਦਰੀ ਦਾ ਇਤਿਹਾਸ ਦੱਸਣਾ ਚਾਹੁੰਦਾ ਹਾਂ। ਦੋ ਸਾਲ ਪਹਿਲਾਂ ਕਾਊਂਟ ਵੋਰੋਤਸੋਵ ਦੀ ਵੈਰ-ਭਾਵਨਾ ਕਾਰਨ ਮੈਂ ਅਸਤੀਫਾ ਦੇਣ ਲਈ ਮਜਬੂਰ ਹੋ ਗਿਆ ਸਾਂ। ਇਸ ਸਾਰੇ ਸਮੇਂ ਦੌਰਾਨ ਮੇਰੀ ਸਿਹਤ ਖਰਾਬ ਹੀ ਰਹੀ ਹੈ ਅਤੇ ਮੇਰੀ ਲੱਤ ਵਿਚ ਅਜਿਹੀ ਤਕਲੀਫ ਹੈ ਜਿਸ ਲਈ ਤੁਰੰਤ ਇਲਾਜ ਦੀ ਲੋੜ ਹੈ। ਮੇਰੀ ਵਾਪਸੀ ਲਈ ਇਹ ਕਾਰਨ ਕਾਫ਼ੀ ਸੀ। ਸਵਰਗਵਾਸੀ ਬਾਦਸ਼ਾਹ ਨੇ ਇਨ੍ਹਾਂ ਤੱਥਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਨੌਕਰੀ ਵਿਚੋਂ ਕੱਢਣ ਦੀ ਬਜਾਇ ਬਾਦਸ਼ਾਹ ਨੇ ਮੈਨੂੰ ਦੇਸ਼ ਵਿਚੋਂ ਕੱਢ ਕੇ ਜਲਾਵਤਨ ਕਰ ਦਿੱਤਾ ਕਿਉਂਕਿ ਉਸਤੋਂ ਤਿੰਨ ਸਾਲ ਪਹਿਲਾਂ ਨਾਸਤਿਕਤਾ ਬਾਰੇ ਮੈਂ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਵਿਚਾਰ ਬਿਨਾਂ ਸ਼ੱਕ ਕਿਸੇ ਹੱਦ ਤੱਕ ਗ਼ੈਰਜ਼ਿੰਮੇਵਾਰਾਨਾ ਅਤੇ ਇਤਰਾਜ਼ਯੋਗ ਸਨ। ਬਾਦਸ਼ਾਹ ਨਿਕੋਲਸ ਦੇ ਗੱਦੀ ਉੱਪਰ ਬੈਠਣ ਨਾਲ ਮੇਰੇ ਅੰਦਰ ਖੁਸ਼ੀ ਭਰੀ ਇੱਕ ਆਸ ਜਾਗੀ ਹੈ। ਸ਼ਾਇਦ ਬਾਦਸ਼ਾਹ ਸਲਾਮਤ ਮੇਰੀ ਸਥਿਤੀ ਬਦਲਣ ਦੀ ਮਿਹਰ ਕਰੇ। ਆਪਣੇ ਰਾਜਨੀਤਿਕ ਅਤੇ ਧਾਰਮਿਕ ਵਿਚਾਰ ਜੋ ਵੀ ਹੋਣਗੇ ਮੈਂ ਆਪਣੇ ਕੋਲ ਹੀ ਰੱਖਾਂਗਾ ਅਤੇ ਸਥਾਪਤ ਪ੍ਰਬੰਧ ਨੂੰ ਨਾਰਾਜ਼ ਕਰਨ ਦੀ ਬੇਵਕੂਫੀ ਨਹੀਂ ਕਰਾਂਗਾ।"

ਇਹ ਚਿੱਠੀ ਭੇਜਣ ਤੋਂ ਬਾਅਦ ਪੁਸ਼ਕਿਨ ਦੇ ਅੰਦਰ ਜ਼ਬਰਦਸਤ ਕਸ਼ਮਕਸ਼ ਸ਼ੁਰੂ ਹੋ ਜਾਂਦੀ ਹੈ। ਕਿਉਂ ਆਪਣੇ ਆਤਮ-ਸਨਮਾਨ ਨਾਲ ਸਮਝੌਤਾ ਕੀਤਾ? ਕਿਉਂ ਅਜਿਹੀ ਚਿੱਠੀ ਲਿਖਣ ਲਈ ਆਪਣੇ ਆਪ ਨੂੰ ਰਜ਼ਾਮੰਦ ਕੀਤਾ? ਜਿਉਂ-ਜਿਉਂ ਚਿੱਠੀ ਦਾ ਉੱਤਰ ਆਉਣ ਵਿਚ ਦੇਰੀ ਹੋ ਰਹੀ ਸੀ ਉਸਦੀ ਮਾਨਸਿਕ ਕਸ਼ਮਕਸ਼ ਸੰਤਾਪਮਈ ਰੂਪ ਧਾਰਨ ਕਰਦੀ ਜਾ ਰਹੀ ਹੈ। ਵਾਰ-ਵਾਰ ਉਸਦੇ ਮਨ ਵਿਚ ਆ ਰਿਹਾ ਹੈ – ਕਿਉਂ ਆਪਣੇ ਆਪ ਨੂੰ ਆਪਣੀਆਂ ਹੀ ਨਜ਼ਰਾਂ ਵਿਚ ਗਿਰਾਇਆ? ਕੀ ਲੋੜ ਸੀ ਗੈਂ-ਗੈਂ-ਗੈਂ ਕਰਨ ਦੀ ਜੇ ਇਸਦਾ ਸਿੱਟਾ ਅਜਿਹਾ ਹੀ ਨਿਕਲਣਾ ਸੀ?

ਅਖ਼ੀਰ ਇਕ ਮਹੀਨੇ ਦੀ ਤੰਦੂਰ ਵਰਗੀ ਤਪਦੀ ਕਸ਼ਮਕਸ਼ ਪਿੱਛੋਂ ਉਸਨੂੰ ਜ਼ੁਕੋਵਸਕੀ ਦਾ ਹੈਰਾਨ-ਪ੍ਰੇਸ਼ਾਨ ਕਰਨ ਵਾਲਾ ਉੱਤਰ ਮਿਲਦਾ ਹੈ :-

"ਤੇਰੀਆਂ ਦੋ ਚਿੱਠੀਆਂ ਦਾ ਉੱਤਰ ਦੇਰੀ ਨਾਲ ਦੇਣ ਕਾਰਨ ਮੇਰੇ ਨਾਲ ਨਾਰਾਜ਼ ਨਾ ਹੋਣਾ। ਮੈਂ ਬੀਮਾਰ ਹਾਂ ਅਤੇ ਚਿੱਠੀ-ਪੱਤਰ ਦੇ ਮਾਮਲੇ ਵਿਚ ਮੈਂ ਬਹੁਤ ਆਲਸੀ ਹਾਂ। ਤੇਰੀ ਵਾਪਸੀ ਬਾਰੇ ਮੇਰੇ ਕੋਲ ਕਹਿਣ ਲਈ ਕੁਝ ਨਹੀਂ। ਵਰਤਮਾਨ ਹਾਲਾਤ ਵਿਚ ਮੈਂ ਤੇਰੇ ਲਈ ਕੁਝ ਵੀ ਨਹੀਂ ਕਰ ਸਕਦਾ, ਮੇਰੇ ਕੋਲ ਅਜਿਹਾ ਕਰਨ ਦਾ ਕੋਈ ਸਾਧਨ ਨਹੀਂ। ਆਪਣੀ ਹੋਂਦ



ਬਾਰੇ ਧਿਆਨ ਖਿੱਚਣ ਅਤੇ ਪ੍ਰਸਿੱਧੀ ਖ਼ਾਤਿਰ ਲਿਖਣ ਦੀ ਬਜਾਇ ਸਭ ਤੋਂ ਸਿਆਣੀ ਗੱਲ ਇਹੀ ਹੈ ਕਿ ਤੂੰ ਚੁੱਪ-ਚਾਪ ਪਿੰਡ ਹੀ ਬੈਠਾ ਰਹੇਂ, ਬੁਰੇ ਦਿਨ ਲੰਘ ਜਾਣ ਦੇਵੇਂ। ਮੈਨੂੰ ਸਮਝ ਨਹੀਂ ਆਉਂਦੀ ਅਜਿਹੀ ਕਿਹੜੀ ਗੱਲ ਸੀ ਜਿਸਨੇ ਤੈਨੂੰ ਪਿਛਲੀ ਚਿੱਠੀ ਲਿਖਣ ਲਈ ਮਜਬੂਰ ਕੀਤਾ। ਜੇਕਰ ਤੂੰ ਇਹ ਚਿੱਠੀ ਸਿਰਫ਼ ਮੇਰੀ ਖ਼ਾਤਿਰ ਹੀ ਲਿਖੀ ਸੀ ਤਾਂ ਮੈਨੂੰ ਅਜਿਹੀ ਚਿੱਠੀ ਲਿਖਣ ਦੀ ਕੋਈ ਤੁਕ ਨਹੀਂ ਸੀ। ਜੇਕਰ ਚਾਹੁੰਦਾ ਹੈ ਕਿ ਇਹ ਚਿੱਠੀ ਅਧਿਕਾਰੀਆਂ ਨੂੰ ਦਿਖਾਈ ਜਾਵੇਂ ਤਾਂ ਮੈਂ ਸਿਰਫ਼ ਇਹੀ ਆਖਾਂਗਾ ਕਿ ਇਹ ਨਿਰਾ ਪਾਗਲਪਣ ਹੈ। ਇਹ ਸੱਚ ਹੈ ਕਿ ਸਿੱਧਾ ਤੇਰਾ ਕਿਸੇ ਗੱਲ ਨਾਲ ਸਬੰਧ ਨਹੀਂ ਹੈ ਪਰ ਤੇਰੀਆਂ ਕਵਿਤਾਵਾਂ ਯਕੀਨਨ ਹਰ ਦੋਸ਼ੀ ਦੇ ਕਾਗਜ਼ਾਂ ਵਿਚੋਂ ਮਿਲੀਆਂ ਹੋਣਗੀਆਂ। ਸਰਕਾਰ ਨਾਲ ਦੋਸਤੀ ਕਾਇਮ ਕਰਨ ਦਾ ਇਹ ਤਰੀਕਾ ਬਿਲਕੁਲ ਗਲਤ ਹੈ। ਤੈਨੂੰ ਪਤਾ ਹੈ ਕਿ ਮੈਂ ਤੇਰੀ ਕਾਵਿ-ਪ੍ਰਤਿਭਾ ਦਾ ਕਿੰਨਾ ਸਤਿਕਾਰ ਕਰਦਾ ਹਾਂ ਅਤੇ ਤੇਰੇ ਪ੍ਰਸਿੱਧ ਕਵੀ ਬਣਨ ਉੱਪਰ ਕਿੰਨੀਆਂ ਆਸਾਂ ਰੱਖਦਾ ਹਾਂ। ਮੈਨੂੰ ਕਵਿਤਾ ਨਾਲ ਪਿਆਰ ਹੈ ਅਤੇ ਮੈਂ ਇਸ ਗੱਲੋਂ ਬੇਖ਼ਬਰ ਨਹੀਂ ਕਿ ਤੂੰ ਇਕ ਮਹਾਨ ਕਵੀ ਬਣਨ ਲਈ ਪੈਦਾ ਹੋਇਆ ਹੈਂ। ਤੂੰ ਦੇਸ਼ ਦਾ ਸਿਰ ਉੱਚਾ ਕਰੇਂਗਾ ਅਤੇ ਦੇਸ਼ ਤੇਰੇ ਉੱਤੇ ਮਾਨ ਕਰੇਗਾ। ਤੂੰ ਰੂਸ ਦਾ ਅਨਮੋਲ ਹੀਰਾ ਹੋਵੇਂਗਾ, ਪਰ ਅਨੁਸ਼ਾਸਨ ਅਤੇ ਨੈਤਿਕਤਾ ਪੱਖੋਂ ਜੋ ਕੁਝ ਤੂੰ ਲਿਖਿਆ ਹੈ, ਮੈਨੂੰ ਉਸ ਸਭ ਕਾਸੇ ਨਾਲ ਨਫ਼ਰਤ ਹੈ। ... ਪ੍ਰਤਿਭਾ ਕੁਝ ਨਹੀਂ, ਨੈਤਿਕਤਾ ਮਹੱਤਵਪੂਰਨ ਹੈ ..... ਹੁਣ ਚਿੱਠੀ ਮੈਂ ਉਸੇ ਤਰ੍ਹਾਂ ਬੰਦ ਕਰਦਾ ਹਾਂ ਜਿਵੇਂ ਸ਼ੁਰੂ ਕੀਤੀ ਸੀ ..... ਪੀਟਰਜ਼ਬਰਗ ਵਾਪਸ ਆਉਣ ਦੀ ਗੱਲ ਨਾ ਕਰ, ਅਜਿਹਾ ਕਰਨ ਦਾ ਅਜੇ ਸਮਾਂ ਨਹੀਂ। ਗੋਡੂਨੋਵ ਵਰਗੀਆਂ ਹੋਰ ਰਚਨਾਵਾਂ ਲਿਖ, ਉਹ ਤੇਰੇ ਲਈ ਆਜ਼ਾਦੀ ਦੇ ਬੂਹੇ ਖੋਲ੍ਹਣਗੀਆਂ।"

ਡੈਲਵਿਗ ਨੇ ਆਪਣੀ 7 ਅਪ੍ਰੈਲ ਦੀ ਚਿੱਠੀ ਵਿਚ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ–

"ਮੇਰੇ ਦੋਸਤ! ਲੰਬੀਆਂ ਆਸਾਂ ਉਪਰ ਜਿਊਣ ਦੀ ਕੋਸ਼ਿਸ ਕਰੋ.... ਅਤੇ ਤਾਜਪੋਸ਼ੀ ਤੱਕ ਉਡੀਕ ਕਰੋ। ਉਸ ਪਿੱਛੋਂ ਹੀ ਬਾਦਸ਼ਾਹ ਨਾਲ ਤੇਰੇ ਵਾਸਤੇ ਗੱਲ ਕਰਨੀ ਸੰਭਵ ਹੋ ਸਕੇਗੀ ਅਤੇ ਤੂੰ ਆਪਣੀ ਨਵੀਂ ਜ਼ਿੰਦਗੀ ਲਈ ਯੋਜਨਾ ਬਣਾ ਸਕੇਂਗਾ। ਪਲੀਟਨੇਵ ਨੇ 14 ਅਪ੍ਰੈਲ ਦੀ ਆਪਣੀ ਚਿੱਠੀ ਵਿਚ ਆਖਿਆ ਸੀ–

"ਮੇਰੀ ਅਤੇ ਤੈਨੂੰ ਪਿਆਰ ਕਰਨ ਵਾਲੇ ਉਨ੍ਹਾਂ ਸਾਰਿਆਂ ਦੀ ਤੈਨੂੰ ਸਲਾਹ ਹੈ ਕਿ ਇਹ ਗਰਮੀਆਂ ਤੂੰ ਪਿੰਡ ਵੀ ਹੀ ਰਹਿ।"

ਵੀਆਜ਼ੀਮਸਕੀ ਵੀ ਇਹੀ ਕੁਝ ਆਖਦਾ ਹੈ –

"ਜਿਥੇ ਹੈ ਉਥੇ ਹੀ ਚੁੱਪ-ਚਾਪ ਬੈਠਾ ਰਹਿ ਅਤੇ ਕਵਿਤਾ ਲਿਖਕੇ ਉਸਨੂੰ ਪ੍ਰਕਾਸ਼ਿਤ ਕਰਵਾ।"

10 ਮਈ ਦੀ ਵੀਆਜ਼ੀਮਸਕੀ ਦੀ ਲਿਖੀ ਇਹ ਚਿੱਠੀ ਬਹੁਤ ਜ਼ਿਆਦਾ ਲੇਟ ਪਹੁੰਚਦੀ ਹੈ। ਗਿਆਰਾਂ ਮਈ ਨੂੰ ਉਹ ਪਸਕੋਵ ਦੇ ਗਵਰਨਰ ਵੋਨ ਐਡਰਕਾਸ ਰਾਹੀਂ ਆਪਣੀ ਇਹ ਅਰਜ਼ੀ ਬਾਦਸ਼ਾਹ ਨੂੰ ਭੇਜ ਦਿੰਦਾ ਹੈ -

"ਬਾਦਸ਼ਾਹ ਸਲਾਮਤ! ਦੋ ਸਾਲ ਪਹਿਲਾਂ ਗੈਰਜ਼ਿੰਮੇਵਾਰਾਨਾ ਢੰਗ ਨਾਲ ਆਪਣੀ ਇੱਕ ਚਿੱਠੀ ਵਿਚ ਨਾਸਤਿਕਤਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਸਵਰਗਵਾਸੀ ਬਾਦਸ਼ਾਹ ਨੇ ਮੈਨੂੰ ਸਰਕਾਰੀ ਨੌਕਰੀ ਵਿਚੋਂ ਬਰਖਾਸਤ ਕਰਕੇ ਪੇਂਡੂ ਇਲਾਕੇ ਵਿਚ ਜਲਾਵਤਨ ਕਰ ਦਿੱਤਾ ਸੀ ਅਤੇ ਇਕ ਗਵਰਨਰ ਦੀ ਨਿਗਰਾਨੀ ਹੇਠ ਰਹਿਣ ਦੀ ਸਜ਼ਾ ਦਿੱਤੀ ਸੀ। ਆਪ ਹਜ਼ੂਰ ਦੀ ਦਰਿਆਦਿਲੀ ਉੱਪਰ ਪੂਰਨ ਭਰੋਸਾ ਕਰਕੇ ਅਤੇ ਸੁਹਿਰਦ ਪਸ਼ਚਾਤਾਪ ਕਰਨ ਪਿਛੋਂ ਮੈਂ ਦ੍ਰਿੜ ਇਰਾਦਾ ਕਰ ਲਿਆ ਹੈ ਕਿ ਆਪਣੇ ਵਿਚਾਰ ਪ੍ਰਗਟ ਕਰਕੇ ਮੈਂ ਸ਼ਾਂਤੀ ਭੰਗ ਨਹੀਂ ਕਰਾਂਗਾ (ਲਿਖਤੀ ਰੂਪ ਵਿਚ ਵੀ ਮੈਂ ਇਹ ਵਾਅਦਾ ਕਰਨ ਲਈ ਤਿਆਰ ਹਾਂ) ਮੈਂ ਨਿਮਨ ਲਿਖਤ ਦਰਖਾਸਤ ਆਪ ਜੀ ਦੀ ਦਇਆ-ਦ੍ਰਿਸ਼ਟੀ ਦੀ ਆਸ ਕਰਕੇ ਆਪ ਹਜ਼ੂਰ ਨੂੰ ਭੇਜ ਰਿਹਾ ਹਾਂ।"

"ਮੇਰੀ ਸਿਹਤ ਅਨੀਊਰੀਜਮ ਬਿਮਾਰੀ ਕਾਰਨ ਬਚਪਨ ਤੋਂ ਹੀ ਕਮਜ਼ੋਰ ਹੈ। ਇਹ ਬਿਮਾਰੀ ਲੰਬੇ ਇਲਾਜ ਦੀ ਮੰਗ ਕਰਦੀ ਹੈ ਜਿਵੇਂ ਨਾਲ ਨੱਥੀ ਕੀਤੇ ਮੈਡੀਕਲ ਸਰਟੀਫਿਕੇਟਾਂ ਤੋਂ ਜ਼ਾਹਿਰ ਹੈ। ਇਸ ਲਈ ਬੇਨਤੀ ਕਰਦਾਂ ਹਾਂ ਕਿ ਆਪਣੇ ਇਲਾਜ ਲਈ ਮੈਨੂੰ ਮਾਸਕੋ ਜਾਂ ਕਿਸੇ ਬਾਹਰਲੇ ਦੇਸ਼ ਜਾਣ ਦੀ ਇਜਾਜ਼ਤ ਦਿੱਤੀ ਜਾਵੇ।"

ਇਸ ਦਰਖਾਸਤ ਨਾਲ ਹੇਠ ਲਿਖਿਆ ਹਲਫਨਾਮਾ ਵੀ ਨੱਥੀ ਕੀਤਾ ਗਿਆ ਸੀ-

ਮੈਂ, ਨਿਮਨ ਹਸਤਾਖਰ ਕਰਤਾ, ਵਾਅਦਾ ਕਰਦਾ ਹਾਂ ਕਿ ਮੈਂ ਕਦੇ ਕਿਸੇ ਵੀ ਕਿਸਮ ਦੀ ਗੁਪਤ ਸੁਸਾਇਟੀ ਦਾ ਮੈਂਬਰ ਨਹੀਂ ਬਣਾਂਗਾ। ਨਾ ਹੀ ਮੈਂ ਕਿਸੇ ਅਜਿਹੀ ਗੁਪਤ ਸੁਸਾਇਟੀ ਦਾ ਮੈਂਬਰ ਹਾਂ ਅਤੇ ਨਾ ਹੀ ਕਦੇ ਕਿਸੇ ਗੁਪਤ ਸੁਸਾਇਟੀ ਦਾ ਮੈਂਬਰ ਸੀ ਅਤੇ ਨਾ ਹੀ ਮੈਨੂੰ ਕਿਸੇ ਅਜਿਹੀ ਗੁਪਤ ਸੁਸਾਇਟੀ ਬਾਰੇ ਕੋਈ ਜਾਣਕਾਰੀ ਸੀ।"

ਅਲੈਗਜ਼ੈਂਡਰ ਪੁਸ਼ਕਿਨ

(10ਵੀਂ ਸ਼੍ਰੇਣੀ ਦਾ ਕਰਮਚਾਰੀ)

ਸੁਸਤ ਰਫਤਾਰੀ ਨਾਲ ਜਿਸ ਸਮੇਂ ਪੁਸ਼ਕਿਨ ਦੀ ਦਰਖਾਸਤ ਦਫਤਰੋਂ-ਦਫਤਰੀ ਚੱਕਰ ਲਗਾ ਰਹੀ ਸੀ, ਉਸ ਸਮੇਂ ਉਸਦੇ ਖਿਲਾਫ਼ ਅਜਿਹੀਆਂ ਰਿਪੋਰਟਾਂ ਆ ਰਹੀਆਂ ਸਨ ਜਿਹੜੀਆਂ ਉਸਦੇ ਖ਼ਤਰਨਾਕ ਭਵਿੱਖ ਦੀ ਤਸਵੀਰ ਪੇਸ਼ ਕਰ ਰਹੀਆਂ ਸਨ ਅਤੇ ਅਜਿਹੀਆਂ ਸਭ ਰਿਪੋਰਟਾਂ ਬਾਦਸ਼ਾਹ ਨਿਕੋਲਸ ਦੇ ਮੇਜ਼ ਉੱਪਰ ਇਕੱਠੀਆਂ ਹੋ ਰਹੀਆਂ ਸਨ। ਰਿਪੋਰਟਾਂ ਦੱਸਦੀਆਂ ਸਨ ਕਿ 14 ਦਸੰਬਰ ਦੀ ਬਗ਼ਾਵਤ ਵਿਚ ਸ਼ਾਮਲ ਹੋਣ ਵਾਲੇ ਸਾਰੇ ਦੋਸ਼ੀਆਂ ਨੇ ਪੁਸ਼ਕਿਨ ਦਾ ਨਾਂ ਲਿਆ ਸੀ ਅਤੇ ਉਹ ਸਾਰੇ ਪੁਸ਼ਕਿਨ ਦੀਆਂ ਕਵਿਤਾਵਾਂ ਬਾਰੇ ਜਾਣਦੇ



ਸਨ। ਹਰ ਇਕ ਦੋਸ਼ੀ ਦੇ ਕਾਗਜ਼ਾਂ ਵਿਚੋਂ ਪੁਸ਼ਕਿਨ ਦੀਆਂ ਕਵਿਤਾਵਾਂ ਮਿਲੀਆਂ ਸਨ। ਜਾਂਚ-ਪੜਤਾਲ ਸਮੇਂ ਬਾਦਸ਼ਾਹ ਸਾਹਮਣੇ ਦੋਸ਼ੀਆਂ ਨੇ ਵਾਰ-ਵਾਰ ਉਸਦਾ ਨਾਂ ਲਿਆ ਸੀ।

ਬਾਦਸ਼ਾਹ ਨਿਕੋਲਸ ਸਾਹਿਤ ਦਾ ਗੰਭੀਰ ਪਾਠਕ ਨਹੀਂ ਸੀ। ਸਾਹਿਤ ਬਾਰੇ ਉਸਦੇ ਵਿਚਾਰ ਬਿਲਕੁਲ ਇਕ ਪੇਂਡੂ ਨੌਕਰਾਣੀ ਵਰਗੇ ਸਨ। ਪੁਸ਼ਕਿਨ ਦੀ ਕਾਵਿ-ਪ੍ਰਤਿਭਾ ਉਹ ਕੁਝ ਨਹੀਂ ਸੀ ਜਾਣਦਾ। ਪਰ ਕਵੀ ਦੀ ਪ੍ਰਸਿੱਧੀ ਉਸਨੂੰ ਜ਼ਿਆਦਾ ਖ਼ਤਰਨਾਕ ਜਾਪਦੀ ਸੀ ਕਿਉਂਕਿ ਸ਼ਖ਼ਸੀ ਹਕੂਮਤ ਦੇ ਸਾਰੇ ਦੁਸ਼ਮਣਾਂ ਨੇ ਰੱਜ ਕੇ ਉਸਦੀ ਪ੍ਰਸ਼ੰਸਾ ਕੀਤੀ ਸੀ। ਉਹ ਖ਼ੁਦ ਉਸ ਆਦਮੀ ਨੂੰ ਮਿਲਣਾ ਚਾਹੁੰਦਾ ਸੀ ਅਤੇ ਖ਼ੁਦ ਉਸਦੀ ਜਾਂਚ-ਪੜਤਾਲ ਕਰਕੇ ਜਾਣਨਾ ਚਾਹੁੰਦਾ ਸੀ ਕਿ ਉਸਦੇ ਰਾਜਨੀਤਿਕ ਵਿਚਾਰ ਕੀ ਸਨ। ਉਹ ਉਸ ਵੱਲੋਂ ਮਿਲੇ ਉੱਤਰਾਂ ਅਨੁਸਾਰ ਕੋਈ ਫੈਸਲਾ ਕਰਨਾ ਚਾਹੁੰਦਾ ਸੀ ਕਿ ਉਸਨੂੰ ਸਜ਼ਾ ਦੇਣੀ ਸੀ ਜਾਂ ਮੁਆਫ ਕਰਨਾ ਸੀ। ਮੁਆਫ਼ੀ ਲਈ ਲਿਖੀ ਪੁਸ਼ਕਿਨ ਦੀ ਦਰਖਾਸਤ ਵੀ ਹੁਣ ਉਸਦੇ ਸਾਹਮਣੇ ਸੀ।

28 ਅਗਸਤ ਨੂੰ ਨਿਕੋਲਸ ਜਨਰਲ ਡਿਲਬਿਚ ਨੂੰ ਹੇਠ ਲਿਖੀਆਂ ਹਦਾਇਤਾਂ ਭੇਜਦਾ ਹੈ-

"ਪੁਸ਼ਕਿਨ ਨੂੰ ਹੁਕਮ ਦਿਓ ਕਿ ਇਥੇ ਆਉਣ ਲਈ ਤੁਰੰਤ ਚੱਲ ਪਵੇ। ਪਰ ਇਹ ਜ਼ਰੂਰੀ ਹੈ ਕਿ ਉਹ ਕਿਸੇ ਜ਼ਿੰਮੇਵਾਰ ਅਧਿਕਾਰੀ ਦੀ ਨਿਗਰਾਨੀ ਵਿਚ ਆਵੇ। ਬਿਨਾਂ ਕਿਸੇ ਬੰਦਿਸ਼ ਪੁਸ਼ਕਿਨ ਆਪਣੀ ਗੱਡੀ ਵਿਚ ਸਫਰ ਕਰ ਸਕਦਾ ਹੈ ਪਰ ਕਿਸੇ ਅਧਿਕਾਰੀ ਦੀ ਨਿਗਰਾਨੀ ਹੇਠ। ਇਥੇ ਪਹੁੰਚਣ ਸਾਰ ਪੁਸ਼ਕਿਨ ਨੂੰ ਤੁਰੰਤ ਮੇਰੇ ਪੇਸ਼ ਕੀਤਾ ਜਾਵੇ। ਇਸ ਸੰਬੰਧੀ ਪਸਕੋਵ ਦੇ ਗਵਰਨਰ ਨੂੰ ਜ਼ਰੂਰ ਸੂਚਿਤ ਕਰ ਦਿਓ।"

ਤਿੰਨ ਸਤੰਬਰ ਨੂੰ ਰਾਤ ਸਮੇਂ ਇਕ ਅਫ਼ਸਰ ਪਸਕੋਵ ਤੋਂ ਮਾਇਖਲੋਵਸਕੋਈ ਪਹੁੰਚ ਜਾਂਦਾ ਹੈ। ਉਸ ਸਮੇਂ ਪੁਸ਼ਕਿਨ ਸਟੋਵ ਅੱਗੇ ਬੈਠਾ ਸੇਕ ਰਿਹਾ ਹੈ। ਪੁਸ਼ਕਿਨ ਇਕਦਮ ਉੱਠਦਾ ਹੈ ਅਤੇ ਚਾਹੁੰਦਾ ਹੈ ਕਿ ਆਪਣੇ ਲਿਖੇ ਕਾਗਜ਼ ਮੇਜ਼ ਉਪਰੋਂ ਚੁੱਕ ਕੇ ਅੱਗ ਵਿਚ ਸੁੱਟ ਦੇਵੇ। ਉਸਦੀ ਨੈਨੀ ਐਰੀਨਾ ਬਾਹਰੋਂ ਆਏ ਅਫਸਰ ਦੇ ਮੋਢਿਆਂ ਉੱਪਰ ਲੱਗੇ ਸਟਾਰ ਦੇਖਕੇ ਰੋਣਾ ਸ਼ੁਰੂ ਕਰ ਦਿੰਦੀ ਹੈ।

"ਰੋ ਨਾ ਮਾਂ।" ਪੁਸ਼ਕਿਨ ਉਸਨੂੰ ਆਖਦਾ ਹੈ, "ਉਹ ਮੈਨੂੰ ਰੱਜਵਾਂ ਭੋਜਨ ਦੇਣਗੇ। ਬਾਦਸ਼ਾਹ ਜਿਥੇ ਕਿਤੇ ਵੀ ਮੈਨੂੰ ਭੇਜੇਗਾ, ਮੈਨੂੰ ਭੁੱਖਾ ਨਹੀਂ ਮਰਨ ਦੇਵੇਗਾ।"

ਆਪਣੇ ਬੂਟਾਂ ਦੀਆਂ ਅੱਡੀਆਂ ਖੜਕਾਉਂਦਾ ਹੋਇਆ ਅਫਸਰ ਬੜੀ ਫੁਰਤੀ ਨਾਲ ਅੰਦਰ ਆਉਂਦਾ ਹੈ। ਪੁਸ਼ਕਿਨ ਆਪਣੇ ਨੌਕਰ ਨੂੰ ਹੁਕਮ ਦਿੰਦਾ ਹੈ ਕਿ ਉਹ ਮੈਡਮ ਉਸੀਪੋਵਾ ਦੇ ਘਰ ਜਾ ਕੇ ਉਥੋਂ ਉਸਦੇ ਪਿਸਤੌਲ ਲੈ ਆਵੇ ਜਿਹੜੇ ਉਹ ਉੱਥੇ ਛੱਡ ਆਇਆ ਸੀ।

"ਮਿਸਟਰ ਪੁਸ਼ਕਿਨ! ਤੇਰੀ ਪਿਸਤੌਲ ਮੰਗਵਾਉਣ ਵਾਲੀ ਗੱਲ ਮੈਨੂੰ ਕੁਝ ਸ਼ੱਕੀ ਜਾਪਦੀ ਹੈ।" ਅਫਸਰ ਬੋਲਦਾ ਹੈ।

"ਇਹ ਮੇਰੀ ਮਜਬੂਰੀ ਹੈ। ਉਨ੍ਹਾਂ ਬਿਨਾਂ ਮੈਂ ਕਿਧਰੇ ਵੀ ਨਹੀਂ ਜਾ ਸਕਦਾ। ਉਹੀ ਮੇਰਾ

ਮਨਪ੍ਰਚਾਵਾ ਹਨ।" ਪੁਸ਼ਕਿਨ ਬੜੇ ਠਰੰਮੇ ਨਾਲ ਉੱਤਰ ਦਿੰਦਾ ਹੈ।

ਉਹ ਆਪਣਾ ਲੰਬਾ ਕੋਟ ਪਾਉਂਦਾ ਹੈ। ਸਾਹਮਣੇ ਖੜ੍ਹੀ ਆਪਣੇ ਉਪਰ ਸਲੀਬ ਦਾ ਨਿਸ਼ਾਨ ਬਣਾ ਰਹੀ ਬੁੱਢੀ ਐਰੀਨਾ ਨੂੰ ਚੁੰਮਦਾ ਹੈ। ਅੱਧਸੁੱਤੇ ਨੌਕਰਾਂ ਨੂੰ ਬੁਲਾਉਂਦਾ ਹੈ ਤਾਂ ਕਿ ਉਹ ਉਸਨੂੰ ਅਲਵਿਦਾ ਆਖ ਸਕਣ ਅਤੇ ਰੋਅਬ ਵਾਲੇ ਅਫ਼ਸਰ ਦੇ ਨਾਲ ਘਰੋਂ ਚੱਲ ਪੈਂਦਾ ਹੈ ਅਤੇ ਮਹਿਸੂਸ ਕਰ ਰਿਹਾ ਹੈ ਜਿਵੇਂ ਉਸਦਾ ਅੰਤ ਆ ਗਿਆ ਹੋਵੇ। ਪਰ ਹਾਲਾਤ ਦੇ ਇਸ ਤਰ੍ਹਾਂ ਅਚਾਨਕ ਮੋੜ ਕੱਟਣ ਕਾਰਨ ਉਸਦੇ ਅੰਦਰ ਅਜੀਬ ਭਾਵਨਾਵਾਂ ਜਾਗਦੀਆਂ ਹਨ ਜੋ ਉਸਨੂੰ ਸ਼ੁੱਧ ਵੀ ਕਰ ਰਹੀਆਂ ਹਨ। ਮਹਿਸੂਸ ਕਰਦਾ ਹੈ ਕਿ ਉਹ ਵੀ ਆਪਣੇ ਦੋਸਤਾਂ ਵਾਂਗ ਕਸ਼ਟ ਭੋਗਣ ਜਾ ਰਿਹਾ ਹੈ। ਪਰ ਪਸਕੋਵ ਵਿਖੇ ਪਹੁੰਚਣ ਨਾਲ ਗਵਰਨਰ ਉਸਨੂੰ ਜਾਣਕਾਰੀ ਦਿੰਦਾ ਹੈ ਕਿ ਉਹ ਕੋਈ ਕੈਦੀ ਨਹੀਂ ਹੈ। ਖ਼ੁਦ ਬਾਦਸ਼ਾਹ ਉਸ ਨਾਲ ਗੱਲ ਕਰਨੀ ਚਾਹੁੰਦਾ ਹੈ। ਇਸ ਬੁਲਾਵੇ ਨੂੰ ਉਹ ਕਿਸੇ ਕਿਸਮ ਦੀ ਸ਼ੱਕ ਦੀ ਨਜ਼ਰ ਨਾਲ ਨਾ ਦੇਖੇ ਸਗੋਂ ਇਸਨੂੰ ਮਿਹਰਵਾਨੀ ਭਰਿਆ ਬੁਲਾਵਾ ਸਮਝੇ।

4 ਸਤੰਬਰ ਨੂੰ ਉਹ ਮੈਡਮ ਓਸੀਪੋਵਾ ਨੂੰ ਚਿੱਠੀ ਲਿਖਦਾ ਹੈ :

"ਮੇਰਾ ਖ਼ਿਆਲ ਹੈ ਮੈਡਮ! ਇਕ ਅਫ਼ਸਰ ਨਾਲ ਮੇਰੀ ਅਚਾਨਕ ਰਵਾਨਗੀ ਬਾਰੇ ਸੁਣਕੇ ਤੁਹਾਨੂੰ ਉਸੇ ਤਰ੍ਹਾਂ ਹੈਰਾਨੀ ਹੋਈ ਹੋਵੇਗੀ ਜਿਵੇਂ ਮੈਂ ਅਫ਼ਸਰ ਨੂੰ ਦੇਖਕੇ ਹੋਇਆ ਸੀ। ਅਸਲੀਅਤ ਇਹ ਹੈ ਮੈਡਮ ਕਿ ਆਪਣੇ ਦੇਸ਼ ਵਿਚ ਕਿਸੇ ਅਫ਼ਸਰ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ ਅਤੇ ਇਹ ਅਫ਼ਸਰ ਮੈਨੂੰ ਸੁਰੱਖਿਆ ਖ਼ਾਤਿਰ ਮਿਲਿਆ ਹੈ। ਬੈਰਨ ਡੈਲਵਿਗ ਦੀ ਮਿਹਰਬਾਨੀ ਭਰੀ ਚਿੱਠੀ ਅਨੁਸਾਰ ਮੈਨੂੰ ਇਸ ਗੱਲ ਤੇ ਮਾਣ ਹੈ ਕਿ ਮੈਂ ਸਿੱਧਾ ਮਾਸਕੋ ਜਾ ਰਿਹਾ ਹਾਂ। ਉਥੇ ਸ਼ਾਇਦ ਮੈਂ 8 ਤਾਰੀਖ ਨੂੰ ਪਹੁੰਚਾਂਗਾ। ਜਿੰਨੀ ਛੇਤੀ ਮੈਂ ਆਜ਼ਾਦ ਹੋਇਆ ਓਨੀ ਛੇਤੀ ਮੈਂ ਵਾਪਿਸ ਤੁਹਾਡੇ ਪਰਿਵਾਰ ਕੋਲ ਆਵਾਂਗਾ, ਜਿਸ ਨਾਲ ਮੇਰਾ ਦਿਲ ਹਮੇਸ਼ਾ ਲਈ ਜੁੜ ਗਿਆ ਹੈ।

4 ਸਤੰਬਰ ਨੂੰ ਰਾਤ ਸਮੇਂ ਪੁਸ਼ਕਿਨ ਅਫਸਰ ਵੈਲਫ ਦੀ ਸੁਰੱਖਿਆ ਵਿਚ ਮਾਸਕੋ ਲਈ ਚੱਲ ਪੈਂਦਾ ਹੈ। ਹੁਣ ਉਹ ਪੂਰੇ ਹੌਸਲੇ ਵਿਚ ਹੈ ਅਤੇ ਆਪਣੇ ਸਾਥੀ ਨੂੰ ਠੱਠਾ ਮਖ਼ੌਲ ਕਰਦਾ ਹੈ, ਉਸਨੂੰ ਆਪਣੀਆਂ ਕਵਿਤਾਵਾਂ ਸੁਣਾਉਂਦਾ ਹੈ। ਕੋਚਵਾਨ ਘੋੜਿਆਂ ਨੂੰ ਭਜਾਈ ਜਾ ਰਿਹਾ ਹੈ। ਹਰ ਪੜਾਅ ਉੱਤੇ ਨਵੇਂ ਘੋੜੇ ਇਉਂ ਆ ਜਾਂਦੇ ਹਨ ਜਿਵੇਂ ਜਾਦੂ ਦੀ ਕੋਈ ਖੇਡ ਹੁੰਦੀ ਹੈ। ਛੋਟੇ-ਛੋਟੇ ਪਿੰਡਾਂ ਵਿਚ ਸਰਪਟ ਦੌੜਦੀ ਗੱਡੀ ਸੂਰਾਂ ਅਤੇ ਮੁਰਗਿਆਂ ਨੂੰ ਭਾਜੜਾਂ ਪਾਉਂਦੀ ਲੰਘਦੀ ਜਾਂਦੀ ਹੈ। ਗਲੀਆਂ ਵਿਚ ਖੇਡਦੇ ਬੱਚੇ ਮਿੱਟੀ-ਲਿੱਬੜੇ ਹੱਥ ਹਿਲਾਕੇ ਲੰਘ ਰਹੇ ਮੁਸਾਫਿਰਾਂ ਦਾ ਸਤਿਕਾਰ ਕਰਦੇ ਹਨ। ਪੁਸ਼ਕਿਨ ਰੂਸ ਦੇ ਨਵੇਂ ਸ਼ਹਿਨਸ਼ਾਹ ਨੂੰ ਮਿਲਣ ਲਈ ਬਹੁਤ ਉਤਾਵਲਾ ਹੈ। ਪਸਕੋਵ ਤੋਂ ਮਾਸਕੋ ਦਾ ਸਫਰ ਸਿਰਫ ਪੰਜ ਦਿਨਾਂ ਵਿਚ ਮੁੱਕ ਜਾਂਦਾ ਹੈ। **(ਪੁਸ਼ਕਿਨ ਬਾਰੇ ਲਿਖੇ ਗਏ ਨਾਵਲ 'ਹੁਸਨਪ੍ਰਸਤ' ਦਾ ਇੱਕ ਕਾਂਡ)**

**(60-ਬੀ, ਚਰਕ ਬਾਗ, ਪਟਿਆਲਾ)**



**ਮੁਲਾਂਕਣ**

## ਕੇਸਰ ਸਿੰਘ ਨੀਰ ਦਾ ਕਾਵਿ ਗ੍ਰੰਥ "ਨੈਣਾਂ ਦੇ ਮੋਤੀ"

**- ਸੁਲੱਖਣ ਸਰਹੱਦੀ**

ਕੇਸਰ ਸਿੰਘ ਨੀਰ ਅਤੇ ਪ੍ਰਿੰ. ਤਖਤ ਸਿੰਘ ਇੱਕੋ ਪਿੰਡ ਜਗਰਾਵੀਂ ਪ੍ਰਵਾਨ ਚੜ੍ਹੇ ਸਨ। ਪ੍ਰਿੰ. ਤਖਤ ਸਿੰਘ ਗ਼ਜ਼ਲ ਦਾ ਉਸਤਾਦ ਸ਼ਾਇਰ ਸੀ। ਨੀਰ ਉਸਦਾ ਸ਼ਾਗਿਰਦ ਹੋ ਗਿਆ। ਪਰ ਨੀਰ ਨੇ ਰੂਪਕ ਪੱਖੋਂ ਤਾਂ ਆਪਣੇ ਉਸਤਾਦ ਤੋਂ ਕਲਾਕਾਰੀ ਤੇ ਸ਼ਬਦਾਂ ਦੀ ਵਿਉਂਤਕਾਰੀ ਸਿੱਖੀ ਪਰੰਤੂ ਵਿਸ਼ੇ ਪੱਖੋਂ ਉਸਦੇ ਸਰੋਕਾਰ ਲੋਕਾਂ ਨਾਲ ਸਨ। ਅਧਿਆਪਕਾਂ ਦੇ ਸੰਗਰਾਮੀ ਇਕੱਠਾਂ ਵਿਚ ਖਲੋ ਕੇ ਉਹ ਸੰਗਰਾਮੀ ਗ਼ਜ਼ਲਾਂ ਜਾਂ ਕਵਿਤਾ ਪੜ੍ਹਦਾ। ਉਹ ਅਧਿਆਪਕਾਂ ਦ ਹੱਕਾਂ ਵਾਸਤੇ ਸਦਾ ਜੂਝਦਾ ਰਿਹਾ। ਇਸ ਹੱਕੀ ਯੁੱਧ ਵਿਚ ਉਸਨੂੰ ਕੈਦ ਵੀ ਕੱਟਣੀ ਪਈ। ਹਰਭਜਨ ਸਿੰਘ ਹੁੰਦਲ ਵੀ ਤਦੋਂ ਜੇਲ੍ਹ ਵਿਚ ਸੀ। ਨੀਰ ਦੀ ਕਵਿਤਾ ਉੱਤੇ ਹੁੰਦਲ ਦੀ ਜਨਵਾਦੀ ਲਹਿਰ ਦਾ ਬੜਾ ਅਸਰ ਰਿਹਾ। ਪਰ ਸਮੁੱਚਤਾ ਨਾਲ ਨੀਰ ਨਾ ਤਖਤ ਸਿੰਘ ਵਰਗਾ ਸੀ ਅਤੇ ਨਾ ਹੀ ਹੁੰਦਲ ਵਰਗਾ। ਨੀਰ ਦਾ ਆਪਣਾ ਹੀ ਦਰਿਆਈ ਨੀਰ ਵਰਗਾ ਰੰਗ ਹੈ।

ਪੰਜਾਬ ਵਿਚ ਚੋਣਵੇਂ ਗ਼ਜ਼ਲਕਾਰਾਂ ਵਿਚ ਉਸ ਨੇ ਖ਼ੁਦ ਨੂੰ ਸ਼ੁਮਾਰ ਕਰਵਾਇਆ। ਲੋਕ ਹੱਕਾਂ ਦੀ ਸੋਝੀ ਅਧਿਆਪਕਾਂ ਦੇ ਸੰਗਰਾਮਾਂ ਤੋਂ ਲਈ। ਪ੍ਰਗਤੀਵਾਦੀ ਰੰਗ ਪੱਕਾ ਕੀਤਾ। ਇਸ ਪ੍ਰਗਤੀਵਾਦ ਦੇ ਰੰਗ ਉੱਤੇ ਉਸਨੇ ਰੁਮਾਨੀ ਬੂਟੀਆਂ ਪਾਈਆਂ। ਤੇ ਫਿਰ ਉਹ ਕੈਨੇਡਾ ਜਾ ਵਸਿਆ। ਪਰ ਉਸਦੇ ਲਹੂ ਵਿਚ ਕਵਿਤਾ ਅਤੇ ਪੰਜਾਬ ਇਸ ਤਰ੍ਹਾਂ ਘੁਲ-ਮਿਲ ਚੁੱਕਾ ਸੀ ਕਿ ਉਹ ਕੈਨੇਡਾ ਵਿਚ ਵੱਸ ਕੇ ਵੀ ਪੰਜਾਬੀ ਹੈ। ਪਿਛਲੇ ਸਾਲ ਉਸਨੂੰ ਪ੍ਰਿੰ. ਤਖਤ ਸਿੰਘ ਗ਼ਜ਼ਲ ਪੁਰਸਕਾਰ ਨਾਲ ਨਿਵਾਜਿਆ ਗਿਆ। ਏਥੇ ਹੀ ਉਸਨੇ ਆਪਣੀ ਵੱਡ-ਆਕਾਰੀ ਕਾਵਿ-ਪੁਸਤਕ "ਨੈਣਾਂ ਦੇ ਮੋਤੀ" ਰਿਲੀਜ਼ ਕੀਤੀ। 336 ਸਫ਼ਿਆਂ ਵਿਚ ਫੈਲੀ ਇਸ ਪੁਸਤਕ ਵਿਚ ਨੀਰ ਦੀਆਂ ਚਾਰ ਕਾਵਿ ਪੁਸਤਕਾਂ 'ਕਸਕਾਂ', 'ਗ਼ਮ ਨਹੀਂ', 'ਕਿਰਨਾਂ ਦੇ ਬੋਲ' ਅਤੇ 'ਅਣਵਗੇ ਅੱਥਰੂ' ਇਕ ਹੀ ਜਿਲਦ ਵਿਚ ਸੁਭਾਇਮਾਨ ਹਨ।

1960 ਵਿਚ ਉਸਦੇ ਪਹਿਲੇ ਛਪੇ ਕਾਵਿ ਸੰਗ੍ਰਹਿ ਨੇ ਹੀ ਨੀਰ ਨੂੰ ਪੰਜਾਬੀ ਕਵਿਤਾ ਦੇ ਖੇਤਰ ਵਿਚ ਸਥਾਪਤ ਅਤੇ ਪ੍ਰਗਤੀਵਾਦੀ ਕਵੀ ਸਾਬਤ ਕਰ ਦਿੱਤਾ। ਨੀਰ ਦੀਆਂ ਕਵਿਤਾਵਾਂ ਲੋਕ-ਚੇਤਨਾ ਨੂੰ ਜਗਾਉਣ ਵਾਲੀਆਂ ਅਤੇ ਪ੍ਰਗਤੀਸ਼ੀਲ ਕਦਰਾਂ ਕੀਮਤਾਂ ਦੀ ਮੁੜ ਬਹਾਲੀ ਵਾਸਤੇ ਰਾਹਬਰ ਹਨ। ਉਹ ਪੰਜਾਬ ਦੀ ਕਿਸਾਨੀ ਦੀ ਹੋਣੀ ਨੂੰ ਭਾਂਪਦਾ ਹੈ। ਇਸ ਤਰ੍ਹਾਂ ਨੀਰ ਦੀ ਕਵਿਤਾ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਹੈ। ਨੀਰ ਇਕ ਹੱਸਾਸ ਕਵੀ ਹੈ ਉਹ ਸ਼ਿੱਦਤ ਨਾਲ ਅਤੇ ਸੁਹਿਰਦਤਾ ਨਾਲ ਆਪਣੀ ਸਿਰਜਣਾਤਮਿਕ ਪ੍ਰਤਿਭਾ ਦੀ ਵਿਕਾਸ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ ਤੇ ਉਸਦੀ ਸਮੁੱਚੀ ਕਾਵਿ ਸਿਰਜਣਾ ਜ਼ਿੰਦਗੀ ਦੀ ਮਾਨਵੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ।

ਕੇਸਰ ਸਿੰਘ ਨੀਰ ਦੀ ਅਗਲੀ ਪ੍ਰਸਿੱਧ ਕਾਵਿ ਪੁਸਤਕ 'ਗ਼ਮ ਨਹੀਂ' ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਤੱਕ ਨੀਰ ਪੰਜਾਬੀ ਪਾਠਕਾਂ ਦਾ ਚਹੇਤਾ ਕਵੀ ਤੇ ਗ਼ਜ਼ਲਕਾਰ ਬਣ ਚੁੱਕਾ ਸੀ। 'ਗ਼ਮ ਨਹੀਂ' ਵਿਚ ਨੀਰ ਨੇ 1964 ਤੋਂ 1978 ਤੱਕ ਦੀਆਂ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਮਿਤੀਵਾਰ ਸ਼ਾਮਿਲ ਕੀਤੀਆਂ ਹਨ। ਇਸ ਪੁਸਤਕ ਵਿਚ ਉਸਦੀ ਕਾਵਿ ਪ੍ਰਤਿਭਾ ਪੂਰੀ ਤਰ੍ਹਾਂ ਵਿਕਾਸ ਕਰ ਚੁੱਕੀ ਸੀ ਅਤੇ ਉਸਨੇ ਆਪਣੀਆਂ ਬਿਹਤਰੀਨ ਰਚਨਾਵਾਂ ਦੀ ਸਿਰਜਣਾ ਕੀਤੀ। ਇਸ ਸੰਗ੍ਰਹਿ ਦਾ ਮੁੱਖ ਬੰਦ ਗ਼ਜ਼ਲ ਚਿੰਤਕ ਡਾ. ਰਣਧੀਰ ਸਿੰਘ ਚੰਦ ਨੇ ਲਿਖਿਆ – "ਕੇਸਰ ਸਿੰਘ ਨੀਰ ਅਜਾਇਬ ਚਿੱਤਰਕਾਰ, ਜਗਤਾਰ, ਹਰਭਜਨ ਹਲਵਾਰਵੀ ਅਤੇ ਹਰਭਜਨ ਸਿੰਘ ਹੁੰਦਲ ਵਾਂਗ ਅਗਾਂਹਵਧੂ ਵਿਚਾਰਧਾਰਾ ਦਾ ਸ਼ਾਇਰ ਹੈ।"

ਨਿਸ਼ਚੇ ਹੀ ਨੀਰ ਦੀ ਕਵਿਤਾ ਇਸ ਮੁਕਾਮ ਉੱਤੇ ਆ ਕੇ ਸੰਜੀਦਾ ਪ੍ਰਗਤੀਵਾਦ ਦਾ ਰੰਗ ਪੈਦਾ ਕਰਦੀ ਹੈ ਅਤੇ ਪੇਤਲਾਪਨ ਝਾੜ ਦਿੰਦੀ ਹੈ। ਉਹ ਆਪਣੇ ਸੰਗਰਾਮੀ ਵਿਰਸੇ ਅਤੇ ਜੇਲ੍ਹ ਯਾਤਰਾਵਾਂ ਨੂੰ ਕਾਵਿਕ ਮੁਹਾਵਰੇ ਵਿਚ ਢਾਲਣ ਦੇ ਸਮਰੱਥ ਹੋ ਗਿਆ। ਉਸਨੇ ਜੇਲ੍ਹ ਵਿਚ ਹੀ ਇਹ ਅਮਰ ਸ਼ਿਅਰ ਕਹਿ ਕੇ ਸਹਿਜ ਨਾਲ ਜੇਲ੍ਹ ਦੀ ਰੱਦਤਾ ਅਤੇ ਆਜ਼ਾਦੀ ਪ੍ਰਤੀ ਸਿੱਕ ਦਾ ਮੁਜ਼ਾਹਿਰਾ ਕੀਤਾ ਹੈ –

ਚਮਕਦਾ ਵੇਖਿਆ ਹੈ ਜੇਲ੍ਹ ਵਿਚ ਵੀ ਉਂਞ ਤਾਂ ਸੂਰਜ,
ਹਰੇ ਖੇਤਾਂ 'ਚ ਸੂਰਜ ਦੇ ਨਜ਼ਾਰੇ ਹੋਰ ਹੁੰਦੇ ਨੇ।

ਕਵੀ ਨੀਰ ਨੂੰ ਇਸ ਪੁਸਤਕ ਤੱਕ ਵਿਰੋਧ ਵਿਕਾਸ ਦੇ ਫਲਸਫੇ ਦੀ ਸਮਝ ਸੀ। ਇਸੇ ਲਈ ਉਹ ਕਹਿੰਦਾ ਹੈ –

ਹਵਾਏ ਨੀ! ਭਲਾ ਤੂੰ ਮਾਣ ਕਾਹਦਾ ਕਰ ਰਹੀ ਐਨਾ,
ਵਗੇਂਗੀ ਤੇਜ਼ ਜਿਉਂ ਜਿਉਂ ਹੋਰ ਉੱਚੇ ਅੱਪੜ ਜਾਵਾਂਗੇ।

ਹਥਲੇ ਕਾਵਿ ਸੰਗ੍ਰਹਿ ਨੇ ਕਵੀ/ ਗ਼ਜ਼ਲਕਾਰ ਨੀਰ ਨੂੰ ਇੱਕ ਯਥਾਰਥਵਾਦੀ ਪਛਾਣ ਵਾਲਾ ਪੇਸ਼ ਕੀਤਾ ਹੈ। ਉਹ ਸਥਿਤੀ ਦੀ ਸਹੀ ਪਛਾਣ ਕਰਕੇ ਹੱਕ ਸੱਚ ਦਾ ਨਾਅਰਾ ਕਵਿਤਾ ਵਿਚ ਢਾਲਦਾ ਹੈ। ਉਸਦੀਆਂ ਗ਼ਜ਼ਲਾਂ ਵਿਚ ਸਵੈ ਰੁਦਨ ਨਹੀਂ ਸਗੋਂ ਅਗਾਂਹਵਧੂ ਵਿਚਾਰਾਂ ਦੀ ਅਭਿਵਿਅਕਤੀ ਹੈ ਜੋ ਉਸਨੂੰ ਸਮਰੱਥਾਵਾਨ ਸ਼ਾਇਰ ਵਜੋਂ ਸਥਾਪਿਤ ਕਰਦੀ ਹੈ।

ਨੀਰ ਫੁੱਲਾਂ ਅਤੇ ਸੂਲੀਆਂ ਦੇ ਪ੍ਰਤੀਕਾਂ ਨੂੰ ਇਕ ਹੀ ਸ਼ਿਅਰ ਵਿਚ ਕਿਵੇਂ ਇਕੱਠੇ ਵਰਤਦਾ ਹੈ। ਇਹ ਵੇਖਣਯੋਗ ਹੈ –

ਅਸੀਂ ਮੁਰਝਾ ਰਹੇ ਫੁੱਲਾਂ ਨੂੰ ਇਉਂ ਖਿੜਨਾ ਸਿਖਾਵਾਂਗੇ,
ਕਿ ਸੂਲੀ 'ਤੇ ਵੀ ਖਿੜਕੇ ਸਿਦਕ ਦੀ ਖ਼ੁਸ਼ਬੂ ਖਿੰਡਾਵਾਂਗੇ।

ਉਹ ਹਰ ਹਾਲ ਵਿਚ ਸੁਪਨਿਆਂ ਨੂੰ ਟੁੱਟਣੋਂ ਬਚਾ ਕੇ ਰੱਖਣ ਦੇ ਆਹਰ ਵਿਚ ਹੈ –



ਰਹੇਗਾ ਇਸ਼ਕ ਸਾਡਾ ਪੈਲ ਪਾਉਂਦਾ ਸੂਲੀਆਂ ਉੱਤੇ,
ਘਰੇ ਆਈ ਮੁਸੀਬਤ ਨੂੰ ਵੀ ਸੀਨੇ ਨਾਲ ਲਾਵਾਂਗੇ।

ਉਸਦਾ ਸੰਗਰਾਮੀ ਚਾਅ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ –

ਸੱਚ ਦੇ ਆਸ਼ਿਕ ਆਪਣੇ ਰਾਹੋਂ ਜ਼ੁਲਮ ਦੇਖ ਨਾ ਪਰਤੇ,
ਭਾਵੇਂ ਰਾਹੀਂ ਥਾਂ ਥਾਂ ਉੱਤੇ ਛਾਂ ਕੀਤੀ ਤਲਵਾਰਾਂ।

ਸਾਡਾ ਕਵੀ ਨੀਰ ਸਮਝਦਾ ਹੈ ਕਿ ਉਹ ਭਾਵੇਂ ਤਰਕ ਬਿਬੇਕ ਹੋਵੇ ਭਾਵੇਂ ਸੱਚ ਹੋਵੇ ਤੇ ਭਾਵੇਂ ਅਜੋਕਾ ਉੱਘਾ ਦਰਸਨ, ਜੇਕਰ ਉਹ ਅਕੀਦੇ ਵਜੋਂ ਤੇ ਧਾਰਮਿਕ ਸਥਿਤੀ ਵਿਚ 'ਰਹਾਉ' ਵਜੋਂ ਸਥਿਰ ਹੋ ਜਾਂਦੇ ਹਨ ਤਾਂ ਕਾਫਿਰ ਹੋ ਨਿੱਬੜਦੇ ਹਨ –

ਵਗਦੀ 'ਵਾ ਨੇ ਰਮਜ਼ ਇਹੋ ਸਮਝਾਈ ਏ,
ਹੋਂਦ ਦਮਾਂ ਦੀ ਹਰਕਤ ਕੀ ਹੀ ਜਾਈ ਏ।

ਕੇਸਰ ਸਿੰਘ ਨੀਰ ਦੀ ਨਿਰੋਲ ਗ਼ਜ਼ਲਾਂ ਦੀ ਪੁਸਤਕ 'ਕਿਰਨਾਂ ਦੇ ਬੋਲ' 1988 ਵਿਚ ਛਪੀ। ਇਸ ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਮਾਰਕਸੀ ਚਿੰਤਕ ਡਾ. ਰਘਬੀਰ ਸਿੰਘ ਸਿਰਜਣਾ ਨੇ ਲਿਖਦਿਆਂ ਕਿਹਾ ਹੈ ਕਿ ਨੀਰ ਨੇ ਆਪਣੀ ਕਾਵਿ ਯਾਤਰਾ ਭਾਵੇਂ ਰਵਾਇਤੀ ਸ਼ਾਇਰੀ ਤੋਂ ਆਰੰਭ ਕੀਤੀ ਸੀ ਤੇ ਪਹਿਲੇ ਪੜਾਅ ਵਿਚ ਉਹ ਸਿਰਜਣਾਤਮਕ ਚਮਤਕਾਰ ਨਹੀਂ ਸੀ ਜੋ ਹਥਲੀ ਪੁਸਤਕ ਨਾਲ ਉਜਾਗਰ ਹੋਇਆ ਹੈ। ਸਹਿਜ ਕਾਵਿ ਪੰਧ ਨਾਲ ਕਵੀ/ਗ਼ਜ਼ਲਕਾਰ ਨੀਰ ਨੇ ਬੜਾ ਕੁਝ ਨਵਾਂ, ਵਿਲੱਖਣ ਅਤੇ ਸਾਰਥਿਕ ਗ੍ਰਹਿਣ ਕੀਤਾ ਹੈ। ਉਸਨੇ ਰੁਮਾਂਸਵਾਦੀ ਤੇ ਆਦਰਸ਼ਵਾਦੀ ਸ਼ਾਇਰੀ ਦਾ ਮੋਹ ਤੱਜ ਕੇ ਵਾਸਤਵਿਕ ਜੀਵਨ ਦੀਆਂ ਬਹੁ-ਪਰਤੀ ਸਮੱਸਿਆਵਾਂ ਨੂੰ ਮੌਲਿਕ ਅੰਦਾਜ਼ ਵਿਚ ਪੇਸ਼ ਕੀਤਾ ਹੈ।

ਕੇਸਰ ਸਿੰਘ ਨੀਰ ਸੁਚੇਤ ਤੌਰ ਉੱਤੇ ਲੋਕਾਂ ਪ੍ਰਤੀ ਪ੍ਰਤੀਬੱਧ ਸ਼ਾਇਰ ਹੈ। ਉਸਨੇ ਬੇਬਾਕੀ, ਦਲੇਰੀ ਅਤੇ ਕਾਵਿ ਕਲਾ ਵਿਚ ਸਮਕਾਲ ਦੇ ਭੱਖਦੇ ਮਸਲਿਆਂ ਨੂੰ ਆਪਣੇ ਸ਼ਿਅਰਾਂ ਵਿਚ ਵਿਅਕਤ ਕੀਤਾ ਹੈ। ਨੀਰ ਨੇ ਲੋਕ ਸੰਘਰਸ਼ਾਂ ਵਿਚੋਂ ਰਾਜਨੀਤਿਕ ਸੱਚ ਲੱਭਿਆ ਹੈ। ਨੀਰ ਨੇ ਸੰਵੇਦਕ ਲਹਿਜੇ ਵਿਚ ਸਥਿਤੀ ਦੇ ਵਿਗਾੜਾਂ ਨੂੰ ਆਪਣੇ ਤਨ ਉੱਤੇ ਹੰਢਾਇਆ ਹੈ। ਲੋਕ ਦਰਦ ਨੂੰ ਹੰਢਾਉਣ ਦੇ ਨਾਲ ਸ਼ਾਇਰ ਨੀਰ ਨੇ ਸਮਕਾਲੀ ਤਰਾਸਦੀ ਦੇ ਵੱਖ-ਵੱਖ ਪਾਸਾਰਾਂ ਨੂੰ ਖੋਜਣ, ਇਸ ਪ੍ਰਤੀ ਜ਼ਿੰਮੇਵਾਰ ਧਿਰਾਂ ਨੂੰ ਨੰਗਾ ਕਰਨ ਤੇ ਉਹਨਾਂ ਦੀ ਆਲੋਚਨਾ ਕਰਨ ਵਿਚ ਵੱਡੀ ਦਲੇਰੀ ਕੀਤੀ ਹੈ। 'ਕਿਰਨਾਂ ਦੇ ਬੋਲ' ਗ਼ਜ਼ਲ ਸੰਗ੍ਰਹਿ ਦੀਆਂ ਸਮੁੱਚੀਆਂ ਗ਼ਜ਼ਲਾਂ ਦਾ ਰੰਗ ਰਵਾਇਤ ਤੋਂ ਹੱਟ ਕੇ ਨਰੋਈਆਂ ਕਦਰਾਂ ਕੀਮਤਾਂ ਵਾਲਾ ਹੈ।

ਇਸ ਪੁਸਤਕ ਵਿਚ ਪੰਜਾਬ ਦੇ ਅੱਤਵਾਦ ਨੂੰ ਬਹੁਦਿਸ਼ਾਵਾਂ ਤੋਂ ਸ਼ਿਅਰਾਂ ਵਿਚ ਵਿਅਕਤ ਕੀਤਾ ਗਿਆ ਹੈ। ਹਿੰਦੂ ਸਿੱਖ ਜੋ ਕਦੇ ਆਪਸ ਵਿਚ ਵੀਰਾਂ ਵਾਂਗ ਸਨ, ਅੱਜ ਤਲਵਾਰਾਂ ਵਾਂਗ ਹਨ।

ਉਹ ਵੀ ਦਿਨ ਸਨ ਦੋਵੇਂ ਗੂੜ੍ਹੇ ਮਿੱਤਰ ਸਨ,
ਇਹ ਦਿਨ ਹਨ ਭਿੜਦੇ ਨੇ ਤਲਵਾਰਾਂ ਵਾਂਗ।

ਜਿਸ ਭੈੜੇ ਨੇ ਸੁਆਰਥ ਖ਼ਾਤਿਰ ਨਫ਼ਰਤ ਦੇ ਬੀ ਬੀਜੇ,
ਉਸਨੂੰ ਸੌ ਫਿਟਕਾਰਾਂ ਪਾਈਏ ਰਹੀਏ ਵਾਂਗ ਭਰਾਵਾਂ।

'ਨੈਣਾਂ ਦੇ ਮੋਤੀ' ਕਾਵਿ ਗ੍ਰੰਥ ਵਿਚ ਨੀਰ ਦੀ ਚੌਥੀ ਗ਼ਜ਼ਲ ਪੁਸਤਕ 'ਅਣਵਗੇ ਅੱਥਰੂ' ਹੈ। ਇਸ ਤਰ੍ਹਾਂ ਇਹ ਉਸਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਉਸਦੀ ਲੋਕ ਪੱਖੀ ਚੇਤਨਾ ਹੋਰ ਪਕੇਰੀ ਹੋਈ ਹੈ ਅਤੇ ਉਹ ਸ਼ਿੱਦਤ ਨਾਲ ਲੋਕ ਪੱਖ ਵਿਚ ਖਲੋਤਾ ਪ੍ਰਤੀਤ ਹੁੰਦਾ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਉਹਦਾ ਆਪਣਾ ਦਰਦ ਲੋਕ-ਦਰਦ ਵਿਚ ਘੁਲ ਗਿਆ ਹੈ। ਉਹਦੀ ਸੋਚ ਹੋਰ ਪ੍ਰਪੱਕ ਹੋਈ ਹੈ ਕਿ ਜ਼ਿੰਦਗੀ ਬਜ਼ਾਤੇ ਖ਼ੁਦ ਇਕ ਸੰਘਰਸ਼ ਹੈ ਅਤੇ ਜੂਝਣ ਨਾਲ ਹੀ ਇਹ ਜ਼ਿੰਦਗੀ ਕਾਲੇ ਸੰਗਲਾਂ ਤੋਂ ਆਜ਼ਾਦ ਹੋਈ ਹੈ ਅਤੇ ਰਹਿੰਦੇ ਸੰਗਲ ਵੀ ਜੂਝਣ ਨਾਲ ਹੀ ਕੱਟੇ ਜਾਣਗੇ।

ਕੇਸਰ ਸਿੰਘ ਨੀਰ ਦੀਆਂ ਗ਼ਜ਼ਲਾਂ ਨਿੱਕੀਆਂ ਮੋਟੀਆਂ ਉਕਾਈਆਂ ਤੋਂ ਬਿਨਾਂ ਰੂਪਕ ਪੱਖੋਂ ਦਰੁੱਸਤ ਹਨ। ਉਸਨੇ ਅਰੂਜ਼ ਤੇ ਬਹਿਰ ਵੀ ਸਫਲਤਾ ਨਾਲ ਵਰਤੇ ਹਨ ਅਤੇ ਪਿੰਗਲ ਦੇ ਵੀ। ਨੀਰ ਨੇ ਫੇਲੁਨੀ ਤੱਤ ਜਜ਼ ਦੇ ਛੰਦ ਬਹਿਰ ਵੀ ਬਾਖ਼ੂਬੀ ਨਿਭਾਏ ਹਨ। "ਨੈਣਾਂ ਦੇ ਮੋਤੀ" ਕਾਵਿ ਪੁਸਤਕ ਬਿਨਾਂ ਕਿਸੇ ਸ਼ੱਕ ਅਤੇ ਸ਼ੰਕੇ ਦੇ ਕੇਸਰ ਸਿੰਘ ਨੀਰ ਨੂੰ ਪੰਜਾਬੀ ਦੇ ਸਫ਼ਲ ਗ਼ਜ਼ਲਕਾਰਾਂ ਵਿਚ ਪੱਕੇ ਪੈਰੀਂ ਕਰਦੀ ਹੈ।


ਹਰਭਜਨ ਸਿੰਘ ਹੁੰਦਲ ਦੀਆਂ 2009 ਵਿਚ ਛਪ ਰਹੀਆਂ ਦੋ ਨਵੀਆਂ ਪੁਸਤਕਾਂ

**ਅੰਮ੍ਰਿਤਾ ਸ਼ੇਰਗਿੱਲ ਦੀ ਜੀਵਨੀ**

ਲਿਖਤ ਐਨ. ਇਕਬਾਲ ਸਿੰਘ ਦਾ ਪੰਜਾਬੀ ਅਨੁਵਾਦ

ਪੰਨੇ 300, ਮੁੱਲ 350/-

**ਪੰਜ ਵਿਸ਼ਵ ਕਵੀ**

(ਜਿਸ ਵਿਚ ਰੂਸੀ ਕਵੀ ਸਰਗੋਈ ਯੈਸੇਨਿਨ, ਫਲਿਸਤੀਨੀ ਕਵੀ ਮੁਈਨ ਬਸੀਸੋ, ਜਲਾਵਤਨ ਇਰਾਕੀ ਕਵੀ ਸਾਅਦੀ ਯੂਸਫ਼, ਯੂਨਾਨ ਦੇ ਮਹਾਨ ਕਵੀ ਯਾਨੀਸ ਰਿਤਸੋਸ ਅਤੇ ਲੈਬਨਾਨ ਦੇ ਪ੍ਰਸਿੱਧ ਕਵੀ ਐਡੋਨੀਸ ਦੀਆਂ ਚੋਣਵੀਆਂ ਕਵਿਤਾਵਾਂ ਦੇ ਪੰਜਾਬੀ ਅਨੁਵਾਦ ਪੇਸ਼ ਹਨ)

ਪੰਨੇ 200, ਮੁੱਲ 250/-

**ਮਨਪ੍ਰੀਤ ਪ੍ਰਕਾਸ਼ਨ**

16/16, ਗੀਤਾ ਕਾਲੋਨੀ ਦਿੱਲੀ-31

ਫੋਨ 93122-71252






# ਪੂੰਜੀਵਾਦੀ ਪ੍ਰਬੰਧ ਦੀ ਅਸਥਿਰਤਾ

- ਜੌਹਨ ਬਿਲੈਮੀ ਫੋਸਟਰ

ਪੰਜਾਬੀ ਅਨੁਵਾਦ - ਸੂਫ਼ੀ ਅਮਰਜੀਤ

(ਨਿਊਯਾਰਕ ਤੋਂ ਛਪਣ ਵਾਲੇ ਸੰਸਾਰ ਪ੍ਰਸਿੱਧ ਅੰਗੇਰਜ਼ੀ ਮਾਸਕ 'ਮੰਥਲੀ ਰੀਵਿਓ' ਦੇ ਮਾਰਚ 2009 ਦੇ ਅੰਕ ਵਿਚ ਜੌਹਨ ਬਿਲੈਮੀ ਫੋਸਟਰ ਦਾ ਇਕ ਲੇਖ 'ਪੂੰਜੀਵਾਦੀ ਵਿਸ਼ਵੀਕਰਨ ਦਾ ਸੰਸਾਰ ਸੰਕਟ ਅਤੇ ਇਸਦੇ ਚੀਨ ਉੱਪਰ ਪ੍ਰਭਾਵ ਦੇ ਸਿਰਲੇਖ ਹੇਠ ਛਪਿਆ ਹੈ। ਇਹ ਜਨਵਰੀ 2009 ਨੂੰ ਲੋਕ ਚੀਨ ਦੀ ਸੂਜੋਹਊ ਯੂਨੀਵਰਸਿਟੀ ਸੂਜੋਹਊ ਵਿਚ ਇਕ ਅੰਤਰਰਾਸ਼ਟਰੀ ਕਾਨਫਰੰਸ ਵਿਚ "ਵਿਸ਼ਵੀਕਰਨ ਦੇ ਯੁੱਗ ਵਿਚ ਪੂੰਜੀ ਦਾ ਵਿਸ਼ਲੇਸ਼ਣ" ਦੇ ਸਿਰਲੇਖ ਹੇਠ ਪੜ੍ਹਿਆ ਗਿਆ ਸੀ। ਇਸ ਲੇਖ ਦੇ ਤਿੰਨ ਉਪ ਸਿਰਲੇਖ ਹਨ। ਮਹਾਨ ਵਿੱਤੀ ਸੰਕਟ ਅਤੇ ਖੜੋਤ/ਮੰਦਵਾੜਾ, ਵਾਤਾਵਰਨ ਨੂੰ ਪੈਦਾ ਹੋ ਰਹੇ ਖ਼ਤਰੇ ਤੋਂ ਸਾਡੀ ਧਰਤੀ ਉੱਪਰ ਹੋਂਦ ਨੂੰ ਖ਼ਤਰਾ ਅਤੇ ਸਾਮਰਾਜ ਦੀ ਵਿਸ਼ਵੀ-ਅਸਥਿਰਤਾ। ਇਥੇ ਅਸੀਂ ਕੇਵਲ ਤੀਜੇ ਉਪ ਲੇਖ ਦਾ ਅਨੁਵਾਦ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਵਿਚ ਹੀ ਸੰਖੇਪ ਰੂਪ ਵਿਚ ਪਹਿਲੇ ਦੋਵਾਂ ਉਪ ਸਿਰਲੇਖਾਂ ਦਾ ਤੱਤ ਸਾਰ ਵੀ ਸ਼ਾਮਿਲ ਹੈ। ਅਸੀਂ ਆਸ ਕਰਦੇ ਹਾਂ ਕਿ ਪਾਠਕਾਂ ਲਈ ਇਹ ਲੇਖ ਦਿਲਚਸਪੀ ਵਾਲਾ ਅਤੇ ਆਧੁਨਿਕ ਵਿਸ਼ਵੀ ਆਰਥਿਕ ਸੰਕਟ ਦੀ ਗੰਭੀਰਤਾ ਨੂੰ ਸਮਝਣ ਵਿਚ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ਾਂ ਦੇ ਅਮਲ ਦੇ ਅਹਿਸਾਸ ਨੂੰ ਜਗਾਵੇਗਾ।) (ਸੂਫ਼ੀ ਅਮਰਜੀਤ)

ਪਹਿਲਾਂ ਜੋ ਵਿਚਾਰਿਆ ਗਿਆ ਹੈ ਉਸਨੂੰ ਪੂੰਜੀਵਾਦੀ ਸੰਸਾਰ ਸਿਸਟਮ ਦੇ ਪੱਖੋਂ ਵੇਖਿਆ ਜਾ ਸਕਦਾ ਹੈ। 15ਵੀਂ-16ਵੀਂ ਸਦੀ ਵਿਚ ਪੂੰਜੀਵਾਦ, ਯੂਰਪ ਦੀ ਛੋਟੀ ਜਿਹੀ ਇੱਕ ਨੁੱਕਰ ਵਿਚੋਂ ਉੱਠ ਕੇ ਸਾਰੇ ਸੰਸਾਰ ਉੱਪਰ ਪਸਰ ਗਿਆ ਹੈ ਅਤੇ ਇਹ ਆਪਣੀ ਹੋਂਦ ਦੇ ਆਰੰਭ ਤੋਂ ਹੀ ਵਿਸ਼ਵ-ਆਰਥਿਕਤਾ ਦੇ ਰੂਪ ਵਿਚ ਹੈ। ਪ੍ਰੰਤੂ ਇਸ ਵਿਸ਼ਵੀਕਰਨ ਨੇ ਆਪਣੇ ਆਰੰਭ ਵਿਚ ਹੀ, ਆਪਣੇ ਕੇਂਦਰ ਅਤੇ ਚੌਗਿਰਦੇ ਦੇ ਦੇਸ਼ਾਂ ਵਿਚਕਾਰ ਵੰਡਾਂ ਖੜ੍ਹੀਆਂ ਕਰ ਦਿੱਤੀਆਂ ਸਨ। ਇਸ ਤਰ੍ਹਾਂ ਇਸ ਦਾ ਖਾਸਾ ਸਾਮਰਾਜੀ ਸੀ। ਇਸ ਸਿਸਟਮ ਨੇ ਆਪਣੇ ਕੇਂਦਰ ਲਈ ਆਪਣੀ ਇਕੱਤਰੀਕਰਨ ਦੀ ਲੋੜ ਦੀ ਪੂਰਤੀ ਦਾ ਆਪਣਾ ਪਹਿਲਾਂ ਕਦਮ ਪੁੱਟਿਆ ਜਾਂ ਇਉਂ ਕਹਿ ਲਵੋ ਕਿ ਇਹੋ ਇਸਦੀ ਮੁੱਢਲੀ ਵਿਸ਼ਵੀ-ਵਿਰਾਸਤ ਦਾ ਸਿਖ਼ਰ ਸੀ। ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਗਿਆ, ਹੋਰ-ਹੋਰ ਦੇਸ਼, ਵਿਸ਼ਵੀ ਪੂੰਜੀਵਾਦੀ ਆਰਥਿਕਤਾ ਵਿਚ ਜੁੜਦੇ ਗਏ। ਇਸ ਤਰ੍ਹਾਂ ਵਿਸ਼ਵੀਕਰਨ, ਪੂੰਜੀ ਦੀ ਪ੍ਰਭੂਸੱਤਾ ਦੇ ਸੰਦਰਭ ਵਿਚ, ਇਸਦਾ ਵਿਸਥਾਰ ਹੋ ਗਿਆ, ਹੁਣ ਇਹ ਲਗਭਗ ਇਕ ਮੁਕੰਮਲ ਪ੍ਰਬੰਧ ਬਣ ਗਿਆ ਹੈ। ਹੁਣੇ ਜਿਹੇ ਲੰਘੇ ਦੋ ਕੁ ਦਹਾਕਿਆਂ ਵਿਚ ਇਕ ਬਹੁਤ ਹੀ ਨਾਟਕੀ ਘਟਨਾ ਨਾਲ ਲੋਕ ਚੀਨ ਤੇਜ਼ੀ ਨਾਲ ਵਿਸ਼ਵ-ਆਰਥਿਕਤਾ ਵਿਚ ਆਣ ਸ਼ਾਮਿਲ ਹੋ ਗਿਆ। (ਸੋਵੀਅਤ ਬਲਾਕ ਦੇ ਵਿਗਠਣ ਪਿੱਛੋਂ, ਉਸ ਉਪਰ ਨਿਰਭਰ ਦੇਸ਼ਾਂ ਵਿਚੋਂ ਬਹੁਤੇ ਪੱਛਮੀ ਪੂੰਜੀਵਾਦ ਵਿਚ ਸ਼ਾਮਿਲ ਹੋ ਗਏ।

ਹਾਲੇ, ਇੰਨੇ ਨਾਲ ਹੀ ਵਿਸ਼ਵੀਕਰਨ ਨੂੰ, ਇਸਦੇ ਵਿਕਾਸ ਦੀ ਸ਼ਕਤੀਸ਼ਾਲੀ ਪੱਧਰ ਉੱਤੇ ਪੁੱਜ ਕੇ, ਪੂੰਜੀ ਦੇ ਇਕੱਤਰੀਕਰਨ ਦੇ ਰੂਪ ਨੂੰ ਸਮਝਣਾ ਸੌਖਾ ਨਹੀਂ ਹੈ। ਇਸਨੂੰ ਮਾਰਕਸਵਾਦੀ ਅਰਥ-ਸ਼ਾਸਤਰੀ, ਮਰਹੂਮ ਮਾਲ ਸ਼ਵੀਜੀ ਨੇ ਬੜੇ ਵਧੀਆ ਢੰਗ ਨਾਲ ਦਰਸਾਇਆ ਸੀ। ਇਸ ਦੀ ਧੀਮੀ ਗਤੀ ਵਾਲੇ ਵਿਕਾਸ ਤੇ ਤਿੰਨ ਤੱਤ (ਇਸਦੇ ਕੇਂਦਰ ਵਿਚ ਅਤੇ ਸਮੁੱਚੀ ਵਿਸ਼ਵ ਆਰਥਿਕਤਾ), ਬਹੁਕੌਮੀ ਕਾਰਪੋਰੇਸ਼ਨਾਂ ਦੁਆਰਾ ਇਜ਼ਾਰੇਦਾਰਾਨਾ ਅਤੇ ਇਸਦਾ ਵਿੱਤੀਕਰਨ। ਵਿਸ਼ਵੀਕਰਨ ਦੀ ਲਗਾਤਾਰਤਾ ਲਈ, ਇਸਦਾ ਵਿੱਤੀਕਰਨ ਨਾਲ ਜੁੜਨਾ, ਜਿਵੇਂ ਕਿ ਇਸਦੇ ਵਿਚਾਰਧਾਰਕ ਪ੍ਰਚਾਰਕਾਂ ਵਲੋਂ ਭੁਲੇਖਾ ਪਾਇਆ ਜਾਂਦਾ ਹੈ ਕਿ 'ਸੰਸਾਰ ਤਾਂ ਪੱਧਰ ਹੈ' (ਭਾਵ ਇਸ ਵਿਚ ਵਾਧ-ਘਾਟ ਜਾਂ ਉੱਚਾ-ਨੀਵਾਂ ਨਹੀਂ ਹੈ) ਫਿਰ ਵੀ ਪੂੰਜੀਵਾਦ ਇਕ ਵਿਸ਼ਵ ਪ੍ਰਬੰਧ ਦੇ ਰੂਪ ਵਿਚ ਹੁੰਦਾ ਹੋਇਆ, ਵੱਖੋ-ਵੱਖ ਕੌਮੀ ਰਾਜਾਂ ਵਿਚ, ਆਪੋ-ਆਪਣੇ ਸ਼ਕਤੀ ਸਾਧਨਾਂ ਉੱਤੇ ਨਿਰਭਰ ਹੋ ਕੇ ਵੰਡਿਆ ਹੋਇਆ ਹੈ। ਇਹ ਇਕ ਅਜਿਹੀ ਵਿਰੋਧਤਾਈ ਹੈ, ਜਿਹੜੀ ਇਸ ਪ੍ਰਬੰਧ ਦੇ ਅੰਤਰਗਤ ਹੱਲ ਹੋਈ ਅਸੰਭਵ ਹੈ। ਇਸਦੇ ਚਲਦਿਆਂ ਬਹੁਕੌਮੀ ਕਾਰਪੋਰੇਸ਼ਨਾਂ ਦਾ ਪੈਦਾ ਹੋਣਾ, ਪੂੰਜੀ ਕੇਂਦਰਤ ਦੇਸ਼ਾਂ ਦੇ ਦੁਆਲੇ ਦੇ ਨਿਰਭਰ ਦੇਸ਼ਾਂ ਵਿਚੋਂ ਪੈਦਾ ਹੋਈ, ਵਾਧੂ ਮੁੱਲ ਦੇ ਰੂਪ ਵਿਚ ਪੂੰਜੀ ਦਾ, ਪਲਾਇਣ ਇਕ ਇਤਿਹਾਸਕ ਵਰਤਾਰਾ ਹੈ। ਕੇਂਦਰਾਂ ਵਿਚ ਸ਼ਕਤੀ (ਆਰਥਿਕ, ਸੈਨਿਕ, ਵਿੱਤੀ, ਸੰਚਾਰ ਸਾਧਨਾਂ ਆਦਿ) ਦਾ ਇਕੱਤਰ ਹੋਣਾ, ਸੰਸਾਰ ਪੂੰਜੀਵਾਦੀ ਪ੍ਰਬੰਧ ਦਾ ਸਹਿਜ ਵਰਤਾਰਾ ਹੈ। ਇਹ ਭਾਵੇਂ ਵਿਸ਼ੇਸ਼ ਦੇਸ਼ ਹੋਣ ਜਿਹੜੇ ਕੇਂਦਰ ਨੂੰ ਅਤੇ ਦੁਆਲੇ ਦੇ ਦੇਸ਼ਾਂ (ਅਤੇ ਅਰਧ ਦੁਆਲੇ ਦੇ ਦੇਸ਼ਾਂ) ਸ਼ਾਇਦ ਸਮੇਂ ਨਾਲ ਉਹ ਪਰਵਰਤਿਤ ਹੋ ਜਾਣ, ਨੂੰ ਸਿਰਜਦੇ ਹਨ। ਇਸ ਤਰ੍ਹਾਂ ਸੰਸਾਰ ਆਰਥਿਕਤਾ, ਗ਼ੈਰ-ਅਨੁਪਾਤਕ ਤੌਰ ਉੱਤੇ ਇਸਦੇ ਕੇਂਦਰ ਦੀਆਂ, ਪੂੰਜੀ ਇਕੱਤਰੀਕਰਨ ਦੀਆਂ ਲੋੜਾਂ ਉੱਪਰ ਕੇਂਦਰਿਤ ਰਹਿੰਦੀ ਹੈ। ਪੂੰਜੀਵਾਦੀ ਪ੍ਰਬੰਧ ਜਦੋਂ ਇੱਕੋ ਪ੍ਰਮੁੱਖ ਸ਼ਕਤੀ ਦੇ ਕੰਟਰੋਲ ਹੇਠ ਹੁੰਦਾ ਹੈ ਤਾਂ ਬੇਹੱਦ ਸਥਿਰ ਹੁੰਦਾ ਹੈ ਜਿਵੇਂ 19ਵੀਂ ਸਦੀ ਵਿਚ ਬਰਤਾਨੀਆ ਅਤੇ ਵੀਹਵੀਂ ਸਦੀ ਵਿਚ ਅਮਰੀਕਾ ਬਹੁਤ ਹੱਦ ਤੱਕ ਹੁੰਦਾ ਸੀ। ਇਸ ਪ੍ਰਭੂਸੱਤਾ ਦੀ ਅਸਥਿਰਤਾ ਦੇ ਦੌਰ ਵਿਚ ਅਤੇ ਵਿਸ਼ਵ ਆਰਥਿਕ ਸੰਕਟ, ਪੂੰਜੀਵਾਦੀ ਪ੍ਰਬੰਧ ਹੇਠ ਉਸ ਸਥਾਨ ਉੱਪਰ ਪੁੱਜ ਗਿਆ ਹੈ ਜਿਥੇ ਇਹ ਪੂਰੇ ਸੰਕਟ ਵਿਚ ਫਸ ਗਿਆ ਹੈ ਜਿਵੇਂ ਪਹਿਲੇ ਅਤੇ ਦੂਸਰੇ ਸੰਸਾਰ ਯੁੱਧਾਂ ਦੇ ਸਮੇਂ ਦੇਖਿਆ ਗਿਆ ਸੀ।

ਸੰਸਾਰ ਪੱਧਰ ਉੱਤੇ ਆਰਥਿਕ ਸੰਕਟ ਅਤੇ ਸਾਡੀ ਧਰਤੀ ਨੂੰ ਦਰਪੇਸ਼ ਵਾਤਾਵਰਨੀ ਤਬਾਹੀ, ਉਸ ਸਮੇਂ ਵਾਪਰ ਰਹੇ ਹਨ ਜਦੋਂ ਸੰਸਾਰ ਪੱਧਰ ਉੱਤੇ, ਭੂਚਾਲ ਦੇ ਸਮੇਂ ਧਰਤੀ ਹੇਠਲੀਆਂ 'ਟੈਕਟੌਨਿਕ ਪਲੇਟਾਂ' ਵਾਂਗ ਪੂੰਜੀਵਾਦ ਦੇ ਅੰਤਰਗਤ ਵਿਸ਼ਵ-ਰਾਜਨੀਤਿਕ ਤਬਦੀਲੀਆਂ ਵਾਪਰ ਰਹੀਆਂ ਹਨ। ਅਮਰੀਕਾ ਲਗਾਤਾਰ ਆਪਣੀ ਤਾਕਤ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ ਹੈ। ਭਾਵੇਂ ਅੱਜ ਦੀ ਘੜੀ ਉਸਨੂੰ ਕਿਸੇ ਸ਼ਕਤੀਸ਼ਾਲੀ ਦੇਸ਼ ਜਾਂ ਦੇਸ਼ਾਂ ਦੇ ਗਰੁੱਪ ਵਲੋਂ, ਕੋਈ ਸਿੱਧਾ ਖ਼ਤਰਾ ਨਾ ਹੋਵੇ, ਖ਼ਾਸ ਕਰਕੇ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਪਿੱਛੋਂ ਤਾਂ ਉੱਕਾ ਹੀ ਨਹੀਂ ਹੈ। ਅਜਿਹੀ ਸਥਿਤੀ ਵਿਚ ਅਮਰੀਕਾ ਫੌਜੀ ਮਹੱਤਵ ਵਾਲੇ ਸੋਮਿਆਂ ਅਤੇ ਵਿਸ਼ਵ-ਰਾਜਨੀਤਿਕ ਸਥਿਤੀ ਉੱਪਰ ਕੰਟਰੋਲ ਕਰਨਾ ਚਾਹੁੰਦਾ ਹੈ ਤਾਂ ਜੋ



ਉਹ 'ਨਵੀਂ ਅਮਰੀਕਨ ਸਦੀ' ਵਿਚ ਉਹ ਦਰਜਾ ਪ੍ਰਾਪਤ ਕਰ ਲਵੇ, ਜਿਹੜਾ ਸਪੱਸ਼ਟ ਰੂਪ ਵਿਚ 'ਨਗਨ ਸਾਮਰਾਜਵਾਦ' ਦਾ ਦੌਰ ਹੈ। ਇਹ ਜਿਸਨੂੰ ਪਹਿਲਾਂ ਹੀ ਹਮਲਾ ਕਰਨ ਦਾ ਹੱਕ ਕਿਹਾ ਜਾਂਦਾ ਹੈ, ਜਿਸ ਅਨੁਸਾਰ ਉਸਨੇ ਅਫ਼ਗਾਨਿਸਤਾਨ ਅਤੇ ਇਰਾਕ ਉੱਪਰ ਹਮਲਾ ਕੀਤਾ ਹੋਇਆ ਹੈ। ਇਸੇ ਸਮੇਂ ਹੀ ਅਮਰੀਕਾ ਨਵ-ਉਦਾਰ ਨੀਤੀਆਂ ਨੂੰ ਲਾਗੂ ਕਰਨ ਦੀ ਪ੍ਰਮੁੱਖ ਆਗੂ ਸ਼ਕਤੀ ਹੈ - ਕਿਸੇ 'ਪੱਧਰ ਸੰਸਾਰ' ਦੀ ਸਥਾਪਨਾ ਲਈ ਨਹੀਂ, ਸਗੋਂ ਜਿਹੜੇ ਸ਼ਕਤੀਸ਼ਾਲੀ ਦੇਸ਼ ਇਸ ਸਮੇਂ ਸਿਖ਼ਰ ਉੱਪਰ ਹਨ, ਉਹਨ ਦੀ ਸ਼ਕਤੀ ਨੂੰ ਇਕਮੁੱਠ ਕਰਨ ਲਈ 'ਹੇਕੀਅਨ' ਪੂੰਜੀਵਾਦ ਨੂੰ ਲਾਗੂ ਕਰ ਸਕੇ।

ਇਸ ਤਰ੍ਹਾਂ ਦੀ ਵਿਸ਼ਵ ਇੱਛਾ, ਕਿਸੇ ਇਕ ਦੇਸ਼ ਵਲੋਂ, ਭਾਵੇਂ ਲਾਜ਼ਮੀ ਪ੍ਰਭੂਤਾਵਾਦੀ ਸਥਿਤੀ ਦੇ ਸੋਮੇ ਨੂੰ, ਸੰਸਾਰ ਪ੍ਰਬੰਧ ਦੀ ਪ੍ਰਭੂਤਾਈ, ਅਸਥਿਰਤਾ ਵਿਚ ਬਦਲਣਾ ਹੈ। ਪੂੰਜੀਵਾਦ ਦੇ ਵਿਸ਼ਵ-ਮੁਖੀ ਰੁਝਾਨਾਂ ਦੇ ਬਾਵਜੂਦ ਇਹ ਕਿਸੇ ਹਕੀਕੀ ਵਿਸ਼ਵ-ਹਕੂਮਤ ਨੂੰ ਰਾਜਨੀਤਿਕ ਰੂਪ ਵਿਚ ਸੰਗਠਿਤ ਕਰਨ ਵਿਚ ਅਸਮਰੱਥ ਹੈ। ਅਮਰੀਕਨ ਸਾਮਰਾਜ ਦੇ ਆਪਣੀ ਵਿਸ਼ਵ-ਪ੍ਰਭੂਤਾ ਨੂੰ ਬਹਾਲ ਰੱਖਣ ਅਤੇ ਪਾਸਾਰ ਦੇ ਲਈ ਸੈਨਿਕ ਸ਼ਕਤੀ ਦੁਆਰਾ, ਆਰਥਿਕ ਸ਼ਕਤੀ ਨੂੰ ਵਧਾਉਣ ਦੇ ਯਤਨ, ਸਾਮਰਾਜਵਾਦ ਦੇ ਇਤਿਹਾਸ ਵਿਚ ਇਸਦੇ ਲਈ ਤਬਾਹਕੁੰਨ ਹੋਣ ਦੀ ਸੰਭਾਵਨਾ ਰੱਖਦੇ ਹਨ। ਲੰਬੇ ਸਮੇਂ ਵਿਚ ਅਮਰੀਕਾ ਨੇ ਸੱਤਰ (70) ਦੇਸ਼ਾਂ ਵਿਚ ਆਪਣੇ ਅੱਡੇ ਬਣਾਏ ਹਨ, ਸਗੋਂ ਅਮਰੀਕਨ ਫੌਜਾਂ, ਇਸ ਤੋਂ ਵਧੇਰੇ ਖੇਤਰਾਂ ਵਿਚ ਸਰਗਰਮ ਹਨ। 2007 ਵਿਚ ਅਮਰੀਕਾ ਦਾ ਸੈਨਿਕ ਬਜਟ 552 ਅਰਬ ਡਾਲਰ ਦੱਸਿਆ ਜਿਹੜਾ ਕਿ ਸੰਸਾਰ ਦੇ ਬਾਕੀ ਦੇਸ਼ਾਂ ਦੇ ਸੈਨਿਕ ਬਜਟ ਦੇ ਬਰਾਬਰ ਹੈ। ਜਦੋਂ ਕਿ ਅਮਰੀਕਾ ਦੇ 2007 ਦੇ ਖਰਚ ਇਕ ਖ਼ਰਬ ਡਾਲਰ ਸਨ। ਭਾਰਤ ਦਾ ਪ੍ਰਸਿੱਧ ਅਰਥ ਸ਼ਾਸਤਰੀ ਅੰਮੀਆ ਪ੍ਰਸਾਦ ਬਾਗਚੀ ਇਸਨੂੰ 'ਤੀਜੇ ਧੁਰੇ ਦਾ ਯੁੱਗ' ਕਹਿੰਦਾ ਹੈ। ਅਮਰੀਕਾ ਸੁਪਰ-ਸਾਮਰਾਜ ਦੇ ਰੂਪ ਵਿਚ ਉੱਭਰ ਆਇਆ ਹੈ।

ਅਤੇ ਇਸਦੀ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕੋਈ ਅੰਤਰਰਾਸ਼ਟਰੀ ਕਾਨੂੰਨ ਜਾਂ ਸੰਗਠਨ ਉਸਨੂੰ ਕਿਸੇ ਵੀ ਪਨਾਹਗੀਰ ਕਾਰਵਾਈ ਕਰਨ ਤੋਂ ਰੋਕ ਨਹੀਂ ਸਕਦਾ, ਜਿਸਨੂੰ ਉਹ ਆਪਣੇ ਕੌਮੀ ਹਿੱਤਾਂ ਲਈ ਜ਼ਰੂਰੀ ਸਮਝਦਾ ਹੈ। (ਅਰਥਾਤ ਨਿਰਸੰਦੇਹ ਅਮਰੀਕਾ ਦੇ ਵੱਡੇ ਪੂੰਜੀਪਤੀਆਂ ਦੇ ਹਿੱਤ ਲਈ) ਉਸ ਸਮੇਂ ਹੀ ਉਹ, ਵੱਡੇ ਪੂੰਜੀਪਤੀਆਂ ਲਈ ਸੁਪਰ ਸਾਮਰਾਜ ਦੀ ਸੈਨਿਕ ਸ਼ਕਤੀ ਦੀ ਪੁਸ਼ਤਪਨਾਹੀ ਵੀ ਪ੍ਰਾਪਤ ਕਰਵਾਉਂਦਾ ਹੈ ਜੋ ਇਸਦੇ ਕਾਤਲਾਨਾ ਅਮਲਾਂ ਨੂੰ ਨੇਪਰੇ ਚੜ੍ਹਾਉਂਦੀ ਹੈ। ਇਹਨਾਂ ਸਾਰੀਆਂ ਕਾਰਵਾਈਆਂ ਨੂੰ ਸੰਗਠਿਤ ਕਰਕੇ ਦੁਨੀਆਂ ਭਰ ਵਿਚ, ਮਜ਼ਦੂਰਾਂ ਦੀ ਉਜਰਤ ਲਈ ਗੱਲਬਾਤ ਦੀ ਸਮਰੱਥਾ ਨੂੰ ਵਿੱਤੀ ਸੰਸਥਾਵਾਂ ਨੂੰ ਮਜ਼ਦੂਰ ਕਾਨੂੰਨਾਂ ਤੋਂ ਮੁਕਤ ਕਰਕੇ ਅਤੇ ਮਜ਼ਦੂਰਾਂ ਨੂੰ ਸਾਰੇ ਹੱਕਾਂ ਤੋਂ ਮਹਿਰੂਮ ਕਰਕੇ, ਦੂਜੇ ਪਾਸੇ ਸੰਵਿਧਾਨਿਕ ਬੰਧਨਾਂ ਤੋਂ ਪੂੰਜੀ ਨੂੰ ਮੁਕਤ ਕਰਕੇ, ਰਾਜਸੱਤਾ ਨੂੰ ਬਹੁਤ ਹੀ ਨਿਵਾਣਾ ਤੱਕ ਲੈ ਆਉਂਦਾ ਹੈ।

ਇਸ ਵਿਚ ਕੋਈ ਭੁਲੇਖਾ ਨਹੀਂ ਹੈ ਕਿ ਅਮਰੀਕਾ ਦੀ ਕੌਮੀ ਰੱਖਿਆ ਦੀ ਢਾਂਚਾ, ਅਜੋਕੇ ਸਮੇਂ ਵਿਚ ਲੋਕ ਚੀਨ ਬਾਰੇ ਜਿਵੇਂ ਕਿ ਮਾਰਕਸਵਾਦੀ ਦਾਰਸ਼ਨਿਕ ਇਸਤਵਾਨ

ਮੈਸਜ਼ਰਸ ਆਖਦਾ ਹੈ ਕਿ ਇਹ ਇਸਦਾ "ਅੰਤਿਮ ਨਿਸ਼ਾਨਾ" ਹੈ। ਪਿਛਲੇ ਕੁਝ ਸਾਲਾਂ ਵਿਚ ਇਸਦੇ ਸਬੂਤ ਸਾਹਮਣੇ ਆਏ ਹਨ - 1. ਅਮਰੀਕਾ ਦੀ ਰੱਖਿਆ ਦੀ ਕੌਮੀ ਸਥਾਪਤੀ, ਅਫਰੀਕਾ ਵਿਚ ਚੀਨ ਦੇ ਵੱਧ ਰਹੇ ਪ੍ਰਭਾਵ ਬਾਰੇ ਚੇਤਾਵਨੀਆਂ ਦਿੰਦੀ ਆ ਰਹੀ ਹੈ ਅਤੇ ਅਫਰੀਕਾ ਵਿਚ ਪੈਟਰੋਲੀਅਮ-ਭੰਡਾਰਾਂ ਤੱਕ ਪਹੁੰਚ ਸੰਬੰਧੀ, ਜਿਸ ਉੱਪਰ ਅਮਰੀਕਾ ਦੀ "ਕੌਮੀ ਰੱਖਿਆ" ਲਈ ਕੰਟਰੋਲ ਬੇਹੱਦ ਜ਼ਰੂਰੀ ਦੱਸ ਰਹੀ ਹੈ। 2. ਅਮਰੀਕਾ ਦੀਆਂ ਅੰਦਰੂਨੀ ਖੁਫ਼ੀਆ ਏਜੰਸੀਆਂ - ਚੀਨ, ਇਰਾਨ ਜਾਂ ਚੀਨ ਰੂਸ - ਇਰਾਨ ਗਠਬੰਧਨ ਬਾਰੇ ਲਗਾਤਾਰ ਡਰ ਪ੍ਰਗਟ ਕਰਦੀਆਂ ਆ ਰਹੀਆਂ ਹਨ। 3. ਅਮਰੀਕਾ ਦੇ ਭਾਰਤ ਨਾਲ ਫੌਜੀ ਸਮਝੌਤਾ ਕਰਨ ਲਈ ਯਤਨ। 4. ਚੀਨ ਵਲੋਂ ਪੁਲਾੜ ਵਿਚ ਪ੍ਰਾਪਤੀਆਂ ਸੰਬੰਧੀ ਫ਼ਿਕਰਮੰਦੀ ਅਤੇ 5. ਤਿੱਬਤ, ਤਾਈਵਾਨ, ਉੱਤਰੀ ਕੋਰੀਆ ਅਤੇ ਚੀਨ - ਸਾਗਰ ਵਿਚ ਦੇ ਝਗੜੇ ਆਦਿ। ਭਾਵੇਂ ਅੱਜ ਦੀ ਘੜੀ ਅਮੀਰਕਾ ਬਹੁਕੌਮੀ ਕਾਰਪੋਰੇਸ਼ਨਾਂ ਲਈ ਚੀਨ ਵਿਚ ਹੁੰਦੇ ਉਤਪਾਦਾਂ ਦੀ ਮਜਬੂਰੀ ਕਾਰਨ ਚੀਨ ਨਾਲ ਆਰਥਿਕ ਤੌਰ ਉੱਪਰ ਵੱਡੇ ਵਪਾਰਕ ਸੰਬੰਧਾਂ ਅਤੇ ਮੁਦਰਾ ਤਬਾਦਲੇ ਦੇ ਬੰਧਨਾਂ ਵਿਚ ਬੱਝਿਆ ਹੋਇਆ ਹੈ। ਪਰ ਇਸ ਸਭ ਕੁਝ ਦੇ ਹੁੰਦਿਆਂ ਹੋਇਆਂ ਦੋਵੇਂ ਆਰਥਿਕ ਧਿਰਾਂ, ਇਕ ਤਰ੍ਹਾਂ ਨਾਲ ਸੰਕੇਤਕ-ਗਲਵਕੜੀ ਪਾਈ ਦਿਸ ਰਹੀਆਂ ਹਨ- ਵਧ ਰਹੇ ਵਿਸ਼ਵ ਰਾਜਨੀਤਿਕ ਵਿਰੋਧਾਂ, ਨਾਲ ਹੀ ਅਮਰੀਕੀ ਪ੍ਰਭੂਤਾ ਦੇ ਹੇਠਾਂ ਡਿੱਗਣ ਅਤੇ ਚੀਨ ਦਾ ਸੰਸਾਰ ਸ਼ਕਤੀ ਵਜੋਂ ਉਭਰਨਾ, ਸੰਭਵ ਹੈ ਵਧੇਰੇ ਵਿਸਫੋਟਕ ਸੰਬੰਧਾਂ ਨੂੰ ਪੈਦਾ ਕਰ ਦੇਵੇ।

ਇਸ ਸਮੇਂ ਵਾਸ਼ਿੰਗਟਨ ਦੇ ਉੱਚ-ਗਲਿਆਰਿਆਂ ਵਿਚ, ਡਾਲਰ ਦੇ ਪ੍ਰਬੰਧਨ ਵਿਚ ਚੀਨ ਵਲੋਂ ਹੁਣੇ ਜਿਹੇ ਕੀਤੀ ਸਹਾਇਤਾ ਦੇ ਬਾਵਜੂਦ, ਡਾਲਰ ਦੇ ਵਪਾਰਿਕ ਸਮਝੌਤਿਆਂ ਅਤੇ ਮੁਦਰਾ ਬਾਰੇ ਉਹਨਾਂ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਅਤੇ ਸਮਝੌਤਾ-ਰਹਿਤ ਮੌਜੂਦਾ ਰੋਲ ਬਾਰੇ ਸਪੱਸ਼ਟ ਚਿੰਤਾ ਨਜ਼ਰ ਆ ਰਹੀ ਹੈ। ਵਾਸ਼ਿੰਗਟਨ ਵਿਚ ਹਾਕਮਾਂ ਨੂੰ ਇਸ ਹਕੀਕਤ ਦੀ ਸਮਝ ਹੈ ਕਿ ਚੀਨ ਵਲੋਂ ਡਾਲਰ ਦੀ ਕੀਤੀ ਗਈ ਬਿਨਾਂ ਸ਼ਰਤ ਸਹਾਇਤਾ ਖ਼ਤਰਿਆਂ ਭਰੀ ਹੈ। ਖ਼ਾਸ ਕਰਕੇ, ਜੇ ਕਿਸੇ ਸਮੇਂ, ਡਾਲਰ ਦੀਆਂ ਮੌਜੂਦਾ (ਕੌਮਾਂਤਰੀ) ਜ਼ਿੰਮੇਵਾਰੀਆਂ ਦੀ 'ਫੈਡਰਲ ਰਿਜ਼ਰਵ ਬੈਂਕ) ਦੀ ਪਾਲਸੀ ਦੇ ਸਿੱਟੇ ਵਜੋਂ, ਤੇਜ਼ੀ ਨਾਲ ਕੀਮਤ ਡਿੱਗ ਪੈਂਦੀ ਹੈ। ਇਸ ਸਮੇਂ ਜੋ ਚੀਨ ਨੇ ਅਮਰੀਕਾ ਦੇ ਖਜ਼ਾਨੇ ਦੀ 652 ਅਰਬ ਡਾਲਰ ਦੀ ਕਰਜ਼ੇ ਦੀ ਜ਼ਿੰਮੇਵਾਰੀ ਚੁੱਕੀ ਹੋਈ ਹੈ। (ਇਹ ਕਰਜ਼ 2007 ਦੇ ਅੰਤ ਵਿਚ 459 ਅਰਬ ਡਾਲਰ ਤੋਂ ਵੱਧ ਸੀ) ਚੀਨ ਵਿਚ, ਡਾਲਰ ਦੀ ਤੇਜ਼ੀ ਨਾਲ ਹੋਣ ਵਾਲੀ ਕੀਮਤ ਘਟਾਈ ਨੂੰ, ਜਬਤ ਕੀਤੇ ਜਾਣ ਦੀ ਸ਼ੱਕ ਨਾਲ ਦੇਖਿਆ ਜਾ ਰਿਹਾ ਹੈ। (ਭਾਵੇਂ ਇਹ ਚੀਨੀ ਕਰਜ਼ਾ ਅਮਰੀਕਾ ਦੇ ਕੁਲ ਜਨਤਕ ਕਰਜ਼ੇ ਦਾ 10 ਫੀਸਦੀ ਹੀ ਹੈ। ਇਸ ਦਾ ਸਿੱਟਾ ਚੀਨ ਵਲੋਂ ਡਾਲਰ ਤੋਂ ਪਰੇ ਹੋ ਜਾਣ ਵਿਚ ਹੋ ਸਕਦਾ ਹੈ। ਭਾਵੇਂ ਇਸਦੀ ਬਹੁਤ ਘੱਟ ਜਾਂ ਉੱਕਾ ਹੀ ਉਮੀਦ ਨਹੀਂ ਹੈ ਪਰੰਤੂ ਇਸ ਪਾਸੇ ਥੋੜ੍ਹੀ ਜਿਹੀ ਹਰਕਤ ਵੀ ਇਕ ਦਮ ਸੰਭਵ ਹੈ ਕਿ ਅਮਰੀਕਾ ਦੇ ਸੰਸਾਰ ਆਰਥਿਕ ਪ੍ਰਬੰਧ ਨੂੰ ਅਸਥਿਰ ਕਰ ਸਕਦੀ ਹੈ।

ਏਸੇ ਸਮੇਂ ਵਾਸ਼ਿੰਗਟਨ ਵਿਚ, ਚੀਨ ਦੀ ਉਭਰ ਰਹੀ ਸ਼ਕਤੀ ਤੋਂ, ਸੰਸਾਰ ਉੱਪਰ



ਉਸਦੀ ਪ੍ਰਭੂਤਾ ਨੂੰ ਪੈਦਾ ਹੋ ਰਹੀ ਪ੍ਰਤੱਖ ਵੰਗਾਰ ਤੋਂ ਚਿੰਤਾ ਹੈ। ਇਸ ਖ਼ਤਰੇ ਨਾਲ ਹੋਰਨਾਂ ਦੇਸ਼ਾਂ ਜਿਵੇਂ ਰੂਸ, ਇਰਾਨ ਅਤੇ ਵੈਨਜ਼ੁਏਲਾ ਨੂੰ ਵੀ ਜੂਝਣਾ ਪੈਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਰਥਿਕ ਅਤੇ ਵਾਤਾਵਰਨ ਨਾਲ ਸੰਬੰਧਿਤ ਸੰਕਟ, ਇਕ ਹੱਦ ਤੱਕ, ਬਹੁਤ ਗੰਭੀਰ ਹੋ ਗਏ ਹਨ, ਜਿਹੜੇ ਸਮੁੱਚੇ ਪ੍ਰਬੰਧ ਨੂੰ ਅਸਥਿਰ ਕਰ ਸਕਦੇ ਅਤੇ ਇਸ ਨਾਲ ਹੋਰਨਾਂ ਸਾਮਰਾਜੀ ਸ਼ਕਤੀਆਂ ਵਿਚਕਾਰ ਖਿੱਚੋਤਾਣ ਵਧੇਗੀ।

ਪ੍ਰਮਾਣਿਕ ਵਿਸ਼ਵ ਰਾਜਨੀਤਿਕ ਥਿਊਰੀ ਦੱਸਦੀ ਹੈ ਕਿ ਸਿਰਫ਼ ਯੂਰੋ-ਏਸ਼ੀਆ ਦੇ ਬਾਹਰੀ ਕੰਨੀ ਦੇ ਦੇਸ਼ਾਂ ਦੇ ਕੋਈ ਇਕੋ ਸ਼ਕਤੀ ਸਮੁੱਚੇ ਸੰਸਾਰ ਨੂੰ ਕਾਬੂ ਵਿਚ ਰੱਖ ਸਕਦੀ ਹੈ। ਅਜੋਕੇ ਸਮੇਂ ਵਿਚ ਅਮਰੀਕਾ ਦੀ ਨੀਤੀ, ਕੇਵਲ ਮੱਧ-ਪੂਰਬ ਉੱਪਰ ਹੀ ਕੇਂਦਰਿਤ ਹੈ, ਪਰੰਤੂ ਇਸਦਾ ਮੁੱਖ ਨਿਸ਼ਾਨਾ ਇਸਦੇ ਯੂਰੋ-ਏਸ਼ੀਆ ਦੇ ਤੇਲ ਭੰਡਾਰਾਂ ਉੱਪਰ ਹੈ ਅਤੇ ਸੰਭਾਵੀ ਆਰਥਿਕ ਅਤੇ ਸੈਨਿਕ ਵਿਰੋਧਤਾਈਆਂ ਦੇ ਮੁਕਾਬਲੇ ਵਿਚ, ਆਪਣੀ ਕਮਜ਼ੋਰ ਹੋ ਰਹੀ ਵਿਸ਼ਵ-ਪ੍ਰਭੂਤਾ ਨੂੰ ਬਚਾਉਣ, ਸਗੋਂ ਵਧਾਉਣ ਦੀ ਹੈ। ਸਰਬਨਾਸ਼ ਦੇ ਹਥਿਆਰਾਂ ਦੇ ਪਾਸਾਰ ਦੇ ਕਾਰਨ, ਅਮਰੀਕਾ ਵਲੋਂ ਸੰਸਾਰ ਭਰ ਵਿਚ ਸੈਨਿਕ ਅਤੇ ਆਰਥਿਕ ਪ੍ਰਭੂਤਾ ਨੂੰ ਪੱਕਿਆ ਕਰਨ ਦੀਆਂ ਕੋਸ਼ਿਸ਼ਾਂ, ਇਹਨਾਂ ਦੇ ਪਾਸਾਰ ਨੂੰ ਸੱਗੋਂ ਹੱਲਾ-ਸ਼ੇਰੀ ਦਿੰਦੀਆਂ ਹਨ, ਇਹ ਅੰਦਾਜ਼ਾ ਲਾਉਣਾ ਕਠਿਨ ਨਹੀਂ ਹੈ ਕਿ ਸਥਿਤੀ ਕਿਸੇ ਸਮੇਂ ਵੀ ਵੱਸੋਂ ਬਾਹਰੀ ਹੋ ਜਾਵੇ। ਵਿਸ਼ਵ-ਪਰਲੋ ਦੇ ਡਰ ਦੀਆਂ ਸਥਿਤੀਆਂ ਅਜਿਹੀਆਂ ਆਰਥਿਕ, ਵਾਤਾਵਰਨੀ ਅਤੇ ਵਿਸ਼ਵ-ਰਾਜਨੀਤਿਕ ਅਸਥਿਰਤਾ ਵਿਚੋਂ ਪੈਦਾ ਹੋ ਰਹੀਆਂ ਹਨ - ਸਭ ਤੋਂ ਪਹਿਲਾਂ ਤਾਂ ਅਮਰੀਕਾ ਅਤੇ ਇਸਰਾਈਲ ਵਲੋਂ ਮਧ-ਪੂਰਬ ਵਿਚ ਆਪਣੀਆਂ ਨੀਤੀਆਂ ਦੀ ਅਸਫਲਤਾ ਨੂੰ ਪ੍ਰਵਾਨ ਨਾ ਕਰਨਾ ਹੀ ਖ਼ਤਰਿਆਂ ਨੂੰ ਪੈਦਾ ਕਰਦਾ ਹੈ ਅਤੇ ਇਹ ਸੰਸਾਰ ਦੇ ਤੇਲ ਭੰਡਾਰਾਂ ਦੇ ਗਲਤ ਪ੍ਰਬੰਧਨ ਨਾਲ ਸੰਬੰਧਿਤ ਵੀ ਹਨ। ਇਹ ਇਕ ਅਜਿਹਾ ਖ਼ਤਰਾ ਹੈ ਜਿਸਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਹ ਇਕ ਕਠੋਰ ਸੱਚਾਈ ਹੈ ਜੋ ਕਿ ਅਮਨ ਸਥਾਪਿਤ ਕਰਨ ਦੀ ਅਸਫਲਤਾ ਨੂੰ ਸਾਹਮਣੇ ਲਿਆਉਂਦੀ ਹੈ। ਇਹ ਅਮਨ ਪ੍ਰਕਿਰਿਆ ਅਮਰੀਕਨ-ਰਾਜਨੀਤੀ ਦੀ ਅਮਨ ਪ੍ਰਕਿਰਿਆ ਬਣਨ ਦੀ ਥਾਵੇਂ ਉਸਦੇ ਸਿਸਟਮ ਦੀ ਅਸਫਲਤਾ ਦੀ, ਬੀਮਾਰ ਅਮਲ ਪ੍ਰਕਿਰਿਆ ਬਣ ਗਈ ਹੈ।

## ਪੂੰਜੀਵਾਦੀ ਅਸਫਲ ਪ੍ਰਣਾਲੀ ਤੋਂ ਪਾਰ

ਜਿਵੇਂ ਕਿ ਪਹਿਲਾਂ ਵਿਚਾਰਿਆ ਗਿਆ ਹੈ ਕਿ ਇਸ ਸਮੇਂ ਸੰਸਾਰ ਨੂੰ ਮੁਦਰਾ ਦੀ ਕੀਮਤ ਘਟਾਈ ਦੇ ਮਹਾਂ-ਮੰਦਵਾੜੇ ਦਾ ਖ਼ਤਰਾ ਦਰਪੇਸ਼ ਹੈ। ਜਿਹੜਾ ਕਿ ਇੰਨਾ ਭੈੜਾ ਹੈ ਕਿ 1930 ਤੋਂ ਪਿਛੋਂ ਕਦੇ ਦੇਖਿਆ ਹੀ ਨਹੀਂ ਗਿਆ ਸੀ। ਵਾਤਾਵਰਨ ਦੇ ਦੂਸ਼ਤ ਹੋਣ ਦੀ ਸਮੱਸਿਆ ਅਜਿਹੀ ਪੱਧਰ ਉੱਪਰ ਪਹੁੰਚ ਗਈ ਹੈ ਕਿ ਸਾਡੀ ਸਮੁੱਚੀ ਧਰਤੀ ਦੀ ਵਸੋਂ ਦੀ ਪ੍ਰਕਿਰਤੀ ਨੂੰ ਮਾਰੂ ਖ਼ਤਰਾ ਬਣ ਗਿਆ ਹੈ। ਨਵ-ਉਦਾਰ ਪੂੰਜੀਵਾਦ ਆਪਣੀਆਂ ਆਖ਼ਰੀ ਘੜੀਆਂ ਉੱਪਰ ਪਹੁੰਚ ਗਿਆ ਨਜ਼ਰ ਆ ਰਿਹਾ ਹੈ ਜਿਸਨੂੰ ਕੁਝ ਲੋਕ 'ਚੀਨੀ ਵਿਸ਼ੇਸ਼ਤਾ' ਦੇ ਵਾਂਗ 'ਨਵ-ਉਦਾਰਵਾਦ' ਵੀ ਕਹਿੰਦੇ ਹਨ। ਅਮਰੀਕਾ ਦੀ ਪ੍ਰਭੂਤਾ ਦੇ ਡਿੱਗਣ ਦੇ ਕਾਰਨ, ਅਮਰੀਕਾ ਵਲੋਂ ਅਖੌਤੀ ਦਹਿਸ਼ਤਵਾਦ ਵਿਰੁੱਧ ਅਜੋਕੇ ਸੈਨਿਕ ਯਤਨਾਂ ਰਾਹੀਂ ਆਪਣੀ

ਪ੍ਰਭੂਤਾ ਨੂੰ ਬਹਾਲ ਕਰਨ ਨਾਲ ਜੁੜਿਆ ਹੋਇਆ ਹੈ। ਇਹਨਾਂ ਸਾਰੇ ਸੰਕਟਾਂ ਦਾ ਸਾਂਝਾ ਬਿੰਦੂ, ਸੰਸਾਰ ਇਜਾਰੇਦਾਰ-ਵਿੱਤੀ ਪੂੰਜੀ ਹੈ। ਇਸ ਦੀਆਂ ਦੋਸ਼ ਪੂਰਨ ਰੇਖਾਵਾਂ ਸਾਡੀ ਧਰਤੀ ਦੀ ਤਬਾਹੀ ਨੂੰ ਪ੍ਰਤੱਖ ਰੂਪ ਵਿਚ ਨਿਰਧਾਰਤ ਕਰਦੀਆਂ ਹਨ। ਜਿਵੇਂ ਕਿ ਬੁਲੀਵੀਆ ਦੇ ਰਾਸ਼ਟਰਪਤੀ ਏਵੋ ਮੁਰਾਲੇਸ ਨੇ ਹੁਣੇ ਜਿਹਾ ਕਿਹਾ ਹੈ-

"ਪੂੰਜੀਵਾਦ ਦੀ ਨਜ਼ਰ ਵਿਚ ਅਸੀਂ ਇਨਸਾਨ ਨਹੀਂ ਹਾਂ, ਅਸੀਂ ਕੇਵਲ ਖਪਤਕਾਰ ਹੀ ਹਾਂ। ਪੂੰਜੀਵਾਦ ਦੀ ਨਜ਼ਰ ਵਿਚ ਧਰਤੀ-ਮਾਤਾ ਦੀ ਕੋਈ ਹੋਂਦ ਨਹੀਂ ਹੈ, ਇਹ ਕੇਵਲ ਕੱਚੇ ਮਾਲ ਦਾ ਭੰਡਾਰ ਹੈ।" ਉਹ ਅੱਗੇ ਕਹਿੰਦੇ ਹਨ, ਅਸਲ ਵਿਚ "ਧਰਤੀ ਮਾਤਾ ਹੋਂਦ ਦੀ "ਵਾਲ-ਸਟਰੀਟ" ਦੀ ਸਟਾਕ-ਐਕਸਚੇਂਜ ਅਤੇ ਇਸਦੇ ਸੰਸਾਰ ਨਾਲੋਂ, ਕਿਤੇ ਵੱਧ ਅਹਿਮੀਅਤ ਹਨ। ਜਦੋਂ ਕਿ ਅਮਰੀਕਾ ਅਤੇ ਯੂਰਪੀ ਯੂਨੀਅਨ ਨੇ ਵਿੱਤੀ ਸੰਕਟ ਵਿਚੋਂ ਬੈਂਕਾਂ ਨੂੰ ਕੱਢਣ ਲਈ 4100 ਡਾਲਰ ਰੱਖਿਆ ਹੈ ਜਿਹੜਾ ਸੰਕਟ ਇਹਨਾਂ ਖ਼ੁਦ ਪੈਦਾ ਕੀਤਾ ਹੈ। ਦੂਜੇ ਪਾਸੇ ਵਾਤਾਵਰਨ ਦੀ ਸ਼ੁੱਧਤਾ ਦੇ ਪ੍ਰੋਗਰਾਮ ਲਈ ਇਸ ਤੋਂ 313 ਗੁਣਾ ਘੱਟ ਭਾਵ ਕੇਵਲ 13 ਅਰਬ ਡਾਲਰ ਰੱਖਿਆ ਹੈ।

ਸੰਸਾਰ ਆਰਥਿਕ ਸੰਕਟ ਇੰਨਾ ਗੰਭੀਰ ਹੈ ਕਿ 'ਫਾਈਨੈਂਸ਼ਲ ਟਾਈਮਜ਼' ਦੇ ਆਰਥਿਕ ਟਿੱਪਣੀਕਾਰ ਅਤੇ ਲੰਮੇ ਸਮੇਂ ਤੋਂ 'ਸ਼ਾਂਤ ਮਹਾਸਾਗਰੀ ਖਿੱਤੇ ਦੇ ਮਾਹਿਰ' ਅਤੇ ਅਮਰੀਕਨ ਨੀਤੀਆਂ ਲਈ ਖ਼ਿਮਾ-ਜਾਚਕ ਮਾਰਟਿਨ ਵੂਲਫ ਨੇ ਵਾਰਨਿੰਗ ਦਿੱਤੀ ਹੈ ਕਿ ਸਾਰਾ ਵਿਸ਼ਵ-ਵਪਾਰ-ਪ੍ਰਬੰਧ 1930 ਦੇ ਸਾਲ ਦੇ ਮਹਾਂ ਮੰਦਵਾੜੇ ਵਾਂਗ ਢਹਿ-ਢੇਰੀ ਹੋ ਸਕਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਮਾਰਟਿਨ ਵੂਲਫ ਨੇ ਇਸ ਦਾ ਦੋਸ਼ 'ਵਪਾਰਵਾਦੀ ਦੇਸ਼ਾਂ' ਦੇ ਸਿਰ ਮੜ੍ਹਿਆ ਹੈ ਜਿਨ੍ਹਾਂ ਵਿਚ ਵਿਦੇਸ਼ੀ ਵਾਧੂ ਮੁਦਰਾ ਬੱਚਤਾਂ ਅਤੇ ਘਰੇਲੂ ਮੰਗ ਨਾ ਕਾਫ਼ੀ ਹੈ ਜਿਵੇਂ ਚੀਨ, ਜਰਮਨੀ ਅਤੇ ਜਾਪਾਨ। ਉਸਨੇ ਚੀਨ ਨੂੰ ਬਾਕੀਆਂ ਨਾਲੋਂ ਨਿਖੇੜ ਕੇ ਮੁੱਖ-ਅਪਰਾਧੀ ਠਹਿਰਾਇਆ ਹੈ। ਇਹ ਅਖੌਤੀ ਵਪਾਰਵਾਦੀ ਦੇਸ਼, ਘਾਟੇ ਵਾਲੇ ਦੇਸ਼ਾਂ ਦੀ ਕੀਮਤ ਉੱਤੇ, ਮੰਗਤਿਆਂ ਵਾਲੀਆਂ ਨੀਤੀਆਂ ਵਾਲੇ ਹਨ। ਘਾਟੇ ਵਾਲੇ ਦੇਸ਼ਾਂ ਵਿਚ ਸਭ ਤੋਂ ਉੱਪਰ ਅਮਰੀਕਾ ਹੈ ਅਤੇ ਬਾਕੀ ਸਾਰਾ ਸੰਸਾਰ ਹੈ। ਅਸੀਂ ਹੁਣ ਉਸ ਨੁਕਤੇ ਉੱਤੇ ਪਹੁੰਚ ਗਏ ਹਾਂ ਜਿਥੇ ਇਹ ਸਵਾਲ ਉਠਾਉਣਾ ਸੰਭਵ ਹੋ ਗਿਆ ਹੈ ਕਿ ਡਾਲਰ ਦੀ ਸੰਸਾਰ ਵਪਾਰ ਲਈ ਇਕੋ-ਇਕ ਸਹਿਮਤੀ ਅਤੇ ਰਾਖਵੀਂ ਮੁਦਰਾ ਦੇ ਰੂਪ ਵਿਚ ਢਹਿ-ਢੇਰੀ ਹੋਣ ਪਿਛੋਂ ਕਿਹੜੇ ਨਤੀਜੇ ਸਾਹਮਣੇ ਆਉਣਗੇ। ਇਸ ਤਰ੍ਹਾਂ ਦੀ ਸਥਿਤੀ ਵਿਚ ਮਾਰਟਿਨ ਵੂਲਫ ਅਤੇ ਸ਼ਾਂਤ ਮਹਾਸਾਗਰੀ ਖ਼ਿਤੇ ਦੇ ਮਾਹਿਰਾਂ ਨੂੰ ਇਕ ਖ਼ਾਸ ਤਰ੍ਹਾਂ ਦੇ ਝੱਲ ਦੀ ਉਤੇਜਨਾ ਵਿਚ ਜਕੜੇ ਹੋਏ ਦੇਖ ਸਕਦੇ ਹਾਂ, ਬੱਸ ਇਹੋ ਹੀ ਵਪਾਰਵਾਦੀ ਦੇਸ਼ ਹਨ ਜਿਹੜੇ ਨਵੀਂ ਬਹੁ-ਪਰਤੀ ਮੁਦਰਾ ਦੇ ਨਿਆਂ-ਯੁਕਤ ਧੁਰੇ ਹਨ, ਜਿਸਦੇ ਵਾਪਰਨ ਦੀ ਸੰਭਾਵਨਾ ਹੀ, ਇਹਨਾਂ ਮਾਹਿਰਾਂ ਨੂੰ ਡਾਢਾ ਦਹਿਸ਼ਤਜ਼ਦਾ ਕਰ ਰਹੀ ਹੈ। ਇਸੇ ਲਈ ਹੀ ਇਹ ਵਿਸ਼ਵ ਰਾਜਨੀਤੀ ਵਿਚ ਖਿੱਚੋਤਾਣ ਪੈਦਾ ਹੋਣ ਦੀਆਂ ਗੱਲਾਂ ਕਰ ਰਹੇ ਹਨ, ਜੋ ਅਜਿਹੇ ਕਿਸੇ (ਬਣਨ ਵਾਲੇ ਮੁਦਰਾ ਪ੍ਰਬੰਧ) ਦੇ ਰਾਹ ਵਿਚ ਅੜਿੱਕੇ ਬਣਨ।



ਇਹ ਸਪੱਸ਼ਟ ਹੈ ਕਿ ਨਵ-ਉਦਾਰੀ ਵਿਸ਼ਵੀਕਰਨ ਆਪਣੇ ਅੰਤ ਉੱਪਰ ਅੱਪੜ ਗਿਆ ਹੈ ਅਤੇ ਪੂੰਜੀਵਾਦ ਇਕ ਲੰਮੇ ਸਮੇਂ ਦੇ ਸੰਕਟ ਵਿਚ ਫਸ ਗਿਆ ਹੈ। ਹੁਣ ਅਸੀਂ 'ਮੰਦਵਾੜੇ ਦੀ ਆਰਥਿਕਤਾ' ਦਾ ਸਾਹਮਣਾ ਕਰ ਰਹੇ ਹਾਂ, ਇਹ ਕੋਈ ਵਿਸ਼ੇਸ਼ ਸਥਿਤੀ ਨਹੀਂ ਹੈ ਸਗੋਂ ਆਮ ਵਰਤਾਰਾ ਹੈ। ਵਿਸ਼ਵ-ਪ੍ਰਬੰਧ ਦੇ ਸਿਧਾਂਤਕਾਰ ਇਮਾਨਿਊਲ ਵਾਲਸਟੀਨ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਜਿਸ ਨੂੰ ਲੰਘੇ ਦੋ ਦਹਾਕਿਆਂ ਵਿਚ ਵਿਸ਼ਵੀਕਰਨ ਕਿਹਾ ਕਰਦੇ ਸੀ, ਜਿਹੜਾ ਵਿਸ਼ਵ ਵਿਆਪੀ ਸੀ, ਅਸਲ ਵਿਚ ਉਹ ਮੌਜੂਦਾ ਪੂੰਜੀਵਾਦੀ ਸੰਸਾਰ ਪ੍ਰਬੰਧ ਦੀ ਥਾਂ ਕਿਸੇ ਹੋਰ ਪ੍ਰਬੰਧ ਦੇ ਹੋਂਦ ਵਿਚ ਆਉਣ ਲਈ ਇਕ 'ਤਬਦੀਲੀ ਵਾਲਾ' ਯੁੱਗ ਸੀ।

ਇਹ ਵੱਖਰਾ ਪ੍ਰਬੰਧ ਕੀ ਹੋਵੇਗਾ, ਇਸ ਬਾਰੇ ਇਸ ਪੜਾਅ ਉੱਤੇ ਸਾਨੂੰ ਪਤਾ ਨਹੀਂ ਹੈ ਅਤੇ ਨਾ ਹੀ ਅਸੀਂ ਜਾਣ ਸਕਦੇ ਹਾਂ। ਕਿਉਂਕਿ ਇਹ ਕੇਵਲ ਕੁਝ ਦੇਸ਼ਾਂ ਅਤੇ ਕਾਰਪੋਰੇਸ਼ਨ ਦੇ ਪ੍ਰਤੀਕਰਮਾਂ ਉੱਪਰ ਨਿਰਭਰ ਨਹੀਂ ਹੈ, ਸਗੋਂ ਇਹ ਪ੍ਰਤੀਕਰਮ ਮੁੱਖ ਰੂਪ ਵਿਚ, ਸੰਸਾਰ ਭਰ ਦੇ ਜਨ-ਸਮੂਹ ਦੇ ਪ੍ਰਤੀਕਰਮ ਉੱਪਰ ਨਿਰਭਰ ਕਰਦਾ ਹੈ। ਇਸਦੇ ਸਿਖ਼ਰ ਉੱਤੇ ਤਿੱਖੀ ਜਮਾਤੀ ਬੇਗਾਨਗੀ, ਬੇਕਿਰਕ ਲੁੱਟ ਅਤੇ ਪੂੰਜੀਵਾਦ ਦੀ ਪੈਦਾ ਕੀਤੀ ਹੋਈ ਹਰ ਪੱਧਰ ਉੱਪਰ ਨਾਬਰਾਬਰੀ ਹੈ। ਅਸੀਂ ਹੁਣ ਸੰਸਾਰ ਪੱਧਰ ਉੱਪਰ ਇਹਨਾਂ ਤਰੇੜਾਂ ਦੇ ਵੱਧਦੇ ਜਾਣ ਦੀ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ। ਜਿਥੋਂ ਤੱਕ, ਮਹਾਦੀਪਕ ਪੱਧਰ ਉੱਪਰ, ਇਸਦੀ ਮਾਣਯੋਗ ਲੀਡਰਸ਼ਿਪ ਨੂੰ ਨਿਰਧਾਰਤ ਕਰਨਾ ਹੈ ਅਤੇ ਇਸਦਾ ਉੱਤਰ ਕੇਵਲ ਇਨਕਲਾਬੀ ਲੀਡਰਸ਼ਿਪ ਹੀ ਹੈ। ਇੱਕਵੀਂ ਸਦੀ ਲਈ ਨਵੇਂ ਸਮਾਜਵਾਦ ਦਾ ਮਸਲਾ, ਦੱਖਣੀ (ਲਾਤੀਨੀ) ਅਮਰੀਕਾ ਦੇ ਦੇਸ਼ਾਂ ਕਿਊਬਾ, ਵੈਨਜ਼ੂਏਲਾ, ਬੁਲੀਵੀਆ, ਇਕਆਡੋਰ ਅਤੇ ਇਸਦੇ ਨਾਲ ਹੀ ਬਰਾਜ਼ੀਲ, ਮੈਕਸੀਕੋ, ਨਿਕਾਰਾਗੋਆ ਅਤੇ ਹੋਰਨੀਂ ਥਾਵੀਂ ਵੀ ਸੰਘਰਸ਼ ਜਾਰੀ ਹਨ। ਯਾਦ ਰਹੇ ਇਹ ਲਾਤੀਨੀ ਅਮਰੀਕਾ ਹੀ ਸੀ ਜਿਹੜਾ ਪਹਿਲਾਂ ਮਹਾਦੀਪ ਸੀ ਜਿਸਨੇ ਸਭ ਤੋਂ ਪਹਿਲਾਂ ਨਵ-ਉਦਾਰੀ ਵਿਸ਼ਵੀਕਰਨ ਦੇ ਜ਼ੋਰਦਾਰ ਹਮਲੇ ਦੇ ਸੰਤਾਪ ਨੂੰ ਹੰਢਾਇਆ ਸੀ, ਇਹ ਮਧਪੂਰਬ ਤੋਂ ਬਾਹਰ, ਲੰਘੀ ਸਦੀ ਦੀ ਆਖਰੀ ਚੌਥਾਈ ਵਿਚ, ਸੈਨਿਕ ਦਖ਼ਲਅੰਦਾਜ਼ੀ ਦੀ ਨਜ਼ਰ ਤੋਂ, ਸਭ ਤੋਂ ਵੱਧ ਕਹਿਰੀ-ਤਸ਼ੱਦਦ ਦਾ ਸ਼ਿਕਾਰ ਰਿਹਾ ਹੈ। ਇਹ ਅਮਰੀਕਨ ਅੰਤਰਰਾਸ਼ਟਰੀ ਪ੍ਰਭੂਤਾ ਦਾ ਮੁੱਢਲਾ ਆਧਾਰ ਸੀ, ਇਹ ਹੁਣ ਸੰਸਾਰ ਨੂੰ (ਨਵੀਆਂ ਸਥਿਤੀਆਂ ਵਿਚ) ਰਾਹ ਦਿਖਾ ਰਿਹਾ ਹੈ, ਨਾ ਕੇਵਲ ਜੀਵਨ ਨਿਰਵਾਹ ਦੀ ਬਰਾਬਰਤਾ ਦੇ ਮੌਕਿਆਂ ਲਈ ਸੰਘਰਸ਼ ਦੇ ਸੰਬੰਧ ਵਿਚ, ਜਿਹੜੀ ਕਿ ਬੇਹੱਦ ਜ਼ਰੂਰੀ ਹੈ, ਪਰੰਤੂ ਸਾਡੀ ਧਰਤੀ ਨੂੰ ਪੂੰਜੀਵਾਦੀ ਤਬਾਹੀ ਤੋਂ ਬਚਾਉਣ ਲਈ ਵੀ। ਜਿਵੇਂ ਏਵੋ ਮੁਰਾਲੇਧ ਨੇ ਕਿਹਾ ਹੈ, "ਮਨੁੱਖਤਾ ਧਰਤੀ ਨੂੰ ਬਚਾਉਣ ਦੇ ਸਮਰੱਥ ਹੈ, ਜੇਕਰ ਅਸੀਂ ਇਕਮੁੱਠਤਾ, ਪਰਸਪਰ ਸਹਿਯੋਗ ਅਤੇ ਪ੍ਰਕਿਰਤੀ ਨਾਲ ਇਕਸੁਰਤਾ ਦੇ ਅਸੂਲਾਂ ਨੂੰ, ਮੁਕਾਬਲੇਬਾਜ਼ੀ, ਮੁਨਾਫਿਆਂ ਅਤੇ ਕੁਦਰਤੀ ਭੰਡਾਰਾਂ ਦੇ ਸੋਮਿਆਂ ਦੀ ਤੇਜ਼ੀ ਨਾਲ ਖਪਤ ਦੇ ਮੁਕਾਬਲੇ ਦੇ ਰਾਜ ਦੀ ਥਾਂ, ਇਹਨਾਂ ਨੂੰ ਅਪਣਾ ਲਈਏ ਤਾਂ ਇਹੋ ਹੀ ਪੂੰਜੀਵਾਦ ਦੇ ਅਸਫਲ ਪ੍ਰਬੰਧ ਦਾ ਖੁਰਾਖੋਜ ਮਿਟਾ ਦੇਵੇਗਾ।"•

### ਯਾਦਾਂ ਸੰਨ ਸੰਤਾਲੀ

# ਦਰਦ ਦਾ ਬਿਰਤਾਂਤ

ਪੰਜਾਬੀ ਲੋਕਾਂ ਦੇ ਜੀਵਨ ਇਤਿਹਾਸ ਵਿਚ ਸੰਤਾਲੀ ਦਾ ਸਾਲ ਇੱਕ ਖ਼ਾਸ ਮਹੱਤਵ ਰੱਖਦਾ ਹੈ। ਭਾਰਤ ਦੇ ਦੋ ਹਿੱਸੇ ਬਣਾ ਦਿੱਤੇ ਗਏ ਪਾਕਿਸਤਾਨ ਬਣਨ ਨਾਲ ਜਿੱਥੇ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਉੱਥੇ ਇਸ ਵੰਡ ਨੇ ਲੋਕਾਂ ਦੇ ਜਜ਼ਬਿਆਂ ਨੂੰ ਐਸਾ ਵਲੂੰਦਰਿਆ ਕਿ ਇਕਾਹਟ ਸਾਲਾਂ ਬਾਅਦ ਵੀ ਉਸ ਘਟਨਾ ਉੱਪਰ ਲਿਖਿਆ ਸਾਹਿਤ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ, ਤੇ ਲੋਕਾਂ ਦੇ ਜਜ਼ਬਿਆਂ ਨੂੰ ਟੁੰਬਦਾ ਹੈ। ਹਰਚਰਨ ਸਿੰਘ ਦੀ ਹਥਲੀ ਪੁਸਤਕ ਇਕ ਵਾਰ ਫਿਰ ਉਸ ਦੁਖਦਾਈ ਘਟਨਾ ਵੱਲ ਸੰਵੇਦਨਸ਼ੀਲ ਪਾਠਕਾਂ ਨੂੰ ਰੂ-ਬ-ਰੂ ਕਰਵਾਉਂਦੀ ਹੈ ਤੇ ਕੁਝ ਨਵੀਆਂ ਹਿਰਦੇ ਵੇਦਕ ਘਟਨਾਵਾਂ ਦਾ ਪੁਨਰ ਰੂਪਾਂਤਰਣ ਕਰਦੀ ਹੈ। ਇਹ ਪੁਸਤਕ ਲੇਖਕ ਦੇ ਜੀਵਨ ਦਾ ਬਿਰਤਾਂਤ ਹੋਣ ਕਰਕੇ ਜਿੱਥੇ ਵਧੇਰੇ ਪ੍ਰਸੰਗਕ ਹੈ ਉੱਥੇ ਮਾਰਕਸਵਾਦੀ ਸੋਚ ਦੇ ਧਾਰਨੀ ਹੋਣ ਕਰਕੇ ਘਟਨਾਵਾਂ ਦੀ ਪੇਸ਼ਕਾਰੀ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਹੋਈ ਹੈ। ਇਸੇ ਕਰਕੇ ਇਹ ਰਚਨਾ ਕਿਸੇ ਕਿਸਮ ਦੀ ਉਪਭਾਵਕਤਾ ਤੋਂ ਮੁਕਤ ਹੈ।

ਆਪਣੇ ਤਨ 'ਤੇ ਹੰਢਾਈਆਂ ਘਟਨਾਵਾਂ ਦੇ ਪ੍ਰਤੀਨਿਧ ਬਿਰਤਾਂਤ ਨੂੰ ਲੇਖਕ ਕਾਲ ਕਰਮ ਦੀ ਲੜੀ ਅਨੁਸਾਰ ਪੇਸ਼ ਕਰਦਾ ਹੈ ਜਿਸ ਨਾਲ ਪਾਠਕ ਸਹਿਜ ਤੌਰ ਤੇ ਜੁੜ ਜਾਂਦਾ ਹੈ। ਇਹ ਸਹਿਜਤਾ ਪਾਠ ਦੇ ਆਰੰਭ ਤੋਂ ਅੰਤ ਤੱਕ ਬਣੀ ਰਹਿੰਦੀ ਹੈ। ਹੁਣ ਤੱਕ ਸੰਤਾਲੀ ਬਾਰੇ ਰਚੇ ਗਏ ਬਹੁਤੇ ਪੰਜਾਬੀ ਸਾਹਿਤ ਨੇ ਘਟਨਾਵਾਂ ਨੂੰ ਦੋਜੇਲੇ ਸੂਤਰਾਂ ਤੋਂ ਪ੍ਰਾਪਤ ਕੀਤਾ ਹੋਣ ਕਰਕੇ ਇਕ ਜਾਂ ਦੂਜੀ ਧਿਰ ਨੂੰ ਇਨ੍ਹਾਂ ਘਟਨਾਵਾਂ ਲਈ ਦੋਸ਼ੀ ਨਿਰਧਾਰਤ ਕੀਤਾ ਹੈ। ਇਸ ਕਰਕੇ ਸਾਡੇ ਸਾਹਿਤ ਵਿਚ ਉਲਾਰ ਤੇ ਉਪਭਾਵੁਕ ਬਿਰਤੀ ਤੋਂ ਮੁਕਤ ਸਾਹਿਤ ਨਾ ਮਾਤਰ ਹੀ ਹੈ। ਜੀਵਨੀ ਮੂਲਕ ਯਾਦਾਂ ਦਾ ਇਹ ਬਿਰਤਾਂਤ ਘਟਨਾਵਾਂ ਚਿਤਰਨ ਵੱਲ ਰੁਚਿਤ ਹੁੰਦਾ ਹੈ। ਪਾਤਰ ਸਿਰਜਣ ਵੱਲ ਨਹੀਂ। ਇਹ ਪਾਤਰਾਂ ਨੂੰ ਉਸੇ ਰੂਪ ਵਿਚ ਹੀ ਪੇਸ਼ ਕਰਦਾ ਹੈ ਜਿਸ ਰੂਪ ਵਿਚ ਉਹ ਵਿਚਰਦੇ ਰਹੇ ਹਨ। ਭਾਵੇਂ ਉਹ ਬਾਪ ਹੋਵੇ, ਭਾਵੇਂ ਮਾਂ ਹੋਵੇ, ਭਾਵੇਂ ਲੇਖਕ ਆਪ ਹੋਵੇ, ਭਾਵੇਂ ਹਿੰਦੂ ਪਾਤਰ ਹੋਣ ਭਾਵੇਂ ਸਿੱਖ ਤੇ ਭਾਵੇਂ ਮੁਸਲਮਾਨ ਪਾਤਰ ਹੋਣ। ਇਹੋ ਹੀ ਕਾਰਨ ਹੈ ਕਿ ਸੰਤਾਲੀ ਦਾ ਉਜਾੜਾ ਲੇਖਕ ਦੇ ਪਰਿਵਾਰ ਨੂੰ ਕਦੀ ਆਪਣੇ ਜੱਦੀ ਪਿੰਡ ਤੋਂ ਉਜੜਨ ਲਈ ਮਜਬੂਰ ਕਰਦਾ ਹੈ। ਜਿੱਥੋਂ ਉੱਠ ਕੇ ਕਦੇ ਉਹ ਬਾਰ ਵਸਾਉਣ ਲਈ ਪਾਕਿਸਤਾਨ ਵਾਲੇ ਭਾਰਤ ਵਿਚ ਗਏ ਸਨ ਅਤੇ ਅਪਣੇ ਖ਼ੂਨ ਪਸੀਨੇ ਨਾਲ ਬਾਰ ਵਸਾਉਣ ਵਾਲਿਆਂ ਨੂੰ ਅੰਤ ਘਰ ਬਾਰ ਛੱਡ ਭਾਰਤ ਆਉਣਾ ਪਿਆ। ਭਾਰਤ ਆ ਕੇ ਜਿੱਥੇ ਵੱਖ-ਵੱਖ ਰਿਸ਼ਤਿਆਂ ਦੀ ਅਸਲੀਅਤ ਦਾ ਗਿਆਨ ਕਰਵਾਇਆ, ਉਥੇ ਇਸ ਵੰਡ ਨਾਲ



ਹੋਈ ਲੁੱਟਮਾਰ ਤੇ ਉਸ ਨਾਲ ਬਦਲੀ ਆਰਥਿਕਤਾ ਨੇ ਰਿਸ਼ਤਿਆਂ ਵਿਚ ਵੀ ਤਰੇੜਾਂ ਪਾ ਦਿੱਤੀਆਂ। ਉਹ ਲਿਖਦਾ ਹੈ, "ਭਾਈਆ ਜੀ ਦਾ ਆਪਣੇ ਮਾਮੇ ਨਾਲ ਝਗੜਾ ਤਿੱਖਾ ਹੋ ਗਿਆ ਸੀ। ਦਰਅਸਲ ਝਗੜੇ ਦਾ ਕਾਰਨ ਵੀ ਮੁਸਲਮਾਨਾਂ ਦੀ ਲੁੱਟ ਨਾਲ ਨਾਨਕੇ ਪਰਿਵਾਰ ਵਿਚ ਗੈਰ ਕੁਦਰਤੀ ਤੇ ਇਕ ਦਮ ਆਈ ਖ਼ੁਸ਼ਹਾਲੀ ਅਤੇ ਸਾਡੇ ਪਰਿਵਾਰ ਵਿਚ ਲੁੱਟੇ ਪੁੱਟੇ ਜਾਣ ਨਾਲ ਆਰਥਿਕ ਨਿਘਾਰ ਹੀ ਸੀ", ਪਿਤਾ ਦੇ ਨਾਨਕਿਆਂ ਦਾ ਮੁਸੀਬਤ ਦੀ ਘੜੀ ਨੇ ਇਮਤਿਹਾਨ ਕਰਵਾ ਦਿੱਤਾ ਸੀ।

ਇਹ ਸੰਤਾਲੀ ਦੀ ਵੰਡ ਦਾ ਪ੍ਰਛਾਵਾਂ ਹੀ ਸੀ ਜਿਹੜਾ ਰੁੱਖ ਨਾਲ ਟੱਕਰਾਂ ਮਾਰਦੇ ਪਰਿਵਾਰ ਨੂੰ ਹਮੀਰੇ ਲੈ ਆਇਆ ਸੀ ਤੇ ਪੱਕੇ ਤੌਰ 'ਤੇ ਸਾਰੇ ਸ਼ਰੀਕੇ ਨੇ ਇਸ ਦੁਆਬੇ ਦੀ ਧਰਤੀ ਨੂੰ ਆਪਣੀ ਬਣਾ ਲਿਆ। ਲੇਖਕ ਨਾਲ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਇਥੇ ਹੀ ਵਾਪਰਿਆ ਪਿਤਾ ਦੀ ਮੌਤ ਰੇਲ ਗੱਡੀ ਹੇਠ ਆਉਣ ਨਾਲ ਕੀ ਹੋਈ ਕਿ ਮੁਸੀਬਤਾਂ ਦਾ ਪਹਾੜ ਲੇਖਕ ਦੇ ਅਨਾੜੀ ਤੇ ਅਲੂਏ ਮੋਢਿਆਂ 'ਤੇ ਆ ਗਿਆ। ਵੰਡ ਵੇਲੇ ਰਾਹਤ ਕੈਂਪਾਂ ਵਿਚ ਤਾਂ ਰੋਟੀ ਮਿਲਦੀ ਰਹੀ ਸੀ ਪਰ ਹੁਣ ਸਮੇਤ ਪਰਿਵਾਰ ਫਾਕੇ ਕੱਟਣੇ ਪੈ ਰਹੇ ਸਨ। ਇੱਥੇ ਹੀ ਚਾਚਿਆਂ ਤਾਇਆਂ ਨੇ ਮੂੰਹ ਫੇਰ ਲਏ। ਅਨਾਥ ਹੋਏ ਬੱਚਿਆਂ ਲਈ ਮਰੁੱਬਾਬੰਦੀ ਵੀ ਮੁਸੀਬਤਾਂ ਹੀ ਲੈ ਕੇ ਆਈ। ਸਾਰੇ ਸ਼ਰੀਕੇ ਨੇ ਸਭ ਤੋਂ ਮਾੜੀ ਜ਼ਮੀਨ ਲੇਖਕ ਦੇ ਪਰਿਵਾਰ ਨੂੰ ਮੁਰੱਬੇਬੰਦੀ ਵਿਚ ਪੁਆ ਦਿੱਤੀ।

ਲੇਖਕ ਦਾ ਸੰਤਾਲੀ ਦਾ ਸੰਤਾਪ ਹੁਣ ਪੂਰੇ ਜੋਬਨ 'ਤੇ ਸੀ ਜਦੋਂ ਇਸ ਪਿੰਡ ਨੂੰ ਵੀ ਅਲਵਿਦਾ ਆਖ ਆਪਣੇ ਨਾਨਕਿਆਂ ਦੇ ਕੋਲ ਯੂ. ਪੀ. ਜਾਣਾ ਪਿਆ। ਲੇਖਕ ਲਿਖਦਾ ਹੈ "ਦਾਦਕਿਆਂ ਦੀ ਹਮਦਰਦੀ ਨੇ ਤਾਂ ਸਾਨੂੰ ਹਮੀਰਿਉਂ ਹੀ ਹਿਜਰਤ ਕਰਵਾ ਦਿੱਤੀ ਸੀ ਹੁਣ ਨਾਨਕਿਆਂ ਨਾਲ ਬਣੀਆਂ ਮੋਹ ਮੁਹੱਬਤਾਂ ਦੀ ਪਰਖ਼ ਬਾਕੀ ਸੀ। ਬਡੋਪੱਲ ਜਿੱਥੇ ਸਾਨੂੰ ਜ਼ਮੀਨ ਦੀ ਮੁੜ ਅਲਾਟਮੈਂਟ ਹੋਈ ਸੀ। ਦੋ ਤਿੰਨ ਘਰਾਂ ਨੂੰ ਛੱਡ (ਜੋ ਸਿੱਖ ਸਨ) ਬਾਕੀ ਸਾਰਾ ਪਿੰਡ ਲੋਕਲ ਵਿਸ਼ਨੋਈਆਂ ਦਾ ਸੀ। ਵਿਸ਼ਨੋਈਆਂ ਵਲੋਂ ਤਾਂ ਸਾਨੂੰ ਹਰ ਸੰਭਵ ਹਮਾਇਤ ਮਿਲੀ ਪਰੰਤੂ ਪੰਜਾਬੀਆਂ ਸਾਨੂੰ ਪੁੱਜ ਕੇ ਔਖਿਆਂ ਕੀਤਾ। ਕਦੀ ਸਾਡੀ ਭੌਂ ਧੱਕੇ ਨਾਲ ਵਾਹ ਲੈਣੀ ਕਦੇ ਸਾਡੀ ਬੀਜੀ 'ਤੇ ਬੀਜ ਦੇਣੀ।" ਇਸ ਮੁਸੀਬਤ ਨੇ ਸਾਰੇ ਰਿਸ਼ਤਿਆਂ ਦੀ ਪਰਖ ਹੀ ਨਹੀਂ ਕਰਵਾਈ ਸਗੋਂ ਮਾਨਵ ਹਿਤੈਸ਼ੀ ਚਿਹਰਿਆਂ ਦੇ ਦਰਸ਼ਨ ਵੀ ਕਰਾਏ। ਸ਼ਹੀਦ ਭਗਤ ਸਿੰਘ ਜੀ ਦੀ ਭੈਣ ਉਨ੍ਹਾਂ ਵਿਚੋਂ ਪ੍ਰਤੀਨਿਧ ਬਣਕੇ ਉੱਭਰਦੀ ਹੈ ਭਾਵੇਂ ਸਰਕਾਰੇ ਦਰਬਾਰੇ ਉਸਦੀ ਏਨੀ ਪੁੱਛ ਨਹੀਂ ਸੀ ਤੇ ਲੋਕ ਵੀ ਫਿਰਕੂ ਆਧਾਰ 'ਤੇ ਵੰਡੇ ਹੋਏ ਸਨ। ਲੋਕਾਂ ਦੀਆਂ ਸਫਾਂ ਵਿਚ ਵੀ ਕੋਈ ਮਾਨਵ ਹਿਤੈਸ਼ੀ ਲਹਿਰ ਨਹੀਂ ਸੀ। ਫਿਰ ਵੀ ਬੀਬੀ ਅਮਰ ਕੌਰ ਲੇਖਕ ਦੀ ਧਿਰ ਬਣਕੇ ਖੜ੍ਹਦੀ ਸੀ। ਅਜਿਹੇ ਕੁਝ ਹੋਰ ਪਾਤਰ ਵੀ ਲੇਖਕ ਦੀ ਜ਼ਿੰਦਗੀ ਵਿਚ ਆਏ ਜਿਨ੍ਹਾਂ ਦੀ ਬਦੌਲਤ ਸੰਤਾਲੀ ਦਾ ਦੁਖਾਂਤ ਲੇਖਕ ਲਈ ਕੁਝ ਸਹਿਜ ਹੋਇਆ। ਇਨ੍ਹਾਂ ਵਿਚ ਉਹ ਮੁਸਲਮਾਨ ਵੀ ਸਨ ਜਿਨ੍ਹਾਂ ਨੇ ਥਾਂ ਪਰ ਥਾਂ ਇਨ੍ਹਾਂ ਦੀ ਮਦਦ ਕੀਤੀ।

ਦੁੱਖਾਂ ਦਰਦਾਂ ਦਾ ਇਹ ਬਿਰਤਾਂਤ ਤਿੰਨ ਕਾਲ ਖੰਡਾਂ ਵਿਚ ਫੈਲਿਆ ਹੋਇਆ ਹੈ। ਪਹਿਲੇ ਕਾਲ ਖੰਡ ਦਾ ਸਿੱਧਾ ਸੰਬੰਧ ਸੰਤਾਲੀ ਦੀ ਦਰਦਨਾਕ ਵੰਡ ਨਾਲ ਸੰਬੰਧਿਤ ਹੈ ਜਦੋਂ ਜਾਨ ਮਾਲ ਨੂੰ ਖਤਰਾ ਹੈ। ਖਤਰਾ ਇਕ ਕੌਮ ਨੂੰ ਦੂਸਰੀ ਕੌਮ ਤੋਂ ਹੋਣ ਕਰਕੇ ਸਾਰੇ ਇਸ ਸਮੱਸਿਆ ਨਾਲ ਇਕਮੁੱਠ ਹੋ ਕੇ ਜੂਝਦੇ ਹੋਏ ਕੇਵਲ ਜਾਨ ਹੀ ਬਚਾ ਪਾਉਂਦੇ ਹਨ। ਮਾਲ ਗਵਾ ਕੇ ਜਦੋਂ ਦੇਸ਼ ਪਰਤਦੇ ਹਨ ਤਾਂ ਪਨਾਹਗੀਰ ਜਾਂ ਰੀਫਿਊਜੀ ਦੇ ਵਿਸ਼ੇਸ਼ਣ ਨਾਮ ਨਾਲ ਆ ਜੁੜਦੇ ਹਨ। ਇਹ ਕਾਲ ਖੰਡ ਜਾਨ ਬਚੀ ਤੇ ਲਾਖ ਉਪਾਏ ਦੇ ਵਿਸ਼ੇਸ਼ਣ ਵਾਂਗ ਜਾਨ ਦੀ ਖ਼ਾਤਿਰ ਸਭ ਕੁਰਬਾਨ ਕਰਨ ਨਾਲ ਸਮਾਪਤ ਹੁੰਦਾ ਹੈ। ਇਹ ਦੁੱਖ ਰਾਜਸੀ ਲੀਡਰਾਂ ਦੇ ਮਖੌਟੇ ਵੀ ਉਤਾਰਦਾ ਹੈ।

ਦੁੱਖਾਂ ਦਰਦਾਂ ਦਾ ਦੂਸਰਾ ਬਿਰਤਾਂਤ ਪਹਿਲੇ ਦੇ ਮੁਕਾਬਲੇ ਬਹੁਤ ਲੰਬਾ ਹੈ। ਇਸ ਕਰਕੇ ਇਸ ਦੀ ਤੀਬਰਤਾ ਪਾਠਕ ਦੇ ਮਨ 'ਤੇ ਡੂੰਘਾ ਅਸਰ ਕਰਦੀ ਹੈ। ਇਸ ਵਿਚ ਵਾਰ ਕਰਨ ਵਾਲੀ ਧਿਰ ਬਿਗਾਨੀ ਨਾ ਹੋ ਕੇ ਆਪਣੀ ਹੈ। ਨਾਨਕੇ ਦਾਦਕੇ ਸ਼ਰੀਕੇ ਭਾਈਚਾਰੇ ਵਾਲੇ ਸਭ ਵਿਰੋਧੀ ਧਿਰ ਬਣਕੇ ਵਿਚਰਦੇ ਹਨ। ਇਸੇ ਸਮੇਂ ਦੌਰਾਨ ਪਿਤਾ ਜੀ ਦੀ ਮੌਤ ਨਾਲ ਦੁੱਖਾਂ ਦਰਦਾਂ ਦਾ ਜਿਹੜਾ ਪਹਾੜ ਲੇਖਕ 'ਤੇ ਟੁੱਟਦਾ ਹੈ। ਉਸ ਵਿਚ ਰੋਟੀ ਅਹਿਮ ਮਸਲਾ ਬਣ ਕੇ ਉਭਰਦੀ ਪੇਟ ਦੀ ਅੱਗ ਲਈ ਕੀ-ਕੀ ਕਰਨਾ ਪੈਂਦਾ। ਗਰੀਬ ਭੂਆ ਵੀ ਰੋਟੀ ਨਹੀਂ ਦੇ ਸਕਦੀ। ਭੁੱਖੇ ਪੇਟ ਗੰਨੇ ਚੂਪ ਕੇ ਗੁਜ਼ਾਰਾ ਕਰਨਾ ਪੈਂਦਾ ਹੈ। ਕੱਚੀਆਂ ਤੋਰੀਆਂ ਖਾਣੀਆਂ ਪੈਂਦੀਆਂ ਹਨ। ਰੁਜ਼ਗਾਰ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਨਹੀਂ ਮਿਲਦਾ। ਸਰਕਾਰੇ ਦਰਬਾਰੇ ਵੀ ਇਨਸਾਫ਼ ਨਹੀਂ ਹੈ। ਮਾੜੀ ਜ਼ਮੀਨ ਮਿਲਣ ਕਰਕੇ ਰਿਸ਼ਤੇਦਾਰੀ ਤੋਂ ਵੀ ਮੋਹ ਭੰਗ ਹੋ ਜਾਂਦਾ ਹੈ। ਫਿਰ ਦੌਰ ਸਥਾਪਤੀ ਲਈ ਸੰਘਰਸ਼ਾਂ ਦਾ ਦੌਰ ਹੈ। ਸਥਾਪਤੀ ਏਨੀ ਅਸਾਨ ਨਹੀਂ ਹੈ। ਬਾਪ ਦੀ ਵੱਡੀ ਕਬੀਲਦਾਰੀ ਦਾ ਬੋਝ ਚੋਰੀ ਤੱਕ ਕਰਨ ਲਈ ਮਜ਼ਬੂਰ ਕਰਦਾ ਹੈ ਜਿਸ ਗੁਨਾਹ ਦਾ ਅਹਿਸਾਸ ਸਾਰੀ ਉਮਰ ਪਿੱਛਾ ਨਹੀਂ ਛੱਡਦਾ।

ਦੁੱਖਾਂ ਦਰਦਾਂ ਦਾ ਤੀਸਰੇ ਕਾਲ ਖੰਡ ਵਿਚ ਫੈਲਿਆ ਬਿਰਤਾਂਤ ਬਹੁਤ ਹੀ ਸੂਖਮ ਤੇ ਚਿਰ ਸਦੀਵੀ ਹੈ। ਇਹ ਕੇਵਲ ਉਨ੍ਹਾਂ ਨੂੰ ਹੀ ਮਹਿਸੂਸ ਹੁੰਦਾ ਹੈ ਜਿਹੜੇ ਮਾਨਵਵਾਦੀ ਸੰਵੇਦਨਾ ਨਾਲ ਭਰੇ ਪਏ ਹਨ। ਲੇਖਕ ਦੀ ਸੰਘਰਸ਼ਾਂ ਨਾਲ ਪ੍ਰਾਪਤ ਕੀਤੀ ਟੁੱਟੀ ਭੱਜੀ ਸਥਾਪਤੀ ਨੇ ਉਸਨੂੰ ਰੋਟੀ ਖਾਣ ਜੋਗੇ ਕਰ ਦਿੱਤਾ। ਭਾਵੇਂ ਸੰਤਾਲੀ ਦੇ ਪਛਾਵੇਂ ਨੇ ਉਸਦੇ ਪਰਿਵਾਰ ਤੇ ਉਸਦੇ ਸਰੀਰ ਉੱਪਰ ਸਦੀਵੀ ਨਿਸ਼ਾਨ ਛੱਡੇ ਹਨ ਜਿਹੜੇ ਲੇਖਕ ਨੂੰ ਇਸ ਜਨਮ ਵਿਚ ਕਦੀ ਵੀ ਨਹੀਂ ਭੁੱਲਣੇ। ਪਰ ਫਿਰ ਵੀ ਆਪਣੀ ਜਨਮ ਭੂਮੀ ਨੂੰ ਦੇਖ ਲੈਣ ਦੀ ਇਕ ਤੀਬਰ ਇੱਛਾ ਬਾਰ-ਬਾਰ ਮਨ ਵਿਚ ਪੈਦਾ ਹੁੰਦੀ ਰਹਿੰਦੀ ਹੈ। ਅਠਵੰਜਾ ਸਾਲਾਂ ਦੇ ਅਰਸੇ ਬਾਅਦ ਜਦੋਂ ਲੇਖਕ ਆਪਣੀ ਜਨਮ ਭੂਮੀ ਦੇਖਣ ਦੇ ਮਨੋਰਥ ਨਾਲ ਪਾਕਿਸਤਾਨ ਜਾਂਦਾ ਹੈ ਤਾਂ ਸਾਰੇ ਸੁਪਨੇ ਚੂਰ-ਚੂਰ ਹੋ ਜਾਂਦੇ ਹਨ। ਆਪਣੀ ਧਰਤੀ ਪਰਾਈ ਹੋ ਕੇ ਬਰਬਾਦ ਹੋਈ ਨਹੀਂ ਦੇਖੀ ਜਾਂਦੀ। ਉਹ ਘਰ ਹੁਣ ਪਛਾਣਿਆ ਨਹੀਂ ਜਾਂਦਾ ਉਸ ਘਰ ਦੇ ਨਿੱਕੇ-ਨਿੱਕੇ



ਕਈ ਘਰ ਬਣ ਗਏ ਹਨ। ਲੇਖਕ ਵਾਂਗ ਇਧਰੋਂ ਉੱਜੜ ਕੇ ਗਏ ਲੋਕਾਂ ਦੀ ਕਹਾਣੀ ਉਸ ਤੋਂ ਵੱਖਰੀ ਨਹੀਂ। ਲੇਖਕ ਵਾਂਗ ਉਨ੍ਹਾਂ ਨੂੰ ਵੀ ਜੀਉਂਦੇ ਜੀਅ ਇਹ ਦਰਦ ਨਹੀਂ ਭੁੱਲਣਾ।

ਲੇਖਕ ਬੜੇ ਹੀ ਆਸ਼ਾਵਾਦੀ ਢੰਗ ਨਾਲ ਉਸ ਧਰਤੀ ਤੋਂ ਵਿਦਾ ਹੁੰਦਾ ਹੈ ਜਿਸ ਧਰਤੀ ਨੂੰ ਦੇਖਣਾ ਤੇ ਨਤਮਸਤਕ ਹੋਣਾ ਹੁਣ ਉਸ ਲਈ ਖ਼ਤਰੇ ਤੋਂ ਖਾਲੀ ਨਹੀਂ। ਇੱਥੇ ਹੀ ਦੁੱਖਾਂ ਦਰਦਾਂ ਦੇ ਬਿਰਤਾਂਤ ਦੀ ਚੌਥੀ ਤੇ ਸਭ ਤੋਂ ਅਹਿਮ ਲੜੀ ਸ਼ੁਰੂ ਹੁੰਦੀ ਹੈ ਜਿਸ ਦਾ ਸੰਬੰਧ ਫਿਰ ਭਾਰਤ ਤੇ ਪਾਕਿ ਦੇ ਲੋਕਾਂ ਨਾਲ ਹੈ। ਇਹ ਨਵ ਬਸਤੀਵਾਦੀ ਦੌਰ ਦੀ ਗ੍ਰਿਫਤ ਵਿਚ ਆ ਰਹੇ ਭਾਰਤੀ ਤੇ ਪਾਕਿਸਤਾਨੀ ਲੋਕਾਂ ਦੇ ਦਰਦਾਂ ਦਾ ਬਿਰਤਾਂਤ ਹੈ। ਜਿਸਦਾ ਆਰੰਭ ਹੋ ਚੁੱਕਾ ਹੈ। ਜਿਸਨੇ ਛੇਤੀ ਹੀ ਦੋਹਾਂ ਦੇਸ਼ਾਂ ਦੇ ਵਸਨੀਕਾਂ ਨੂੰ ਆਪਣੀ ਜਕੜ ਵਿਚ ਲੈ ਲੈਣਾ ਹੈ। ਜਿੱਥੇ ਇਸ ਪੁਸਤਕ ਦਾ ਆਰੰਭ ਭਾਰਤ ਦੀ ਆਜ਼ਾਦੀ ਤੇ ਬਸਤੀਵਾਦੀ ਦੌਰ ਦੇ ਅੰਤ ਨਾਲ ਹੁੰਦਾ ਹੈ। ਉਹ ਬੇਵੱਸ ਲੋਕ ਲੇਖਕ ਨੂੰ ਦੱਸਦੇ ਹਨ ਕਿ "ਸਭ ਕੁਝ ਵਿਕਾਊ ਹੈ, ਸਾਰਾ ਦੇਸ਼ ਵੇਚੀ ਜਾ ਰਹੇ ਹਨ, ਅਸੀਂ ਬੇਵੱਸ ਹਾਂ।" ਮੈਂ ਅਨੁਭਵ ਕੀਤਾ ਕਿ ਟੈਲੀਫੋਨ ਮਹਿਕਮੇ ਦੇ ਮੁਲਾਜ਼ਮ ਦੀ ਦੁਖਦੀ ਰਗ 'ਤੇ ਹੱਥ ਰੱਖਿਆ ਹੈ। ਭਾਰਤ ਵਿਚ ਵੀ ਟੈਲੀਫੋਨ ਮਹਿਕਮੇ ਦੀ ਇਹੋ ਹੀ ਦੁਰਦਸ਼ਾ ਹੈ। ਸਾਰਾ ਸੰਚਾਰ ਪ੍ਰਾਈਵੇਟ ਹੱਥਾਂ ਵਿਚ ਚਲਿਆ ਗਿਆ ਹੈ।" ਇਸ ਤਰੀਕੇ ਨਾਲ ਦੁੱਖਾਂ ਦੀ ਅਗਲੀ ਕੜੀ ਨਾਲ ਹੀ ਆ ਜੁੜਦੀ ਹੈ ਭਾਵੇਂ ਇਹ ਪੁਸਤਕ ਗੈਰ ਸਾਹਿਤਕ ਵਿਅਕਤੀ ਦੀ ਜੀਵਨੀ ਦਾ ਬਿਰਤਾਂਤ ਹੈ ਪਰ ਇਸਦੀ ਪੇਸ਼ਕਾਰੀ ਬਾਕਮਾਲ ਹੈ। ਆਪਣੀ ਸ਼ੈਲੀ ਕਰਕੇ ਵੀ ਇਹ ਪੁਸਤਕ ਖ਼ਾਸ ਧਿਆਨ ਖਿੱਚਦੀ ਹੈ। ਭਾਵੇਂ ਇਹ ਬੜਾ ਸਰਲ ਜਾਪਦਾ ਹੈ ਪਰ ਯਾਦਾਂ ਦੀ ਪਟਾਰੀ ਵਿਚੋਂ ਯਾਦਾਂ ਦੀ ਇਕ-ਇਕ ਤੰਦ ਨੂੰ ਫੜਨਾ ਇਹ ਵੀ ਖ਼ਾਸ ਮੁਹਾਰਤ ਦਾ ਲਿਖਾਇਕ ਹੈ। ਘਟਨਾਵਾਂ ਪਾਤਰਾਂ ਦਾ ਸਹਿਜ ਰੂਪ ਵਿਚ ਪੇਸ਼ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਲੇਖਕ ਭਾਵੇਂ ਆਪਣੇ ਜੀਵਨ ਦੀ ਪਹਿਲੀ ਪੁਸਤਕ ਲਿਖ ਰਿਹਾ ਹੈ ਪਰ ਸਾਹਿਤ ਪ੍ਰਤੀ ਉਸਦੀ ਪਕੜ ਬੜੀ ਵਿਗਿਆਨਕ ਤੇ ਸੁਹਜਾਤਮਿਕ ਹੈ। ਪੁਸਤਕ ਨੂੰ ਜੀ ਆਇਆਂ ਨੂੰ ਆਖਣਾ ਬਣਦਾ ਹੈ।

(ਡਾ. ਤੇਜਿੰਦਰ ਵਿਰਲੀ, 51 ਨੀਊ ਸ਼ੀਤਲ ਨਗਰ (ਜਲੰਧਰ)

ਪੁਸਤਕ ਚਰਚਾ

## ਮਨੁੱਖੀ ਮਨ ਦੀਆਂ ਦੋ ਅਵਸਥਾਵਾਂ ਦਾ ਦਾਰਸ਼ਨਿਕ ਸੰਵਾਦ

## ਮਹਾਂ ਕੰਬਣੀ

ਦਰਸ਼ਨ ਬੁੱਟਰ ਦਾ ਹਰ ਕਾਵਿ ਸੰਗ੍ਰਹਿ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਕਰਦਾ ਹੈ। ਹਰ ਵਾਰ ਉਸਦੇ ਕਾਵਿ ਅਨੁਭਵ ਦੀ ਮੌਲਿਕਤਾ, ਸ਼ੁੱਧਤਾ, ਤੀਬਰਤਾ ਤੇ ਤੀਖਣਤਾ ਵਿਚੋਂ ਇਕ ਨਵੇਂ ਦਾਰਸ਼ਨਿਕ ਵਿਚਾਰ ਬੋਧ ਦਾ ਜਨਮ ਹੁੰਦਾ ਹੈ, ਜੋ ਪੰਜਾਬੀ ਕਵਿਤਾ ਦੀਆਂ ਕਈ ਰਵਾਇਤਾਂ ਤੇ ਸਥਾਪਨਾਵਾਂ ਤੋਂ ਪਾਰ ਜਾਣ ਦੀ ਹਿੰਮਤ ਰੱਖਦਾ ਹੈ। ਉਸਦੇ ਨਵੇਂ ਤੇ ਛੇਵੇਂ ਕਾਵਿ ਸੰਗ੍ਰਹਿ "ਮਹਾਂ ਕੰਬਣੀ" ਰਾਹੀਂ ਮਨੁੱਖੀ ਹੋਂਦ

ਦੇ ਬਾਹਰੀ ਯਥਾਰਥ ਦੇ ਨਾਲ-ਨਾਲ ਉਸਦੇ ਅਣਕਹੇ ਤੇ ਅਣਕਿਆਸੇ ਅੰਤਰੀਵੀ ਯਥਾਰਥ ਦੀ ਮਨੋ-ਸੰਵਾਦੀ ਅਵਸਥਾ ਨੂੰ ਸੰਵੇਦਨਾਤਮਕ ਧਰਾਤਲ ਤੇ ਰੂਪਮਾਨ ਕਰਨ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਬਾਹਰੀ ਤੌਰ 'ਤੇ ਅੱਜ ਦਾ ਮਨੁੱਖ ਸੁੱਖ ਸੁਵਿਧਾਵਾਂ ਭਰਪੂਰ ਸਬੂਤਾ ਜੀਵਨ ਜਿਊਣ ਦਾ ਵਿਖਾਵਾ ਕਰਦਾ ਹੈ ਪਰ ਉਸਦੇ ਅੰਦਰੋਂ ਗੂੰਜਦੀ "ਆਪਨਾ ਮੂਲ ਪਛਾਣ" ਦੀ ਧੁਨੀ ਉਸਨੂੰ ਮਾਨਸਿਕ ਤੌਰ ਤੇ ਸਹਿਜ ਨਹੀਂ ਰਹਿਣ ਦਿੰਦੀ। ਆਪਨੀ ਹੋਂਦ ਨਾਲ ਜੁੜੀਆਂ ਕਈ ਜਗਿਆਸਾਵਾਂ ਤੇ ਉਲਝਣਾਂ ਜਦੋਂ ਉਸਨੂੰ ਸਵੈ-ਸੰਵਾਦੀ ਅਵਸਥਾ ਤੀਕ ਲੈ ਜਾਂਦੀਆਂ ਹਨ ਤਾਂ ਉਹ ਆਪਨੀਆਂ ਮਾਨਸਿਕ ਤ੍ਰਿਪਤੀਆਂ ਅਤੇ ਇੱਛਾਵਾਂ ਦਾ ਸਮਾਧਾਨ ਵੀ ਇਸੇ ਸੰਵਾਦ ਵਿਚੋਂ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਵੀ ਮਨੁੱਖੀ ਮਨ ਦੀ ਇਸ ਦਵੰਦਆਤਮਿਕ ਅਵਸਥਾ ਨੂੰ ਪੰਜ ਭੂਤਕੀ ਤੱਤਾਂ ਦੀ ਮਹਾਂ ਕੰਬਣੀ ਵਿਚੋਂ ਉਪਜੇ ਸੰਵਾਦ ਰਾਗ ਦਾ ਨਾਂ ਦਿੰਦਾ ਹੈ।

ਇਸ ਪੁਸਤਕ ਵਿਚ ਵੱਖ-ਵੱਖ ਸਿਰਲੇਖਾਂ ਹੇਠ ਸ਼ਾਮਿਲ ਚੁਤਾਲੀ ਕਵਿਤਾਵਾਂ ਅਸਲ ਵਿਚ ਇਕ ਹੀ ਲੰਮੀ ਕਵਿਤਾ ਦੇ ਚੁਤਾਲੀ ਭਾਗ ਹਨ। ਇਹ ਲੰਮੀ ਕਵਿਤਾ ਮਨੁੱਖੀ ਜੀਵਨ ਦਰਸ਼ਨ ਦੀਆਂ ਨਿਜੀ ਕਿਸਮ ਦੀਆਂ ਸਮਾਧਾਨ ਯੁਕਤ ਜਗਿਆਸਾਵਾਂ ਦੇ ਨਾਲ-ਨਾਲ ਇਸ ਦਰਸ਼ਨ ਨੂੰ ਪ੍ਰਭਾਵਿਤ ਕਰਦੀ ਸਮਾਜਿਕ ਅਤੇ ਆਰਥਿਕ ਵਿਵਸਥਾ ਬਾਰੇ ਵੀ ਬਹੁ-ਪਰਤੀ - ਬਹੁਅਰਥੀ ਤੇ ਬਹੁ-ਸਰੋਕਾਰੀ ਸੰਵਾਦ ਸਿਰਜਦੀ ਹੈ। ਇਸ ਕਵਿਤਾ ਦਾ ਹਰ ਭਾਗ ਦੋ ਪੰਨਿਆਂ ਤੇ ਅਧਾਰਿਤ ਹੈ। ਕਵਿਤਾ ਦਾ ਪਹਿਲਾ ਪੰਨਾ ਮਨੁੱਖੀ ਮਨ ਦੀ ਅੰਤਰਦਵੰਦੀ ਅਵਸਥਾ ਵਿਚੋਂ ਉਪਜਦੀਆਂ ਜਗਿਆਸਾਵਾਂ ਦਾ ਵਰਨਣ ਕਰਦਾ ਹੈ ਤਾਂ ਅਗਲੇ ਪੰਨੇ ਰਾਹੀਂ ਜਾਗਦੀ ਜ਼ਮੀਰ ਤਾਂ ਵਿਵੇਕ ਰੂਪੀ ਗੁਰਦੇਵ ਇਨ੍ਹਾਂ ਜਗਿਆਸਾਵਾਂ ਦਾ ਤਰਕਮਈ ਭਾਸ਼ਾ ਵਿਚ ਨਿਵਾਰਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਨੁੱਖੀ ਮਨ ਦੀ ਚੇਤਨ ਅਤੇ ਅਵਚੇਤਨ ਸਥਿਤੀ ਦੇ ਤਣਾਅ ਵਿਚੋਂ ਮਨੁੱਖਤਾ ਦੇ ਹਾਣ ਦੀ ਰੂਹਾਨੀ ਤ੍ਰਿਪਤੀ ਦੀ ਤਲਾਸ਼ ਉਸਦੀ ਕਵਿਤਾ ਦਾ ਵਿਸ਼ੇਸ਼ ਖਾਸਾ ਹੈ -

ਚੇਤਨਾ ਵਿਚ ਗੁਫਾਵਾਂ ਦਾ ਅੰਧਕਾਰ
ਅਵਚੇਤਨ ਵਿਚ ਸੂਰਜਾਂ ਦਾ ਪਰਿਵਾਰ
ਰੂਹ ਦੀ ਮਿੱਟੀ ਵਿਚ ਕਿਹੜਾ ਰੰਗ ਬੀਜਾਂ
ਕਿ ਧੁੱਪ ਦੇ ਰੰਗ ਖਿੜ ਪੈਣ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਜਦੋਂ ਮਨੁੱਖੀ ਅੰਤਹਕਰਨ ਦੀਆਂ ਡੂੰਘਾਣਾ ਵਿਚ ਪਈਆਂ ਅਤ੍ਰਿਪਤੀਆਂ ਤੇ ਸ਼ੰਕਾਵਾਂ ਦਾ ਸਮਾਧਾਨ ਕੀਤੇ ਜਾਣ ਦੀ ਇੱਛਾ ਵਿਅਕਤ ਕਰਦੀਆਂ ਹਨ ਤਾਂ ਇਨ੍ਹਾਂ ਵਿਚਲਾ ਬੌਧਿਕ ਤੇ ਵਿਗਿਆਨਕ ਤੱਤ ਆਪਨੀ ਨਿਰਣਾਇਕ ਭੂਮਿਕਾ ਪੂਰੀ ਇਮਾਨਦਾਰੀ ਨਾਲ ਨਿਭਾਉਂਦਾ ਹੈ। ਕਵੀ ਉਕਤ ਮਨੁੱਖੀ ਪ੍ਰਵਿਰਤੀਆਂ ਵਿਚੋਂ ਹੀ ਮਨੁੱਖੀ ਜੀਵਨ ਨੂੰ ਸਾਰਥਿਕ ਬਣਾਉਣ ਦਾ ਰਾਹ ਤਲਾਸ਼ ਲੈਂਦਾ ਹੈ। ਉਹ ਹਰ



ਹਾਲਤ ਵਿਚ ਜ਼ਿੰਦਗੀ ਦੀ ਨਿਰੰਤਰ ਯੋਗਤਾ ਬਣਾਈ ਰੱਖਣ ਦਾ ਇੱਛੁਕ ਹੈ, ਇਸ ਲਈ ਉਸਦੀਆਂ ਕਵਿਤਾਵਾਂ ਅਪੂਰਤੀ ਤੇ ਤੜਫ ਦੇ ਦਰਦ ਨੂੰ ਮਨੁੱਖੀ ਕ੍ਰਿਆਸ਼ੀਲਤਾ ਲਈ ਅਤਿਅੰਤ ਜ਼ਰੂਰੀ ਕਰਾਰ ਦਿੰਦੀਆਂ ਹਨ -

ਵਰ ਨਹੀਂ ਦੇ ਸਕਦਾ ਤੈਨੂੰ
ਅਮਰ ਹੋਣ ਦਾ
ਸਿਰਫ਼ ਸਰਾਪ ਦੇ ਸਕਦਾ ਹਾਂ
ਕਿ
ਤੇਰੀ ਮਿੱਟੀ ਵਿਚ ਤੜਫ ਜਿੰਦਾ ਰਹੇ
ਕਦੇ ਮੁਕੰਮਲ ਨਾ ਹੋਵੇ ਤੇਰੀ ਤਲਾਸ਼.....

ਕਾਦਰ ਤੇ ਕੁਦਰਤ ਨਾਲ ਮੋਹ ਦਰਸ਼ਨ ਬੁੱਟਰ ਦੀ ਕਵਿਤਾ ਨੂੰ ਇਕ ਹੋਰ ਨਵਾਂ ਪਸਾਰ ਦਿੰਦੀ ਹੈ। ਕਵੀ ਅਨੁਸਾਰ ਅੱਜ ਦਾ ਮਨੁੱਖ ਕੁਦਰਤ ਨਾਲੋਂ ਟੁੱਟ ਕੇ ਜਿਥੇ ਬੇ-ਤਰਤੀਬੀ ਜ਼ਿੰਦਗੀ ਜਿਉਂ ਰਿਹਾ ਹੈ ਉਥੇ ਆਪਨੇ ਜੀਵਨ ਦੀ ਸਹਿਜਤਾ ਤੇ ਸੁਭਾਵਿਕਤਾ ਵੀ ਗੁਆ ਬੈਠਾ ਹੈ। ਕੁਦਰਤ ਦਾ ਹਰ ਵਹਿਣ ਮਨੁੱਖੀ ਜ਼ਿੰਦਗੀ ਨੂੰ ਨਵਾਂ ਹੁਲਾਰਾ ਦਿੰਦਾ ਹੈ। ਕਵਿਤਾ ਦੇ ਭਾਵਨਾਤਮਕ ਸਿੱਟੇ ਅਨੁਸਾਰ ਕੁਦਰਤ ਹੀ ਸਾਨੂੰ ਬ੍ਰਹਿਮੰਡੀ ਚੇਤਨਾ ਦੇ ਨੇੜੇ ਲੈ ਕੇ ਜਾਂਦੀ ਹੈ ਅਤੇ ਅਸੀਂ ਅਨੰਦ ਦੀ ਸਿਖ਼ਰਲੀ ਅਵਸਥਾ ਤੀਕ ਪਹੁੰਚ ਸਕਦੇ ਹਾਂ। ਉਸਦੀ ਕਵਿਤਾ 'ਤੱਤ ਲੀਲਾ' ਅਨੁਸਾਰ ਅੱਗ, ਪਾਣੀ, ਹਵਾ, ਮਿੱਟੀ ਤੇ ਆਕਾਸ਼ ਰੂਪੀ ਪੰਜ ਭੂਤਕੀ ਤੱਤਾਂ ਦੇ ਕੁਦਰਤੀ ਗੁਣ ਹੀ ਮਨੁੱਖੀ ਜੀਵਨ ਨੂੰ ਸਿਰਜਨਾਤਮਕ ਊਰਜਾ ਪ੍ਰਦਾਨ ਕਰਦੇ ਹਨ। ਕਾਦਰ ਤੇ ਮਨੁੱਖ ਵਿਚਲੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਦਿਆਂ ਕਵੀ ਆਖਦਾ ਹੈ -

ਫੁੱਲ ਤੇਰੇ ਲਈ ਖਿੜਦੇ,
ਪੰਛੀ ਤੇਰੇ ਲਈ ਚਹਿਕਦੇ,
ਕੁਦਰਤ ਤੇਰੇ ਲਈ ਮੌਲਦੀ,
ਕੋਰੀ ਕੈਨਵਸ ਲਈ ਰੰਗ ਲੈ ਕੇ,
ਮੈਂ ਖੁਦ ਹਾਜ਼ਰ ਹਾਂ।

ਦਰਸ਼ਨ ਬੁੱਟਰ ਦੀਆਂ ਕਵਿਤਾਵਾਂ ਅਜੋਕੇ ਪੂੰਜੀਵਾਦੀ ਯੁੱਗ ਦੇ ਖਪਤ ਕਲਚਰ ਦੇ ਸ਼ਿਕਾਰ ਮਨੁੱਖ ਨੂੰ ਵਿਸ਼ੇਸ਼ ਤਰਸ ਦੀ ਨਿਗ੍ਹਾ ਨਾਲ ਵੇਖਦੀਆਂ ਹਨ। ਕਵੀ ਅਨੁਸਾਰ ਲਗਾਤਾਰ ਬੇਵਿਸ਼ਵਾਸੀ ਤੇ ਅਸੁਰੱਖਿਅਤਾ ਦੀ ਭਾਵਨਾ ਹੰਢਾ ਰਿਹਾ ਅੱਜ ਦਾ ਵਿਸ਼ਵੀ ਮਨੁੱਖ ਪਦਾਰਥਕ ਪ੍ਰਾਪਤੀਆਂ ਨਾਲ ਮਾਲਾਮਾਲ ਹੈ, ਪਰ ਮਾਨਵੀ ਗੁਣਾਂ ਤੇ ਜ਼ਮੀਰ ਪੱਖੋਂ ਉਹ ਅਤਿਅੰਤ ਕੰਗਾਲੀ ਦੀ ਜੂਨ ਹੰਢਾ ਰਿਹਾ ਹੈ। ਉਸਦੀ ਕਵਿਤਾ ਦੱਸਦੀ ਹੈ ਕਿ ਜ਼ਮੀਨ ਵੇਚ ਕੇ ਖਰੀਦੀਆਂ ਸੁੱਖ ਸੁਵਿਧਾਵਾਂ ਮਨੁੱਖ ਲਈ ਪੂਰੀ ਤਰ੍ਹਾਂ ਸਵੈ-ਵਿਨਾਸ਼ਕ ਹਨ। ਸਮਾਜ ਦੀ ਪੂੰਜੀ ਅਧਾਰਤ ਮਨਸੂਈ ਪ੍ਰਗਤੀ ਅਤੇ ਉੱਤਰ-ਆਧੁਨਿਕਤਾਵਾਦ ਨੇ ਸੰਵੇਦਨਾਤਮਕ ਪੱਧਰ ਤੇ ਸਾਡਾ ਨਾ

ਪੂਰੇ ਜਾਣ ਯੋਗ ਨੁਕਸਾਨ ਕੀਤਾ ਹੈ। ਸਾਡੀ ਅਜੋਕੀ ਸਮਾਜਿਕ ਹੋਂਦ 'ਤੇ ਇਸ ਤੋਂ ਗੰਭੀਰ ਤੇ ਸੂਖਮ ਵਿਅੰਗ ਹੋਰ ਕੀ ਹੋ ਸਕਦਾ ਹੈ —

ਬੇਗਾਨੀ ਪੀੜ ਦੇ ਰੂਬਰੂ ਹੁੰਦਿਆਂ
ਕੋਸਮੈਟਿਕੀ ਅੱਥਰੂ ਵਹਾ ਕੇ ਸੁਰਖਰੂ ਹੋਈਏ
ਸਾਡੇ ਹਾਸੇ ਹੀ ਨਹੀਂ
ਹਾਉਂਕੇ ਵੀ ਉੱਤਰ ਆਧੁਨਿਕ ਹੋ ਗਏ।

ਇਸ ਪੁਸਤਕ ਵਿਚ ਸ਼ਾਮਿਲ ਕਵਿਤਾਵਾਂ ਸਮਾਜਿਕ ਪ੍ਰਗਤੀ ਦੇ ਨਾਂ ਤੇ ਹੋ ਰਹੇ ਸਮਾਜਿਕ ਨੁਕਸਾਨ ਦੀ ਪੂਰਤੀ ਲਈ ਆਪਣੇ ਵਲੋਂ ਯਥਾਸੰਭਵ ਯੋਗਦਾਨ ਪਾਉਣ ਦੀ ਭਰਪੂਰ ਕੋਸ਼ਿਸ਼ ਕਰਦੀਆਂ ਹਨ। ਇਹ ਕਵਿਤਾਵਾਂ ਸਮਾਜ ਵਿਚ ਦੂਹਰੀ ਗੁਲਾਮੀ ਭੋਗ ਰਹੇ ਨਾਰੀ ਵਰਗ ਦੀਆਂ ਸੰਵੇਦਨਾਵਾਂ ਨੂੰ ਸੰਘਰਸ਼ ਦੀ ਭਾਵਨਾ ਵਿਚ ਤਬਦੀਲ ਕਰਨ ਸਬੰਧੀ ਵੀ ਸੁਹਿਰਦ ਕੋਸ਼ਿਸ਼ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਭਾਵਨਾਤਮਕ ਪਹੁੰਚ ਪਾਠਕੀ ਮਨਾਂ ਵਿਚ ਤਾਜ਼ਗੀ ਦੇ ਅਹਿਸਾਸ ਪੈਦਾ ਕਰਦੀ ਹੈ। ਪੁਸਤਕ ਵਿਚ ਸ਼ਾਮਿਲ ਹਰ ਕਵਿਤਾ ਦੀ ਦੂਸਰੀ ਪੜ੍ਹਤ ਉਸਦੇ ਸੁਹਜ ਸਵਾਦ ਵਿਚ ਹੋਰ ਵਾਧਾ ਕਰਨ ਦੇ ਨਾਲ-ਨਾਲ ਆਪਣੇ ਅਰਥਾਂ ਦੀ ਵਿਸ਼ਾਲਤਾ ਦਾ ਅਹਿਸਾਸ ਵੀ ਕਰਾ ਦਿੰਦੀ ਹੈ। ਉਸ ਵਲੋਂ ਮਨੁੱਖੀ ਮਨ ਦੀਆਂ ਦੋ ਅਵਸਥਾਵਾਂ ਦੀ ਸਮਾਂਨਤਰ ਪੇਸ਼ਕਾਰੀ ਕੀਤੇ ਜਾਣ ਸੰਬੰਧੀ ਕੀਤਾ ਨਵਾਂ ਤੇ ਨਿਵੇਕਲਾ ਤਜਰਬਾ ਪੰਜਾਬੀ ਕਵਿਤਾ ਦੀ ਵਿਆਪਕ ਅਭਿਵਿਅਕਤੀਗਤ ਸਮਰੱਥਾ ਦਾ ਪੁਖਤਾ ਗਵਾਹ ਬਣਦਾ ਹੈ। ਨਿਰਸੰਦੇਹ ਇਸ ਨਵੇਂ ਭਾਵ ਬੋਧ ਵਾਲੇ ਕਾਵਿ ਸੰਗ੍ਰਹਿ ਦੇ ਪ੍ਰਕਾਸ਼ਨ ਨਾਲ ਦਾਰਸ਼ਨਿਕ ਕਵਿਤਾ ਦੇ ਖੇਤਰ ਵਿਚ ਦਰਸ਼ਨ ਬੁੱਟਰ ਦੀ ਪਹਿਚਾਣ ਦੇ ਰੰਗ ਹੋਰ ਗੂੜ੍ਹੇ ਹੋਏ ਹਨ।

ਨਿਰੰਜਣ ਬੋਹਾ
ਪਿੰਡ ਤੇ ਡਾਕ. ਬੋਹਾ (ਮਾਨਸਾ)

**ਯਾਦਾਂ ਸੰਨ ਸੰਤਾਲੀ**
ਕਾਮਰੇਡ ਹਰਚਰਨ ਸਿੰਘ ਕਪੂਰਥਲਾ
ਮੁੱਲ 80/-, ਪੰਨੇ 136
ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ



ਨਜ਼ਮ

## ਫ਼ਰਕ

ਮੰਗਤ ਰਾਮ ਪਾਸਲਾ

ਕਦੀਂ ਮੈਂ ਰਾਤ ਦੀ ਸੁੰਨਸਾਨ ਚਾਹੁੰਦਾ ਸਾਂ,
ਤਾਂ ਕਿ ਮਿੱਟੀ 'ਚ ਮਿੱਟੀ ਹੋਣ ਵਾਲੇ
ਅੱਖ ਲਾ ਲੈਣ।1
ਸੜਕਾਂ ਤੇ ਧੁੱਦਲ ਵਿਚ ਕੰਮੀਂ ਲੱਗੀਆਂ,
ਪਸੀਨੇ ਦੀ ਖੁਸ਼ਬੂ ਨਾਲ ਗੜੁੱਚ ਸੁਆਣੀਆਂ,
ਪਰੀਆਂ ਦੇ ਸੁਪਨੇ ਲੈ ਸਕਣ।
ਹਨੇਰੇ ਵਿਚ ਪਸਰੀ ਘਣੀ ਚੁੱਪ,
ਨੂੰ ਕੋਈ ਪਰਿੰਦਾ ਚੀਰ ਨਾ ਸਕੇ,
ਦੁਧਾਰੂ ਪਸ਼ੂਆਂ ਦੀ,
ਕਿਤੇ ਨੀਂਦ ਨਾ ਤਿੜਕ ਜਾਵੇ।
ਚਾਂਦਨੀ ਦੀ ਮਖਮਲੀ ਚੁੱਪ ਚਾਪ ਅੰਦਰ
ਕੋਈ ਚੌਂਕੀਦਾਰ 'ਜਾਗਦੇ ਰਹੋ' ਦਾ ਹੋਕਾ ਦੇਂਦਾ,
ਗਲੀਆਂ ਦੇ ਅਵਾਰਾ ਕੁੱਤਿਆਂ ਨੂੰ
ਭੌਂਕਣ ਨਾ ਲਾ ਦੇਵੇ।
ਪਰ ਹੁਣ .......
ਮੈਂ ਇਸ ਸ਼ਾਂਤੀ ਦਾ ਭੰਗ ਹੋਣਾ ਲੋਚਦਾ,
ਕਿਦਾਂ ਸ਼ਾਂਤ ਸਾਗਰਾਂ ਅੰਦਰ ਤੂਫਾਨ ਆਵੇ? ਸੋਚਦਾਂ!
ਇਕਲੱਵਿਆਂ ਦੀ ਤਰਕਸ਼ 'ਚੋਂ ਕੋਈ ਤੀਰ ਨਿਕਲੇ,
ਦੁਰਯੋਧਨਾਂ ਨੂੰ ਫੁੰਡੇ।
ਨੇਰ੍ਹੀ ਆਵੇ, ਬਿਜਲੀ ਕੜਕੇ,
ਮੂਸਲੇਧਾਰ ਵਰਖਾ,
ਧਰਤੀ ਦੀ ਸਾਰੇ ਗੰਦ ਨੂੰ ਹੂੰਝ ਸੁੱਟੇ।
ਮਿੱਲਾਂ, ਖੇਤਾਂ, ਝੌਂਪੜੀਆਂ ਤੇ ਅਸਮਾਨ ਹੇਠ ਸੁੱਤੇ
ਧਰਤ ਪੁੱਤਰਾਂ ਦੀ ਨੀਂਦ ਖੁੱਲ੍ਹੇ।
ਹੁੰਕਾਰ ਮੱਚੇ, ਯੁੱਧ ਛਿੜੇ
ਸਖੀਆਂ ਦੇ ਹੱਥਾਂ ਵਿਚ ਫੜੇ ਸੁਦਰਸ਼ਨ ਚੱਕਰਾਂ ਦੇ
ਕੌਤਕ ਦੇਖਣ ਦਾ ਸਮਾਂ ਆਵੇ
ਕਿੰਨਾ ਫ਼ਰਕ ਆ ਗਿਆ
ਸੋਚ ਅੰਦਰ!

Chirag Quarterly July-Sept. - 2009
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿੰਨਾਂ ਹਿੰਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

ਅਮਰ ਪ੍ਰੀਤ

ਅਤੇ

AMAR PREET

Growth is Life

ਸੰਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

ਡੀਲਰਸ਼ਿਪ ਲਈ ਸੰਪਰਕ ਕਰੋ-

ਪ੍ਰੀਤ ਫੀਡ ਸੇਲਜ਼ ਤਰਨ ਤਾਰਨ

ਫੋਨ :-

01852-222927 (M) 98760-72265

Fax:- 01852-225327